@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 14 July 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 14 ਜੁਲਾਈ 2024, 30 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 238, qpatrika@gmail.com ਫੋਨ : 9971359517 www.qaumipatrika.org

## ਜੰਮੂ ਕਸ਼ਮੀਰ 'ਤੇ ਕੇਂਦਰ ਦਾ ਵੱਡਾ ਕਦਮ, ਉੱਪ ਰਾਜਪਾਲ ਦੀਆਂ ਸ਼ਕਤੀਆਂ 'ਚ ਕੀਤਾ ਵਾਧਾ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 13 ਜੁਲਾਈ। ਕੇਂਦਰ ਸਰਕਾਰ ਨੇ ਸ਼ੁੱਕਰਵਾਰ ਨੂੰ ਜੰਮੂ ਕਸ਼ਮੀਰ ਦੇ ਉੱਪ ਰਾਜਪਾਲ (ਐੱਲ.ਜੀ.) ਦੀਆਂ ਪ੍ਰਸ਼ਾਸਨਿਕ ਸ਼ਕਤੀਆਂ ਵਧਾ ਦਿੱਤੀਆਂ। ਦਿੱਲੀ ਦੀ ਤਰ੍ਹਾਂ ਹੁਣ ਜੰਮੂ-ਕਸ਼ਮੀਰ 'ਚ ਰਾਜ ਸਰਕਾਰ ਉੱਪ ਰਾਜਪਾਲ ਦੀ ਮਨਜ਼ੂਰੀ ਦੇ ਬਿਨਾਂ ਅਫਸਰਾਂ ਦੀ ਟਰਾਂਸਫਰ-ਪੋਸਟਿੰਗ ਨਹੀਂ ਕਰ ਸਕੇਗੀ। ਜੰਮੂ ਕਸ਼ਮੀਰ 'ਚ ਇਸੇ ਸਾਲ ਸਤੰਬਰ ਤੱਕ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ। ਅਜਿਹੇ 'ਚ ਉੱਪ ਰਾਜਪਾਲ ਦੀਆਂ ਸ਼ਕਤੀਆਂ ਵਧਾਉਣ ਨੂੰ ਲੈ ਕੇ ਕੇਂਦਰ ਦਾ ਫੈਸਲਾ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਰਾਜ 'ਚ ਕਿਸੇ ਦੀ ਵੀ ਸਰਕਾਰ ਬਣੇ ਪਰ ਅਹਿਮ ਫੈਸਲੇ ਲੈਣ ਦੀਆਂ ਸ਼ਕਤੀਆਂ ਉੱਪ ਰਾਜਪਾਲ ਕੋਲ ਹੋਣਗੀਆਂ। ਗ੍ਰਹਿ ਮੰਤਰਾਲਾ ਨੇ ਜੰਮੂ ਕਸ਼ਮੀਰ ਪੁਨਰਗਠਨ ਐਕਟ, 2019 ਦੀ ਧਾਰਾ 55 ਦੇ ਅਧੀਨ ਸੋਧ ਨਿਯਮਾਂ ਨੂੰ ਨੋਟੀਫਾਈ ਕੀਤਾ ਹੈ, ਜਿਸ 'ਚ ਐੱਲ.ਜੀ. ਨੂੰ ਸ਼ਕਤੀ ਦੇਣ ਵਾਲੀਆਂ ਨਵੀਆਂ ਧਾਰਾਵਾਂ ਜੋੜੀਆਂ ਗਈਆਂ ਹਨ। ਇਸ ਸੋਧ ਤੋਂ ਬਾਅਦ ਉੱਪ ਰਾਜਪਾਲ ਨੂੰ ਹੁਣ ਪੁਲਸ, ਕਾਨੂੰਨ ਵਿਵਸਥਾ, ਆਲ ਇੰਡੀਆ ਸਰਵਿਸ (ਏ.ਆਈ.ਐੱਸ.) ਨਾਲ ਜੁੜੇ ਮਾਮਲਿਆਂ 'ਚ ਜ਼ਿਆਦਾ ਅਧਿਕਾਰ ਹੋਣਗੇ। 42ਏ : ਕੋਈ ਵੀ ਪ੍ਰਸਤਾਵ ਜਿਸ ਲਈ ਐਕਟ ਦੇ ਅਧੀਨ 'ਪੁਲਸ', 'ਜਨਤਕ ਵਿਵਸਥਾ', 'ਅਖਿਲ ਭਾਰਤੀ ਸੇਵਾ' ਅਤੇ 'ਭ੍ਰਿਸ਼ਟਾਚਾਰ ਵਿਰੋਧੀ ਬਿਊਰੋ' (ਏ.ਸੀ.ਬੀ.) ਦੇ ਸੰਬੰਧ 'ਚ ਵਿੱਤ ਵਿਭਾਗ ਦੀ ਪਹਿਲਾਂ ਸਹਿਮਤੀ ਜ਼ਰੂਰੀ ਹੈ, ਉਦੋਂ ਤੱਕ ਮਨਜ਼ੂਰ ਅਤੇ ਅਸਵੀਕਾਰ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕਿ ਇਸ ਨੂੰ ਮੁੱਖ ਸਕੱਤਰ ਦੇ ਮਾਧਿਅਮ ਨਾਲ ਉੱਪ ਰਾਜਪਾਲ ਦੇ ਸਾਹਮਣੇ ਨਹੀਂ ਰੱਖਿਆ ਜਾਂਦਾ ਹੈ। 42ਬੀ : ਮੁਕੱਦਮੇ ਦੀ ਮਨਜ਼ੂਰੀ ਦੇਣ ਜਾਂ ਰੱਦ ਕਰਨ ਜਾਂ ਅਪੀਲ ਦਾਇਰ ਕਰਨ ਦੇ ਸੰਬੰਧ 'ਚ ਕੋਈ ਵੀ ਪ੍ਰਸਤਾਵ ਕਾਨੂੰਨ ਵਿਭਾਗ ਵਲੋਂ ਮੁੱਖ ਸਕੱਤਰ ਦੇ ਮਾਧਿਅਮ ਨਾਲ ਉੱਪ ਰਾਜਪਾਲ ਸਾਹਮਣੇ ਰੱਖਿਆ ਜਾਵੇਗਾ। ਕੇਂਦਰ ਦੇ ਇਸ ਫੈਸਲੇ 'ਤੇ ਨੈਸ਼ਨਲ ਕਾਨਫਰੰਸ ਦੇ ਨੇਤਾ ਅਤੇ ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ,"ਇਕ ਹੋਰ ਸੰਕੇਤ ਹੈ ਕਿ ਜੰਮੂ ਕਸ਼ਮੀਰ 'ਚ ਚੋਣਾਂ ਨੇੜੇ ਹਨ। ਇਹੀ ਕਾਰਨ ਹੈ ਕਿ ਜੰਮੂ ਕਸ਼ਮੀਰ ਲਈ ਪੂਰਨ, ਅਣਵੰਡੇ ਰਾਜ ਦਾ ਦਰਜਾ ਬਹਾਲ ਕਰਨ ਲਈ ਸਮੇਂ-ਹੱਦ ਤੈਅ ਕਰਨ ਦੀ ਦ੍ਰਿੜ ਵਚਨਬੱਧਤਾ ਇਨ੍ਹਾਂ ਚੋਣਾਂ ਲਈ ਇਕ ਸ਼ਰਤ ਹੈ। ਜੰਮੂ ਕਸ਼ਮੀਰ ਦੇ ਲੋਕ ਸ਼ਕਤੀਹੀਣ, ਰਬੜ ਸਟੈਂਪ ਮੁੱਖ ਮੰਤਰੀ ਤੋਂ ਬਿਹਤਰ ਦੇ ਹੱਕਦਾਰ ਹਨ, ਜਿਨ੍ਹਾਂ ਨੂੰ ਆਪਣੀ ਚਪੜਾਸੀ ਦੀ ਨਿਯੁਕਤੀ ਲਈ ਐੱਲ.ਜੀ. ਤੋਂ ਭੀਖ ਮੰਗਣੀ ਪਵੇਗੀ।



## ਕੇਜਰੀਵਾਲ ਦੀ ਪਤਨੀ ਸੁਨੀਤਾ ਨੂੰ ਮਿਲੇ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ

ਨਵੀਂ ਦਿੱਲੀ 13 ਜੁਲਾਈ। ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੇ ਸਨੀਵਾਰ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨਾਲ ਉਨ੍ਹਾਂ ਦੀ ਰਿਹਾਇਸ 'ਤੇ ਮੁਲਾਕਾਤ ਕੀਤੀ। ਇਸ ਦੌਰਾਨ ਹੇਮੰਤ ਸੋਰੇਨ ਦੀ ਪਤਨੀ ਕਲਪਨਾ ਸੋਰੇਨ ਵੀ ਮੌਜੂਦ ਸੀ। ਇਸ ਦੌਰਾਨ 'ਆਪ' ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਵੀ ਮੌਜੂਦ ਰਹੇ। ਦੱਸਿਆ ਜਾ ਰਿਹਾ ਹੈ ਕਿ ਦੋਵਾਂ ਨੇਤਾਵਾਂ ਵਿਚਾਲੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਰਣਨੀਤੀ 'ਤੇ ਚਰਚਾ ਹੋਈ। ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੇ ਸਨੀਵਾਰ ਨੂੰ ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨਾਲ ਮੁਲਾਕਾਤ ਕੀਤੀ। ਸੋਰੇਨ ਦੀ ਸੋਨੀਆ ਗਾਂਧੀ ਜੀ ਨਾਲ ਇਕ ਸ਼ਿਸਟਾਚਾਰ ਮੁਲਾਕਾਤ ਸੀ ਅਤੇ ਮੁਲਾਕਾਤ ਦੌਰਾਨ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਬਾਰੇ ਕੋਈ ਚਰਚਾ ਨਹੀਂ ਹੋਈ। ਦੱਸ ਦੇਈਏ ਕਿ ਝਾਰਖੰਡ ਹਾਈ ਕੋਰਟ ਨੇ ਜਮੀਨ ਘੁਟਾਲੇ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿਚ 28 ਜੂਨ ਨੂੰ ਹੇਮੰਤ ਸੋਰੇਨ ਨੂੰ ਜਮਾਨਤ ਦਿੱਤੀ ਸੀ। ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਉਨ੍ਹਾਂ ਨੇ ਇਕ ਵਾਰ ਫਿਰ ਮੁੱਖ ਮੰਤਰੀ ਦਾ ਅਹੁਦਾ ਸੰਭਾਲ ਲਿਆ ਹੈ।



## ਭਾਰਤ 'ਚ ਤੇਲ, ਗੈਸ ਐਕਸਪਲੋਰੇਸ਼ਨ 'ਚ 100 ਅਰਬ ਡਾਲਰ ਦੇ ਨਿਵੇਸ਼ ਦੇ ਮੌਕੇ : ਹਰਦੀਪ ਸਿੰਘ ਪੁਰੀ

ਨਵੀਂ ਦਿੱਲੀ 13 ਜੁਲਾਈ। ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ ਨੇ ਦਰਾਮਦ 'ਤੇ ਭਾਰਤ ਦੀ ਨਿਰਭਰਤਾ ਘੱਟ ਕਰਨ ਅਤੇ ਕਿਫਾਇਤੀ ਅਤੇ ਟਿਕਾਊ ਤਰੀਕੇ ਨਾਲ ਈਂਧਨ ਉਪਲੱਬਧ ਕਰਵਾਉਣ ਲਈ ਤੇਲ ਅਤੇ ਗੈਸ ਦੀ ਖੋਜ ਤੇਜ ਕਰਨ ਦਾ ਸੱਦਾ ਦਿੱਤਾ। 'ਊਰਜਾ ਵਾਰਤਾ ਸੰਮੇਲਨ' 'ਚ ਉਨ੍ਹਾਂ ਕਿਹਾ ਕਿ ਖੋਜ (ਐਕਸਪਲੋਰੇਸ਼ਨ) ਅਤੇ ਉਤਪਾਦਨ (ਈ. ਐਂਡ ਪੀ.) ਖੇਤਰ ਊਰਜਾ ਆਤਮਨਿਰਭਰਤਾ ਦੀ ਦਿਸ਼ਾ 'ਚ ਇਕ ਅਨਿੱਖੜਵਾਂ ਅੰਗ ਹੈ, ਜੋ ਲਗਾਤਾਰ ਆਰਥਿਕ ਵਿਕਾਸ ਲਈ ਮਹੱਤਵਪੂਰਨ ਹੈ। ਉਨ੍ਹਾਂ ਕਿਹਾ,"ਈ. ਐਂਡ ਪੀ. 2030 ਤੱਕ 100 ਅਰਬ ਅਮਰੀਕੀ ਡਾਲਰ ਦੇ ਨਿਵੇਸ਼ ਦੇ ਮੌਕੇ ਪ੍ਰਦਾਨ ਕਰਦਾ ਹੈ। ਪੁਰੀ ਨੇ ਕਿਹਾ ਕਿ ਭਾਰਤ ਦੀ ਖੋਜ ਅਤੇ ਉਤਪਾਦਨ ਸਮਰੱਥਾ ਦੀ ਹੁਣ ਵੀ ਪੂਰੀ ਤਰ੍ਹਾਂ ਵਰਤੋਂ ਨਹੀਂ ਹੋਈ ਹੈ। ਉਨ੍ਹਾਂ ਕਿਹਾ,"ਮੈਨੂੰ ਇਹ ਅਜੀਬ ਲੱਗਦਾ ਹੈ ਕਿ ਭਾਰਤ ਭਰਪੂਰ ਭੂ-ਵਿਗਿਆਨਕ ਸਾਧਨਾਂ ਦੇ ਬਾਵਜੂਦ ਤੇਲ ਦਰਾਮਦ 'ਤੇ ਇੰਨਾ ਜ਼ਿਆਦਾ ਨਿਰਭਰ ਹੈ। ਉਨ੍ਹਾਂ ਕਿਹਾ ਕਿ ਭਾਰਤੀ ਕੋਲ ਲੱਗਭੱਗ 65.18 ਕਰੋੜ ਟਨ ਕੱਚਾ ਤੇਲ ਅਤੇ 1138.6 ਅਰਬ ਕਿਊਬਿਕ ਮੀਟਰ ਕੁਦਰਤੀ ਗੈਸ ਮੌਜੂਦ ਹੈ। ਪੁਰੀ ਨੇ ਕਿਹਾ,"ਸਾਡੇ ਸਿਰਫ 10 ਫੀਸਦੀ ਖੇਤਰ 'ਤੇ ਹੀ ਖੋਜ ਦਾ ਕੰਮ ਕੀਤਾ ਜਾ ਰਿਹਾ ਹੈ, ਜੋ ਮੌਜੂਦਾ ਬੋਲੀ ਖਤਮ ਹੋਣ ਤੋਂ ਬਾਅਦ 2024 ਦੇ ਆਖਿਰ ਤੱਕ ਵਧ ਕੇ 16 ਫੀਸਦੀ ਹੋ ਜਾਵੇਗਾ। ਉਨ੍ਹਾਂ ਕਿਹਾ,"ਸਾਡੀਆਂ ਖੋਜ ਕੋਸ਼ਿਸ਼ਾਂ ਦਾ ਧਿਆਨ ਹੁਣ ਤੱਕ ਨਾ ਖੋਜੇ ਗਏ ਸਾਧਨਾਂ ਦੀ ਖੋਜ 'ਤੇ ਕੇਂਦਰਿਤ ਹੋਣਾ ਚਾਹੀਦਾ ਹੈ। ਭਾਰਤ ਆਪਣੀਆਂ ਕੱਚੇ ਤੇਲ ਦੀਆਂ ਜਰੂਰਤਾਂ ਦਾ 85 ਫੀਸਦੀ ਤੋਂ ਜ਼ਿਆਦਾ ਦਰਾਮਦ ਤੋਂ ਪੂਰਾ ਕਰਦਾ ਹੈ। ਰਿਫਾਇਨਰੀਆਂ 'ਚ ਕੱਚੇ ਤੇਲ ਨੂੰ ਪੈਟਰੋਲ ਅਤੇ ਡੀਜਲ ਵਰਗੇ ਈਂਧਨ 'ਚ ਬਦਲਿਆ ਜਾਂਦਾ ਹੈ। ਉਨ੍ਹਾਂ ਕਿਹਾ,"ਸਰਕਾਰ ਈ. ਐਂਡ ਪੀ. 'ਚ ਨਿਵੇਸ਼ ਨੂੰ ਬੜ੍ਹਾਵਾ ਦੇਣ ਲਈ ਆਪਣੀ ਭੂਮਿਕਾ ਨਿਭਾਅ ਰਹੀ ਹੈ। ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲਾ (ਐੱਮ. ਓ. ਪੀ. ਐੱਨ. ਜੀ.) ਨੇ ਵਿਆਪਕ ਸੁਧਾਰ ਲਾਗੂ ਕੀਤੇ ਹਨ, ਜਿਸ ਦੇ ਨਾਲ ਹਿੱਤਧਾਰਕਾਂ ਨੂੰ ਸਾਡੇ ਦੇਸ਼ ਦੀ ਤਰੱਕੀ 'ਚ ਯੋਗਦਾਨ ਕਰਨ ਲਈ ਸਸ਼ਕਤ ਬਣਾਇਆ ਜਾ ਰਿਹਾ ਹੈ।



## ਸੰਵਿਧਾਨ ਦੀ ਆਤਮਾ 'ਤੇ ਵਾਰ ਕਰਨ ਵਾਲੇ ਮਨਾਉਣਗੇ 'ਸੰਵਿਧਾਨ ਹੱਤਿਆ ਦਿਵਸ' : ਪ੍ਰਿਯੰਕਾ ਗਾਂਧੀ

ਨਵੀਂ ਦਿੱਲੀ 13 ਜੁਲਾਈ। ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਕੇਂਦਰ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਸ਼ਨੀਵਾਰ ਨੂੰ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਇਸ 'ਚ ਹੈਰਾਨੀ ਵਾਲੀ ਕੀ ਗੱਲ ਹੈ ਕਿ ਸੰਵਿਧਾਨ ਅਤੇ ਲੋਕਤੰਤਰ ਦੀ ਆਤਮਾ 'ਤੇ ਵਾਰ ਕਰਨ ਵਾਲੇ ਲੋਕ 'ਸੰਵਿਧਾਨ ਹੱਤਿਆ ਦਿਵਸ' ਮਨਾਉਣਗੇ। ਕੇਂਦਰ ਨੇ 25 ਜੂਨ ਨੂੰ 'ਸੰਵਿਧਾਨ ਹੱਤਿਆ ਦਿਵਸ' ਵਜੋਂ ਮਨਾਉਣ ਦਾ ਫੈਸਲਾ ਲਿਆ ਹੈ। ਇਸੇ ਦਿਨ 1975 'ਚ ਐਮਰਜੈਂਸੀ ਦਾ ਐਲਾਨ ਕੀਤਾ ਗਿਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਸੰਵਿਧਾਨ ਹੱਤਿਆ ਦਿਵਸ 25 ਜੂਨ ਨੂੰ ਮਨਾਇਆ ਜਾਣਾ 'ਸਾਨੂੰ ਯਾਦ ਦਿਵਾਏਗਾ ਕਿ ਜਦੋਂ ਸੰਵਿਧਾਨ ਨੂੰ ਕੁਚਲਿਆ ਗਿਆ ਸੀ ਤਾਂ ਕੀ ਹੋਇਆ ਸੀ।" ਪ੍ਰਿਯੰਕਾ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ,"ਭਾਰਤ ਦੀ ਮਹਾਨ ਜਨਤਾ ਨੇ ਇਤਿਹਾਸਕ ਲੜਾਈ ਲੜ ਕੇ ਆਪਣੀ ਆਜਾਦੀ ਅਤੇ ਆਪਣਾ ਸੰਵਿਧਾਨ ਹਾਸਲ ਕੀਤਾ ਹੈ। ਜਿਨ੍ਹਾਂ ਨੇ ਸੰਵਿਧਾਨ ਨੂੰ ਬਣਾਇਆ, ਜਿਨ੍ਹਾਂ ਦੀ ਸੰਵਿਧਾਨ 'ਚ ਆਸਥਾ ਹੈ, ਉਹ ਹੀ ਸੰਵਿਧਾਨ ਦੀ ਰੱਖਿਆ ਕਰਨਗੇ।" ਉਨ੍ਹਾਂ ਨੇ ਭਾਜਪਾ 'ਤੇ ਨਿਸ਼ਾਨਾ ਵਿੰਨਦੇ ਹੋਏ ਕਿਹਾ,"ਸੰਵਿਧਾਨ ਲਾਗੂ ਹੋਣ ਦਾ ਵਿਰੋਧ ਕੀਤਾ, ਸੰਵਿਧਾਨ ਦੀ ਸਮੀਖਿਆ ਕਰਨ ਲਈ ਕਮਿਸ਼ਨ ਬਣਾਇਆ, ਸੰਵਿਧਾਨ ਖਤਮ ਕਰਨ ਦੀ ਅਪੀਲ ਕੀਤੀ, ਆਪਣੇ ਫੈਸਲਿਆਂ ਨਾਲ ਵਾਰ-ਵਾਰ ਸੰਵਿਧਾਨ ਅਤੇ ਲੋਕਤੰਤਰ ਦੀ ਆਤਮਾ 'ਤੇ ਵਾਰ ਕੀਤਾ, ਉਹ ਨਕਾਰਾਤਮਕ ਰਾਜਨੀਤੀ ਵਾਲਾ 'ਸੰਵਿਧਾਨ ਹੱਤਿਆ ਦਿਵਸ' ਮਨਾਉਣਗੇ ਹੀ, ਇਸ 'ਚ ਹੈਰਾਨੀ ਕਿਸ ਗੱਲ ਦੀ?"



## ਕਿਸਾਨਾਂ ਨੂੰ ਵੱਡਾ ਤੋਹਫਾ ਦੇਣ ਦੀ ਤਿਆਰੀ 'ਚ ਮੋਦੀ ਸਰਕਾਰ, ਜਲਦ ਹੋ ਸਕਦੈ ਇਹ ਐਲਾਨ

ਨਵੀਂ ਦਿੱਲੀ 13 ਜੁਲਾਈ। ਮੋਦੀ 3.0 ਕਾਰਜਕਾਲ ਦਾ ਪਹਿਲਾ ਬਜਟ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ 23 ਜੁਲਾਈ 2024 ਨੂੰ ਪੇਸ਼ ਕਰਨ ਵਾਲੀ ਹੈ। ਇਸ ਬਜਟ 'ਚ ਸਰਕਾਰ ਸਾਡੇ ਦੇਸ਼ ਦੇ ਕਿਸਾਨਾਂ ਨੂੰ ਇਕ ਵੱਡਾ ਤੋਹਫਾ ਦੇ ਸਕਦੀ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਕੇਂਦਰ ਸਰਕਾਰ ਪੀ.ਐੱਮ. ਕਿਸਾਨ ਸਨਮਾਨ ਨਿਧੀ ਲਈ ਬਜਟ ਨੂੰ 30 ਫੀਸਦੀ ਵਧਾ ਕੇ 80,000 ਕਰੋੜ ਰੁਪਏ ਕਰ ਸਕਦੀ ਹੈ। ਦੱਸ ਦੇਈਏ ਕਿ ਸਰਕਾਰ ਨੇ ਅੰਤਰਿਮ ਬਜਟ 'ਚ ਇਸ ਯੋਜਨਾ ਲਈ 60,000 ਕਰੋੜ ਰੁਪਏ ਤੈਅ ਕੀਤਾ ਸੀ। ਹੁਣ ਤਕ ਹਰ ਕਿਸਾਨ ਨੂੰ ਸਾਲਾਨਾ 6,000 ਰੁਪਏ ਦਾ ਭੱਤਾ ਸਰਕਾਰ ਵੱਲੋਂ ਦਿੱਤਾ ਜਾਂਦਾ ਹੈ। ਜੂਨ ਦੇ ਆਖਰੀ ਹਫਤੇ ਵਿੱਚ ਹੋਈ ਪ੍ਰੀ-ਬਜਟ ਸਲਾਹ-ਮਸਵਰੇ ਮੀਟਿੰਗਾਂ ਦੌਰਾਨ ਖੇਤੀਬਾੜੀ ਪ੍ਰਤੀਨਿਧੀਆਂ ਵੱਲੋਂ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਮੰਗ ਕਰਨ ਤੋਂ ਬਾਅਦ ਇਹ ਰਕਮ ਵਧ ਕੇ 8,000 ਰੁਪਏ ਪ੍ਰਤੀ ਕਿਸਾਨ ਹੋਣ ਦੀ ਸੰਭਾਵਨਾ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ, ਕਿਸਾਨ ਯੂਨੀਅਨ ਦੇ ਬਦਰੀ ਨਰਾਇਣ ਚੌਧਰੀ ਨੇ ਕਿਹਾ ਕਿ ਅਸੀਂ ਵਿੱਤੀ ਮੰਤਰੀ ਨਿਰਮਲਾ ਸੀਤਾਰਮਨ ਨੂੰ ਪੀ.ਐੱਮ. ਕਿਸਾਨ ਤਹਿਤ ਅਲਾਟਮੈਂਟ 6,000 ਰੁਪਏ ਤੋਂ ਵਧਾ ਕੇ 8,000 ਰੁਪਏ ਕਰਨ ਦੀ ਬੇਨਤੀ ਕੀਤੀ ਹੈ। ਮੌਜੂਦਾ ਸਮੇਂ 'ਚ ਦੇਸ਼ ਦੇ ਕਿਸਾਨਾਂ ਨੂੰ ਇਹ ਰਾਸ਼ੀ 3 ਕਿਸ਼ਤਾਂ 'ਚ ਜਾਰੀ ਕੀਤੀ ਜਾਂਦੀ ਹੈ।

## ਪਾਕਿਸਤਾਨ ਜਾਣ ਦੇ ਇਛੁੱਕ ਬਜ਼ੁਰਗ ਸਿੱਖ ਸ਼ਰਧਾਲੂਆਂ ਨੂੰ ਵੀਜਾ ਸ਼ਰਤਾਂ 'ਚ ਢਿੱਲ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 13 ਜੁਲਾਈ। ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਅਤੇ ਸ਼੍ਰੋਮਣੀ ਅਕਾਲੀ ਦਲ ਦੀ ਅਪੀਲ 'ਤੇ 65 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਸਿੱਖ ਤੀਰਥ ਯਾਤਰੀਆਂ ਲਈ ਵੀਜਾ ਜ਼ਰੂਰਤਾਂ 'ਚ ਢਿੱਲ ਦਿੱਤੀ ਗਈ ਹੈ। ਜਿਸ ਦਾ ਐਲਾਨ ਦਿੱਲੀ ਅਕਾਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕੀਤਾ ਹੈ। ਇਹ ਐਲਾਨ ਨਵੀਂ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ 'ਚ ਸੀਨੀਅਰ ਡਿਪਲੋਮੈਟਾਂ ਨਾਲ ਉਨ੍ਹਾਂ ਦੀ ਬੈਠਕ ਤੋਂ ਬਾਅਦ ਕੀਤਾ ਗਿਆ। ਸਰਨਾ ਨੇ ਭਾਰਤ ਤੋਂ ਸ੍ਰੀ ਨਨਕਾਣਾ ਸਾਹਿਬ ਦੀ ਯਾਤਰਾ ਕਰਨ ਵਾਲੇ ਸਿੱਖ ਸ਼ਰਧਾਲੂਆਂ ਲਈ ਆਗਮਨ 'ਤੇ ਵੀਜਾ (ਵੀਜਾ-ਆਨ-ਅਰਾਈਵਲ) ਸਹੂਲਤ 'ਤੇ ਵੀ ਚਰਚਾ ਕੀਤੀ। ਸਰਨਾ ਨੇ ਕਿਹਾ,"ਆਗਮਨ 'ਤੇ ਵੀਜੇ (ਵੀਜਾ-ਆਨ-ਅਰਾਈਵਲ) ਦੀ ਸਾਡੀ ਅਪੀਲ ਤੋਂ ਬਾਅਦ ਪਾਕਿਸਤਾਨ ਸਰਕਾਰ ਨੇ ਸੀਨੀਅਰ ਨਾਗਰਿਕਾਂ ਦੀ ਅਗਵਾਈ ਵਾਲੇ ਤੀਰਥ ਯਾਤਰੀ ਪਰਿਵਾਰਾਂ ਲਈ ਵੀਜਾ ਪਾਬੰਦੀਆਂ 'ਚ ਢਿੱਲ ਦਿੱਤੀ ਹੈ।" ਸਰਨਾ ਨੇ ਕਿਹਾ,"ਇਹ ਸਾਡੇ ਭਾਈਚਾਰੇ ਲਈ ਖੁਸ਼ੀ ਦੀ ਖਬਰ ਹੈ। 65 ਸਾਲ ਤੋਂ ਵੱਧ ਉਮਰ ਦੇ ਬਜ਼ੁਰਗ ਵਿਅਕਤੀ ਹੁਣ ਕਿਸੇ ਵੀ ਸਮੇਂ ਪਾਕਿਸਤਾਨ ਹਾਈ ਕਮਿਸ਼ਨ 'ਚ ਆਪਣੇ ਦਸਤਾਵੇਜ ਜਮ੍ਹਾ ਕਰ ਸਕਦੇ ਹਨ ਅਤੇ ਆਪਣੇ ਪਰਿਵਾਰਾਂ ਨਾਲ ਸਿੱਖ ਪਵਿੱਤਰ ਸਥਾਨਾਂ ਦੀ ਯਾਤਰਾ ਕਰ ਸਕਦੇ ਹਨ। ਪਹਿਲੇ ਇਸ ਤਰ੍ਹਾਂ ਦੀਆਂ ਯਾਤਰਾਵਾਂ ਸੰਗਠਿਤ ਸਮੂਹਾਂ ਨਾਲ ਸਾਲ 'ਚ ਚਾਰ ਵਾਰ ਤੱਕ ਸੀਮਿਤ ਸਨ। ਇਸ ਤਬਦੀਲੀ ਨਾਲ ਸਾਡੇ ਬਜ਼ੁਰਗ ਸਿੱਖਾਂ ਨੂੰ ਬਹੁਤ ਲਾਭ ਹੋਵੇਗਾ।" ਉਨ੍ਹਾਂ ਨੇ ਯੋਗ ਲੋਕਾਂ ਨੂੰ ਆਪਣੇ ਪਾਸਪੋਰਟ ਗੁਰਦੁਆਰਾ ਰਕਾਬ ਗੰਜ ਸਾਹਿਬ 'ਚ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਦਫਤਰ 'ਚ ਜਮ੍ਹਾਂ ਕਰਨ ਲਈ ਉਤਸ਼ਾਹਤ ਕੀਤਾ ਤਾਂ ਕਿ ਉਨ੍ਹਾਂ ਦੀਆਂ ਯਾਤਰਾ ਯੋਜਨਾਵਾਂ 'ਚ ਪੂਰੀ ਮਦਦ ਮਿਲ ਸਕੇ। ਐੱਸ.ਜੀ.ਪੀ.ਸੀ. ਅਤੇ ਸ਼੍ਰੋਮਣੀ ਅਕਾਲੀ ਦਲ ਦਾ ਦਿੱਲੀ ਦਫਤਰ ਪਾਕਿਸਤਾਨ ਹਾਈ ਕਮਿਸ਼ਨ ਤੋਂ ਪਰਿਵਾਰਕ ਵੀਜਾ ਸਹੂਲਤ ਪ੍ਰਾਪਤ ਕਰਨ ਲਈ ਮੰਚ ਵਜੋਂ ਕੰਮ ਕਰੇਗਾ। ਸਰਨਾ ਨੇ ਕਿਹਾ,"ਸਾਡੀਆਂ ਜੜ੍ਹਾਂ ਪੱਛਮੀ ਪੰਜਾਬ ਨਾਲ



## ਹਾਥਰਸ ਭਾਜੜ : ਸੁਪਰੀਮ ਕੋਰਟ ਦਾ ਜਾਂਚ ਸੰਬੰਧੀ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 13 ਜੁਲਾਈ। ਸੁਪਰੀਮ ਕੋਰਟ ਨੇ ਹਾਥਰਸ ਭਾਜੜ ਮਾਮਲੇ ਦੀ ਜਾਂਚ ਕਰਵਾਉਣ ਸੰਬੰਧੀ ਪਟੀਸ਼ਨ 'ਤੇ ਸ਼ੁੱਕਰਵਾਰ ਨੂੰ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਪਟੀਸ਼ਨਕਰਤਾ ਨੂੰ ਇਲਾਹਾਬਾਦ ਹਾਈ ਕੋਰਟ ਦਾ ਰੁਖ ਕਰਨ ਲਈ ਕਿਹਾ। 2 ਜੁਲਾਈ ਨੂੰ ਹੋਈ ਇਸ ਭਾਜੜ 'ਚ 121 ਲੋਕਾਂ ਦੀ ਮੌਤ ਹੋ ਗਈ ਸੀ। ਚੀਫ ਜਸਟਿਸ ਡੀ.ਵਾਈ. ਚੰਦਰਚੂੜ, ਜੱਜ ਜੇ.ਬੀ. ਪਾਰਦੀਵਾਲਾ ਅਤੇ ਜੱਜ ਮਨੋਜ ਮਿਸ਼ਰਾ ਦੀ ਬੈਂਚ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਪਰੇਸ਼ਾਨ ਕਰਨ ਵਾਲੀਆਂ ਹਨ ਪਰ ਹਾਈ ਕੋਰਟ ਅਜਿਹੇ ਮਾਮਲਿਆਂ ਦਾ ਨਿਪਟਾਰਾ ਕਰਨ 'ਚ ਸਮਰੱਥ ਹੈ। ਬੈਂਚ ਨੇ ਕਿਹਾ,"ਬੇਸ਼ੱਕ, ਇਹ ਪਰੇਸ਼ਾਨ ਕਰਨ ਵਾਲੀਆਂ ਘਟਨਾਵਾਂ ਹਨ। ਆਮ ਤੌਰ 'ਤੇ ਅਜਿਹੀਆਂ ਘਟਨਾਵਾਂ ਨੂੰ ਵੱਡਾ ਮੁੱਦਾ ਬਣਾਉਣ ਲਈ ਪਟੀਸ਼ਨਾਂ ਦਾਇਰ ਕੀਤੀਆਂ ਜਾਂਦੀਆਂ ਹਨ। ਹਾਈ ਕੋਰਟ ਅਜਿਹੇ ਮਾਮਲਿਆਂ ਦਾ ਨਿਪਟਾਰਾ ਕਰ ਸਕਦਾ ਹੈ. ਪਟੀਸ਼ਨ ਖਾਰਜ ਕੀਤੀ ਜਾਂਦੀ ਹੈ।" ਅਦਾਲਤ ਨੇ ਵਕੀਲ ਅਤੇ ਪਟੀਸ਼ਨਕਰਤਾ ਵਿਸ਼ਾਲ ਤਿਵਾੜੀ ਨੂੰ ਹਾਥਰਸ ਭਾਜੜ ਦੀ ਜਾਂਚ ਦੀ ਮੰਗ ਵਾਲੀ ਪਟੀਸ਼ਨ 'ਤੇ ਸੁਣਵਾਈ ਲਈ ਇਲਾਹਾਬਾਦ ਹਾਈ ਕੋਰਟ ਦਾ ਦਰਵਾਜਾ ਖੜਕਾਉਣ ਲਈ ਕਿਹਾ। ਤਿਵਾੜੀ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਨਾਲ ਨਜਿੱਠਣ ਲਈ ਉੱਚਿਤ ਮੈਡੀਕਲ ਸਹੂਲਤਾਂ ਦੀ ਅਣਉਪਲੱਬਧਤਾ ਦਾ ਮੁੱਦਾ ਪੂਰੇ ਭਾਰਤ 'ਚ ਚਿੰਤਾ ਦਾ ਵਿਸ਼ਾ ਹੈ। ਅਜਿਹੇ 'ਚ ਸੁਪਰੀਮ ਕੋਰਟ ਵੀ ਇਸ ਮਾਮਲੇ ਦੀ ਸੁਣਵਾਈ ਕਰ ਸਕਦਾ ਹੈ। ਚੀਫ ਜਸਟਿਸ ਨੇ ਪਟੀਸ਼ਨਕਰਤਾ ਦੀ ਇਸ ਦਲੀਲ ਨੂੰ ਖਾਰਜ ਕਰ ਦਿੱਤਾ। ਪਟੀਸ਼ਨਕਰਤਾ ਨੇ ਹਾਥਰਸ ਜ਼ਿਲ੍ਹੇ ਦੇ ਫੁਲਰਈ ਪਿੰਡ 'ਚ 2 ਜੁਲਾਈ ਨੂੰ ਆਯੋਜਿਤ ਸਤਿਸੰਗ 'ਚ ਹੋਈ ਭਾਜੜ ਦੀ ਘਟਨਾ ਦੀ ਜਾਂਚ ਲਈ ਸਰਵਉੱਚ ਅਦਾਲਤ ਦੇ ਸੇਵਾਮੁਕਤ ਜੱਜ ਦੀ ਨਿਗਰਾਨੀ 'ਚ 5 ਮੈਂਬਰੀ ਮਾਹਿਰ ਕਮੇਟੀ ਨਿਯੁਕਤ ਕੀਤੇ ਜਾਣ ਦੀ ਅਪੀਲ ਕੀਤੀ ਸੀ। ਉੱਤਰ ਪ੍ਰਦੇਸ਼ ਦੇ ਹਾਥਰਸ ਜ਼ਿਲ੍ਹੇ 'ਚ 2 ਜੁਲਾਈ ਨੂੰ ਇਕ ਧਾਰਮਿਕ ਸਮਾਗਮ 'ਚ ਭਾਜੜ ਪੈ ਗਈ ਸੀ, ਜਿਸ 'ਚ 121 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਜਖਮੀ ਹੋਏ ਸਨ। ਹਾਥਰਸ ਜ਼ਿਲ੍ਹੇ ਦੇ ਫੁਲਰਈ ਪਿੰਡ 'ਚ ਬਾਬਾ ਨਾਰਾਇਣ ਹਰਿ, ਜਿਨ੍ਹਾਂ ਨੂੰ ਸਾਕਾਰ ਵਿਸ਼ਵਹਰਿ ਅਤੇ ਭੋਲੇ ਬਾਬਾ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਵਲੋਂ ਆਯੋਜਿਤ 'ਸਤਿਸੰਗ' ਲਈ 2.5 ਲੱਖ ਤੋਂ ਵੱਧ ਭਗਤ ਇਕੱਠੇ ਹੋਏ ਸਨ। ਉੱਤਰ ਪ੍ਰਦੇਸ਼ ਪੁਲਸ ਨੇ ਆਯੋਜਕਾਂ ਖ਼ਿਲਾਫ ਐੱਫ.ਆਈ.ਆਰ. ਦਰਜ ਕੀਤੀ ਹੈ, ਜਿਸ 'ਚ ਉਨ੍ਹਾਂ 'ਤੇ ਸਬੂਤ ਲੁਕਾਉਣ ਅਤੇ ਸ਼ਰਤਾਂ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਇਸ ਪ੍ਰੋਗਰਾਮ 'ਚ 2.5 ਲੱਖ ਲੋਕ ਇਕੱਠੇ ਹੋਏ ਸਨ, ਜਦੋਂ ਕਿ ਸਿਰਫ 80 ਹਜਾਰ ਲੋਕਾਂ ਲਈ ਹੀ ਮਨਜ਼ੂਰੀ ਦਿੱਤੀ ਗਈ ਸੀ।





## ਬਟਾਲਾ 'ਚ ਵਾਪਰਿਆ ਭਿਆਨਕ ਹਾਦਸਾ, ਮੋਟਰਸਾਈਕਲਾਂ ਦੀ ਟੱਕਰ 'ਚ ਇਕ ਦੀ ਮੌਤ

ਬਟਾਲਾ 13 ਜੁਲਾਈ। ਦੋ ਮੋਟਰਸਾਈਕਲਾਂ ਦੀ ਹੋਈ ਟੱਕਰ ਵਿਚ ਇਕ ਦੀ ਮੌਤ ਅਤੇ ਦੂਜੇ ਦੇ ਜ਼ਖਮੀ ਹੋਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਸਿਵਲ ਲਾਈਨ ਦੇ ਏ. ਐੱਸ. ਆਈ. ਹਰਪਾਲ ਸਿੰਘ ਨੇ ਦੱਸਿਆ ਕਿ ਗੁਰਨਾਮ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਨੌਸ਼ਹਿਰਾ ਖੁਰਦ ਮਜੀਠਾ ਰੋਡ ਅੰਮ੍ਰਿਤਸਰ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਆ ਰਿਹਾ ਸੀ। ਜਦੋਂ ਉਹ ਨੈਸ਼ਨਲ ਹਾਈਵੇ 'ਤੇ ਸਥਿਤ ਅੱਡਾ ਸ਼ੂਗਰ ਮਿੱਲ ਨੇੜੇ ਪਹੁੰਚਿਆ ਤਾਂ ਇਸ ਦੌਰਾਨ ਦੂਜੀ ਸਾਈਡ ਵੱਲੋਂ ਆ ਰਹੇ ਮੋਟਰਸਾਈਕਲ ਜਿਸ ਨੂੰ ਰਾਮਪਾਲ ਸਿੰਘ ਵਾਸੀ ਪਿੰਡ ਕੋਟਲਾ ਸ਼ਾਹੀਆ ਚਲਾ ਰਿਹਾ ਸੀ, ਨੇ ਗਲਤ ਸਾਈਡ ਤੋਂ ਕਰਾਸ ਸਮੇਂ ਉਕਤ ਮੋਟਰਸਾਈਕਲ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਕਤ ਮੋਟਰਸਾਈਕਲ ਚਾਲਕ ਗੁਰਨਾਮ ਸਿੰਘ ਗੰਭੀਰ ਜ਼ਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਲਿਜਾਇਆ ਜਾ ਰਿਹਾ ਸੀ ਕਿ ਰਸਤੇ ਵਿਚ ਉਸ ਦੀ ਮੌਤ ਹੋ ਗਈ। ਏ. ਐੱਸ. ਆਈ. ਹਰਪਾਲ ਸਿੰਘ ਨੇ ਦੱਸਿਆ ਕਿ ਲਾਸ਼ ਨੂੰ ਕਬਜ਼ੇ ਵਿਚ ਲੈਣ ਉਪਰੰਤ ਪੋਸਟਮਾਰਟਮ ਲਈ ਸਿਵਲ ਹਸਪਤਾਲ ਬਟਾਲਾ ਵਿਖੇ ਭੇਜ ਦਿੱਤਾ ਹੈ ਅਤੇ ਮ੍ਰਿਤਕ ਦੇ ਭਰਾ ਕੰਵਲਜੀਤ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਰਾਮਪਾਲ ਸਿੰਘ ਵਿਰੁੱਧ ਕੇਸ ਦਰਜ ਕਰ ਦਿੱਤਾ ਹੈ।

## ਸੜਕ ਹਾਦਸੇ 'ਚ ਜਖਮੀ ਹੋਏ ਨੌਜਵਾਨ, ਨਾਂਹ-ਨੁੱਕਰ ਕਰਦਿਆਂ ਦੀ ਜਦੋਂ ਲੋਕਾਂ ਨੇ ਤਲਾਸ਼ੀ ਲਈ ਤਾਂ ਉੱਡੇ ਹੋਸ਼

ਮੋਗਾ 13 ਜੁਲਾਈ। ਮੋਗਾ ਵਿਚ ਕਿਸੇ ਵਾਰਦਾਤ ਨੂੰ ਅੰਜਾਮ ਦੇ ਕੇ ਭੱਜ ਰਹੇ ਬਦਮਾਸ਼ਾਂ ਦਾ ਮੋਟਰਸਾਈਕਲ ਲੋਹਾਰਾ ਚੌਂਕ ਕਿਸੇ ਵਾਹਨ ਨਾਲ ਟਕਰਾ ਕੇ ਹਾਦਸੇ ਦਾ ਸ਼ਿਕਾਰ ਹੋ ਗਿ। ਇਸ ਦੌਰਾਨ ਜਦੋਂ ਜਖਮੀ ਹਾਲਤ ਵਿਚ ਉਕਤ ਨੌਜਵਾਨਾਂ ਨੂੰ ਇਲਾਜ ਲਈ ਲੈ ਕੇ ਜਾਣ ਦੀ ਕੋਸ?ਿਸ ਕੀਤੀ ਤਾਂ ਉਕਤ ਨੌਜਵਾਨ ਲੋਕਾਂ ਕੋਲੋਂ ਛੁੱਟ ਕੇ ਭੱਜਣ ਲੱਗੇ ਤਾਂ ਇਕੱਤਰ ਲੋਕਾਂ ਨੇ ਸੱਕ ਦੇ ਆਧਾਰ 'ਤੇ ਜਦੋਂ ਇਨ੍ਹਾਂ ਦੀ ਤਲਾਸੀ ਲਈ ਤਾਂ ਉਨ੍ਹਾਂ ਪਾਸੋਂ ਦੋ ਰਿਵਾਲਵਰ ਬਰਾਮਦ ਹੋਏ।

# ਮੋਬਾਇਲ ਵਿੰਗ ਦੇ ਅਧਿਕਾਰੀ ਰਹੇ ਰਿਵਿਊ ਮੀਟਿੰਗ 'ਚ ਰੁੱਝੇ, ਪਾਸਰਾਂ ਨੇ ਰੇਲਵੇ ਸਟੇਸ਼ਨ ਤੋਂ ਕੱਢ ਲਏ ਸੈਂਕੜੇ ਨਗ

ਲੁਧਿਆਣਾ 13 ਜੁਲਾਈ। ਬੁੱਧਵਾਰ ਨੂੰ ਮੋਬਾਇਲ ਵਿੰਗ ਦੇ ਅਧਿਕਾਰੀ ਆਪਣੀ ਰਿਵਿਊ ਮੀਟਿੰਗ 'ਚ ਰੁੱਝੇ ਰਹੇ ਤੇ ਮੀਟਿੰਗ ਦੇ ਇਸ ਮੌਕੇ ਦਾ ਫਾਇਦਾ ਉਠਾਉਂਦਿਆਂ ਸ਼ਹਿਰ 'ਚ ਬਿਨਾਂ ਬਿੱਲ ਦੇ ਮਾਲ ਦੀਆਂ ਗੱਡੀਆਂ ਦੌੜਦੀਆਂ ਹੋਈਆਂ ਆਪਣੇ-ਆਪਣੇ ਟਿਕਾਣਿਆਂ 'ਤੇ ਪੁੱਜ ਗਈਆਂ। ਜਾਣਕਾਰੀ ਮੁਤਾਬਕ ਇਕੱਲੇ ਰੇਲਵੇ ਸਟੇਸ਼ਨ 'ਤੇ ਹੀ ਕੁਝ ਪਾਸਰਾਂ ਨੇ ਬਿਨਾਂ ਬਿੱਲ ਦੇ ਪੁੱਜੇ ਕਰੀਬ ਸੈਂਕੜੇ ਨਗ ਕੱਢ ਕੇ ਉਨ੍ਹਾਂ ਨੂੰ ਟਿਕਾਣਿਆਂ ਤੱਕ ਪਹੁੰਚਾ ਦਿੱਤਾ। ਬਾਅਦ ਦੁਪਹਿਰ ਮੀਟਿੰਗ ਖਤਮ ਹੋਣ ਤੱਕ ਇਹ ਲੋਕ ਆਪਣੇ ਕੰਮ 'ਚ ਜੁਟੇ ਰਹੇ ਅਤੇ ਜਿਉਂ ਹੀ ਮੀਟਿੰਗ ਖਤਮ ਹੋਣ ਦਾ ਪਤਾ ਲੱਗਾ ਤਾਂ ਤੁਰੰਤ ਚੌਕਸ ਹੁੰਦੇ ਹੋਏ ਕੰਮ ਬੰਦ ਕਰ ਦਿੱਤਾ ਅਤੇ ਅਧਿਕਾਰੀਆਂ ਦੀ ਲੋਕੇਸ਼ਨ ਲੈਣ ਵਾਲੇ ਕਰਿੰਦਿਆਂ ਨੇ ਆਪਣਾ ਰੁਖ ਦਫਤਰ ਅਤੇ ਹੋਰ ਥਾਵਾਂ ਵੱਲ ਕਰ ਲਿਆ। ਵਿਭਾਗ ਵੱਲੋਂ ਬੁੱਧਵਾਰ ਨੂੰ ਸਵੇਰੇ ਕਰੀਬ 10 ਵਜੇ ਮੀਟਿੰਗ ਰੱਖੀ ਗਈ ਸੀ, ਜੋ ਕਿ ਕਰੀਬ 3 ਵਜੇ ਤੱਕ ਚੱਲੀ। ਅਧਿਕਾਰੀਆਂ ਦੇ ਰੁਝੇਵੇਂ ਨੂੰ ਦੇਖਦਿਆਂ ਪਾਸਰਾਂ ਨੇ ਮੌਕੇ 'ਤੇ ਚੌਕਾ ਲਗਾਉਣ ਦੀ ਗੱਲ ਕੀਤੀ। ਮੋਬਾਇਲ ਵਿੰਗ ਦੇ ਡਾਇਰੈਕਟਰ ਇਨਵੈਸਟੀਗੇਸ਼ਨ ਤੇਜਵੀਰ ਸਿੰਘ ਸਿੱਧੂ ਦੀ ਅਗਵਾਈ 'ਚ ਸਥਾਨਕ ਮੋਬਾਇਲ ਵਿੰਗ 'ਚ ਰਿਵਿਊ ਮੀਟਿੰਗ ਰੱਖੀ ਗਈ ਸੀ, ਜਿਸ ਵਿੱਚ ਏ. ਈ. ਟੀ. ਸੀ. ਤੇ ਹੋਰ



ਅਧਿਕਾਰੀ ਮੌਜੂਦ ਰਹੇ। ਡਾਇਰੈਕਟਰ ਸਿੱਧੂ ਨੇ ਦੱਸਿਆ ਕਿ ਵਿਭਾਗ ਵੱਲੋਂ ਕਾਰਜ ਪ੍ਰਣਾਲੀ ਨੂੰ ਲੈ ਕੇ ਸਮੇਂ-ਸਮੇਂ 'ਤੇ ਰਿਵਿਊ ਮੀਟਿੰਗ ਰੱਖੀ ਜਾਂਦੀ ਹੈ ਅਤੇ ਟੈਕਸ ਚੋਰੀ ਰੋਕਣ ਲਈ ਕੋਈ ਨਾ ਕੋਈ ਨੀਤੀ ਬਣਾਈ ਜਾਂਦੀ ਹੈ। ਟੈਕਸ ਚੋਰੀ ਰੋਕਣ ਲਈ ਵਿਭਾਗ ਵੱਲੋਂ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਅਤੇ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਹਾਲ ਹੀ 'ਚ ਉਨ੍ਹਾਂ ਦੇ ਵਿਭਾਗ ਦੇ ਅਧਿਕਾਰੀਆਂ ਵੱਲੋਂ ਕਈ ਗੱਡੀਆਂ ਨੂੰ ਫੜ ਕੇ ਟੈਕਸ ਅਤੇ ਜੁਰਮਾਨਾ ਵਸੂਲਿਆ ਗਿਆ ਹੈ। ਸੂਤਰਾਂ ਮੁਤਾਬਕ ਇਸ ਮੀਟਿੰਗ ਦੌਰਾਨ ਅਧਿਕਾਰੀਆਂ ਨੇ ਟੈਕਸ ਚੋਰੀ ਰੋਕਣ ਸਬੰਧੀ ਹੋਰ ਵੀ ਸਖਤੀ ਕਰਨ ਲਈ ਨੀਤੀ ਬਣਾਉਣ 'ਤੇ ਵਿਚਾਰ ਕੀਤਾ ਤਾਂ ਕਿ ਟੈਕਸ ਚੋਰਾਂ 'ਤੇ ਸ਼ਿਕੰਜਾ ਕੱਸਿਆ ਜਾ ਸਕੇ। ਇਸ ਦੌਰਾਨ ਅਧਿਕਾਰੀਆਂ ਦੀ ਪਰਫਾਰਮੈਂਸ 'ਤੇ ਵੀ ਵਿਚਾਰ ਕੀਤਾ ਗਿਆ। ਮੀਟਿੰਗ ਦੌਰਾਨ ਫੜੀਆਂ ਗਈਆਂ ਮਾਲ ਦੀਆਂ ਗੱਡੀਆਂ ਅਤੇ ਉਨ੍ਹਾਂ ਤੋਂ ਮਿਲਣ ਵਾਲੇ ਰੈਵੇਨਿਊ ਨੂੰ ਲੈ ਕੇ ਚੈਕਿੰਗ ਕੀਤੀ ਗਈ ਕਿ ਪਿਛਲੇ ਸਾਲ ਤੋਂ ਕਿੰਨੇ ਫੀਸਦੀ ਜ਼ਿਆਦਾ ਰੈਵੇਨਿਊ ਇਕੱਠਾ ਕੀਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਮੀਟਿੰਗ 'ਚ ਸੜਕਾਂ ਅਤੇ ਰੇਲਵੇ ਸਟੇਸ਼ਨ 'ਤੇ ਚੈਕਿੰਗ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ। ਟੈਕਸ ਚੋਰੀ ਰੋਕਣ ਲਈ ਆਉਣ ਵਾਲੇ ਸਮੇਂ 'ਚ ਸਥਾਨਕ ਅਧਿਕਾਰੀਆਂ ਦੀਆਂ ਡਿਊਟੀਆਂ ਵੀ ਲਗਾਈਆਂ ਜਾ ਸਕਦੀਆਂ ਹਨ। ਮੋਬਾਇਲ ਵਿੰਗ ਵਿਭਾਗ ਦੀ ਸਖਤੀ ਨੂੰ ਦੇਖਦਿਆਂ ਬਿਨਾਂ ਬਿੱਲ ਦੇ ਮਾਲ ਮੰਗਵਾਉਣ ਵਾਲੇ ਲੋਕਾਂ ਵੱਲੋਂ ਹਰ ਵਾਰ ਨਵਾਂ ਪੈਂਤੜਾ ਬਦਲਿਆ ਜਾ ਰਿਹਾ ਹੈ। ਵਿਭਾਗ ਵੱਲੋਂ ਪਿਛਲੇ ਸਮੇਂ ਲਗਾਤਾਰ ਰੇਲਵੇ ਸਟੇਸ਼ਨ 'ਤੇ ਚੈਕਿੰਗ ਕੀਤੀ ਗਈ ਅਤੇ ਬਿਨਾਂ ਬਿੱਲ ਦੇ ਮਾਲ ਵੀ ਫੜਿਆ ਗਿਆ। ਵਿਭਾਗ ਦੀ ਸਖਤੀ ਨੂੰ ਦੇਖਦਿਆਂ ਕੁਝ ਪਾਸਰਾਂ ਨੇ ਆਪਣਾ ਪੈਂਤੜਾ ਹੀ ਬਦਲ ਲਿਆ, ਜਿਸ ਕਾਰਨ ਪਿਛਲੇ 11 ਦਿਨਾਂ ਤੋਂ ਵਿਭਾਗ ਦੇ ਅਧਿਕਾਰੀਆਂ ਨੇ ਰੇਲਵੇ ਸਟੇਸ਼ਨ ਵੱਲ ਰੁਖ ਨਹੀਂ ਕੀਤਾ। ਅਧਿਕਾਰਤ ਸੂਤਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸਖਤੀ ਨੂੰ ਦੇਖਦਿਆਂ ਪਾਸਰਾਂ ਨੇ ਰੇਲਵੇ ਸਟੇਸ਼ਨ 'ਤੇ ਕੰਮ ਬੰਦ ਕਰ ਦਿੱਤਾ ਸੀ। ਇਹ ਪਾਸਰ ਜਿਨ੍ਹਾਂ ਟ੍ਰੇਨਾਂ 'ਚ ਸਾਮਾਨ ਮੰਗਵਾਉਂਦੇ ਸਨ, ਉਨ੍ਹਾਂ ਦੀ ਜਗ੍ਹਾ ਦੂਜੀਆਂ ਟ੍ਰੇਨਾਂ ਤੋਂ ਸਾਮਾਨ ਮੰਗਵਾਉਣਾ ਸ਼ੁਰੂ ਕਰ ਦਿੱਤਾ ਹੈ। ਹੁਣ ਲੰਬੀ ਦੂਰੀ ਦੀਆਂ ਟ੍ਰੇਨਾਂ ਨੂੰ ਅੰਬਾਲਾ ਜਾਂ ਕਿਸੇ ਹੋਰ ਸਟੇਸ਼ਨ 'ਤੇ ਰੋਕ ਕੇ ਸਾਮਾਨ ਨੂੰ ਪੈਸੰਜਰ ਜਾਂ ਸੁਪਰ ਫਾਸਟ ਟ੍ਰੇਨਾਂ ਤੋਂ ਵੱਖ ਸਮੇਂ 'ਤੇ ਮੰਗਵਾ ਲਿਆ ਜਾਂਦਾ ਹੈ ਤਾਂ ਕਿ ਅਧਿਕਾਰੀਆਂ ਨੂੰ ਧੋਖਾ ਦਿੱਤਾ ਜਾ ਸਕੇ, ਜਿੱਥੇ ਕਿ ਵਿਭਾਗ ਦੇ ਮੁਖਬਰਾਂ ਨੂੰ ਵੀ ਕੰਨੋ-ਕੰਨ ਖਬਰ ਨਹੀਂ ਲੱਗਣ ਦਿੱਤੀ ਜਾ ਰਹੀ। ਅਜਿਹਾ ਵੀ ਮੰਨਿਆ ਜਾ ਰਿਹਾ ਹੈ ਕਿ ਇਹ ਲੋਕ ਛੋਟੇ ਸਟੇਸ਼ਨਾਂ 'ਤੇ ਮਾਲ ਉਤਰਵਾ ਕੇ ਬਾਜ਼ਾਰਾਂ 'ਚ ਸਪਲਾਈ ਕਰ ਦਿੰਦੇ ਹਨ। ਇਲੈਕਟ੍ਰਾਨਿਕ ਸਾਮਾਨ ਦੇ ਨਾਲ 18 ਫੀਸਦੀ ਜੀ. ਐੱਸ. ਟੀ. ਵਾਲੀਆਂ ਚੀਜ਼ਾਂ ਨੂੰ ਜ਼ਿਆਦਾ ਤੌਰ 'ਤੇ ਮਾਲ ਮੰਗਵਾਇਆ ਜਾ ਰਿਹਾ ਹੈ।

# ਵੱਡਾ ਕਦਮ ਚੁੱਕਣ ਦੀ ਤਿਆਰੀ 'ਚ ਟਰਾਂਸਪੋਰਟ ਵਿਭਾਗ

ਚੰਡੀਗੜ੍ਹ 13 ਜੁਲਾਈ। ਪੰਜਾਬ ਦੇ ਰਾਜਪਾਲ ਅਤੇ ਯੂ. ਟੀ. ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਨੇ ਆਖਰਕਾਰ ਪ੍ਰਸ਼ਾਸਨ ਦੇ ਟਰਾਂਸਪੋਰਟ ਵਿਭਾਗ ਨੂੰ 60 ਆਮ ਬੱਸਾਂ ਖਰੀਦਣ ਦੀ ਮਨਜ਼ੂਰੀ ਦੇ ਦਿੱਤੀ ਹੈ। ਇਹ ਸਾਰੀਆਂ ਬੱਸਾਂ ਲੰਬੇ ਰੂਟਾਂ 'ਤੇ ਚਲਾਈਆਂ ਜਾਣਗੀਆਂ, ਜਿਸ ਨਾਲ ਵਿਭਾਗ ਦਾ 238 ਬੱਸਾਂ ਦਾ ਫਲੀਟ ਪੂਰਾ ਹੋ ਜਾਵੇਗਾ। ਇਨ੍ਹਾਂ ਬੱਸਾਂ ਦੇ ਆਉਣ ਤੋਂ ਬਾਅਦ ਹੀ ਗੁਆਂਢੀ ਅਤੇ ਹੋਰ ਸੂਬਿਆਂ ਦੇ ਸ਼ਹਿਰਾਂ ਨੂੰ ਜਾਣ ਵਾਲੀਆਂ ਬੱਸਾਂ ਦੇ ਰੂਟ ਪਹਿਲਾਂ ਵਾਂਗ ਦੁੱਗਣੇ ਹੋ ਜਾਣਗੇ। ਇਸ ਨਾਲ ਲੋਕਾਂ ਨੂੰ ਬੱਸਾਂ ਦਾ ਇੰਤਜ਼ਾਰ ਨਹੀਂ ਕਰਨਾ ਪਵੇਗਾ। ਇਨ੍ਹਾਂ ਬੱਸਾਂ ਵਿਚ ਸਹੂਲਤਾਂ ਵੀ ਪੁਰਾਣੀਆਂ ਨਾਲੋਂ ਬਿਹਤਰ ਹੋਣਗੀਆਂ। ਵਿਭਾਗ ਨੇ ਲੋਕਾਂ ਨੂੰ ਵਾਜਬ ਕਿਰਾਏ 'ਤੇ ਬਿਹਤਰ ਬੱਸ ਸੇਵਾ ਮੁਹੱਈਆ ਕਰਨ ਲਈ ਨਵੀਆਂ ਬੱਸਾਂ ਖਰੀਦਣ ਦਾ ਫੈਸਲਾ ਕੀਤਾ ਸੀ। ਟਰਾਂਸਪੋਰਟ ਵਿਭਾਗ ਦੇ ਡਾਇਰੈਕਟਰ ਪ੍ਰਦੁਮਨ ਨੇ ਦੱਸਿਆ ਕਿ ਉਨ੍ਹਾਂ ਨੂੰ ਲੰਬੇ ਰੂਟਾਂ ਲਈ 60 ਆਮ ਬੱਸਾਂ ਖਰੀਦਣ ਦੀ ਮਨਜ਼ੂਰੀ ਮਿਲ ਗਈ ਹੈ। ਇਨ੍ਹਾਂ ਬੱਸਾਂ ਦੇ ਆਉਣ ਨਾਲ ਇਨ੍ਹਾਂ ਦੇ ਲੰਬੇ ਰੂਟਾਂ 'ਤੇ ਚੱਲਣ ਵਾਲੀਆਂ ਬੱਸਾਂ ਦਾ ਫਲੀਟ ਪੂਰਾ ਹੋ ਜਾਵੇਗਾ। ਪਿਛਲੇ ਮਹੀਨੇ ਵਿਭਾਗ ਨੇ 20 ਪੁਰਾਣੀਆਂ ਬੱਸਾਂ ਦੀ ਨਿਖੇਧੀ ਕੀਤੀ ਸੀ, ਜਦਕਿ ਇਸ ਤੋਂ ਪਹਿਲਾਂ ਵੀ 63 ਪੁਰਾਣੀਆਂ ਬੱਸਾਂ ਨੂੰ ਸੜਕ ਤੋਂ ਹਟਾ ਦਿੱਤਾ ਗਿਆ ਸੀ। ਇਨ੍ਹਾਂ ਬੱਸਾਂ ਦੀ ਘਾਟ ਨੂੰ ਪੂਰਾ ਕਰਨ ਲਈ ਹੀ ਇਹ ਨਵੀਆਂ ਬੱਸਾਂ ਖਰੀਦੀਆਂ ਜਾ ਰਹੀਆਂ ਹਨ। ਉਨ੍ਹਾਂ ਦੇ ਆਉਣ ਨਾਲ ਵਿਭਾਗ ਕੋਲ ਕੁੱਲ 119 ਏ. ਸੀ. ਅਤੇ 119 ਨਾਨ ਏ. ਸੀ. ਬੱਸਾਂ ਹੋਣਗੀਆਂ। ਇਸ 60 ਬੱਸਾਂ ਡਿਪੂ ਨੰਬਰ 1 ਤੋਂ ਚੱਲਣਗੀਆਂ ਅਤੇ ਇਹ ਇਸੀ ਵਿੱਤੀ ਵਰ੍ਹੇ ਵਿਚ



ਖਰੀਦੀਆਂ ਜਾਣਗੀਆਂ ਅਤੇ ਇਕ-ਦੋ ਦਿਨਾਂ ਵਿਚ ਇਸ ਸਬੰਧੀ ਟੈਂਡਰ ਜਾਰੀ ਕਰ ਦਿੱਤਾ ਜਾਵੇਗਾ। ਵਿਭਾਗ ਨੇ ਹਾਲ ਹੀ ਵਿਚ 20 ਹੋਰ ਐੱਚ. ਵੀ. ਏ. ਸੀ. ਬੱਸਾਂ ਵੀ ਖਰੀਦੀਆਂ ਸਨ ਅਤੇ ਸਾਰੀਆਂ ਬੱਸਾਂ ਖਾਟੂ ਸ਼ਿਆਮ ਜੀ, ਸਾਲਾਸਰ ਜੀ, ਹਲਦਵਾਨੀ, ਅੰਮ੍ਰਿਤਸਰ, ਸ਼ਿਮਲਾ, ਮਨਾਲੀ, ਦਿੱਲੀ, ਰੇਵਾੜੀ, ਨਾਰਨੌਲ, ਰੋਹਤਕ, ਹਿਸਾਰ, ਦੇਹਰਾਦੂਨ, ਮਾਨਸਾ, ਕਟੜਾ, ਆਗਰਾ, ਜੈਪੁਰ ਅਤੇ ਹੋਰ ਸ਼ਹਿਰਾਂ ਲਈ ਚਲਾਈਆਂ ਜਾ ਰਹੀਆਂ ਹਨ। ਸੀ. ਟੀ. ਯੂ. ਦੀਆਂ ਇਸ ਸਮੇਂ ਵੱਖ-ਵੱਖ ਡਿਪੂਆਂ ਤੋਂ 580 ਬੱਸਾਂ ਚੱਲ ਰਹੀਆਂ ਹਨ। ਇਨ੍ਹਾਂ ਵਿਚੋਂ ਡਿਪੂ ਨੰਬਰ 1 ਤੋਂ 178, ਡਿਪੂ 2 ਤੋਂ 170, ਡਿਪੂ 3 ਤੋਂ 138 ਅਤੇ ਡਿਪੂ ਨੰਬਰ 4 ਤੋਂ 100 ਬੱਸਾਂ ਚੱਲ ਰਹੀਆਂ ਹਨ। ਡਿਪੂ 3 ਤੋਂ ਸਾਰੀਆਂ 80 ਇਲੈਕਟ੍ਰਿਕ ਬੱਸਾਂ ਸਥਾਨਕ ਅਤੇ ਉਪ-ਸ਼ਹਿਰੀ ਰੂਟਾਂ 'ਤੇ ਚੱਲ ਰਹੀਆਂ ਹਨ। ਇਸੇ ਤਰ੍ਹਾਂ ਡਿਪੂ ਨੰਬਰ 1 ਤੋਂ ਲੰਬੇ ਰੂਟ ਦੀਆਂ ਬੱਸਾਂ ਚੱਲ ਰਹੀਆਂ ਹਨ। ਇਸ ਤੋਂ ਪਹਿਲਾਂ ਵਿਭਾਗ ਕੋਲ 119 ਐੱਚ. ਵੀ. ਏ. ਸੀ. ਬੱਸਾਂ ਹਨ ਤੇ ਉਨ੍ਹਾਂ ਵਿਚ ਕਈ ਤਰ੍ਹਾਂ ਦੀਆਂ ਸਹੂਲਤਾਂ ਹਨ। ਵਿਭਾਗ ਵਲੋਂ ਇਨ੍ਹਾਂ ਨਵੀਆਂ ਆਮ ਬੱਸਾਂ ਵਿਚ ਵੀ ਵੱਧ ਤੋਂ ਵੱਧ ਸਹੂਲਤਾਂ ਦੇਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਐੱਚ. ਵੀ. ਏ. ਸੀ. ਬੱਸਾਂ ਵਿਚ ਸਾਮਾਨ ਰੱਖਣ ਦੇ ਨਾਲ-ਨਾਲ ਏਅਰ ਕੰਡੀਸ਼ਨਿੰਗ ਅਤੇ ਹੀਟਿੰਗ ਦੀਆਂ ਸਹੂਲਤਾਂ ਵੀ ਹਨ। ਨਾਲ ਹੀ ਫਰੰਟ ਡੈਸਟੀਨੇਸ਼ਨ ਬੋਰਡ ਐੱਲ. ਈ. ਡੀ. ਆਧਾਰਿਤ ਹੈ। ਹਰ ਬੱਸ ਵਿਚ ਲਗਭਗ 52 ਸੀਟਾਂ ਹਨ। ਬੱਸਾਂ ਵਿਚ ਵੀ ਸੀ. ਸੀ. ਟੀ. ਵੀ. ਕੈਮਰੇ ਵੀ ਦਿੱਤੇ ਗਏ ਹਨ। ਇਸ ਤੋਂ ਪਹਿਲਾਂ ਵੀ ਵਿਭਾਗ ਨੇ ਆਪਣੀਆਂ ਲਗਭਗ ਬਹੁਤੀਆਂ ਬੱਸਾਂ ਵਿਚ ਸੀ. ਸੀ. ਟੀ. ਵੀ. ਕੈਮਰਿਆਂ ਦਾ ਪ੍ਰਬੰਧ ਕੀਤਾ ਹੈ। ਪ੍ਰਸ਼ਾਸਨ 100 ਇਲੈਕਟ੍ਰਿਕ ਬੱਸਾਂ ਕਿਰਾਏ 'ਤੇ ਲੈਣ ਦੀ ਵੀ ਤਿਆਰੀ ਕਰ ਰਿਹਾ ਹੈ। ਇਹ ਬੱਸਾਂ ਸ਼ਹਿਰ ਅਤੇ ਟ੍ਰਾਈਸਿਟੀ ਦੇ ਵੱਖ-ਵੱਖ ਰੂਟਾਂ 'ਤੇ ਚੱਲਣਗੀਆਂ। ਇਸ ਸਮੇਂ ਵਿਭਾਗ ਕੋਲ ਪਹਿਲਾਂ ਹੀ ਕੁੱਲ 80 ਇਲੈਕਟ੍ਰਿਕ ਬੱਸਾਂ ਹਨ, ਜਿਨ੍ਹਾਂ ਵਿਚੋਂ ਲਗਭਗ ਸਾਰੀਆਂ ਬੱਸਾਂ ਨੂੰ ਰੂਟ 'ਤੇ ਪਾ ਦਿੱਤਾ ਗਿਆ ਹੈ। ਇਹ ਬੱਸਾਂ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿਚ ਐਕਸਪ੍ਰੈੱਸ ਰੂਟਾਂ 'ਤੇ ਵੀ ਚਲਾਈਆਂ ਜਾ ਰਹੀਆਂ ਹਨ।

# ਪਤਨੀ ਨੇ ਨਸ਼ੇ 'ਤੇ ਲਾਇਆ ਪਤੀ, ਦੋਵੇਂ ਪੀ ਗਏ 1 ਕਰੋੜ ਦੀ ਹੈਰੋਇਨ, ਕੰਗਾਲ ਹੋਣ 'ਤੇ ਆਈ ਹੋਸ਼ ਤਾਂ...

ਗੁਰਦਾਸਪੁਰ 13 ਜੁਲਾਈ। ਇਕ ਪਿੰਡ 'ਚ ਰਹਿਣ ਵਾਲੇ ਜੋੜੇ ਨੇ ਪੰਜ ਸਾਲਾਂ 'ਚ ਹੈਰੋਇਨ ਦੇ ਨਸੇ 'ਚ ਕਰੀਬ ਇੱਕ ਕਰੋੜ ਰੁਪਏ ਖਰਚ ਕੀਤੇ। ਜਦੋਂ ਉਹ ਕੰਗਾਲੀ ਦੀ ਹਾਲਤ 'ਚ ਆਇਆ ਤਾਂ ਉਸਨੂੰ ਇਸ ਗੱਲ ਦਾ ਅਹਿਸਾਸ ਹੋਇਆ ਅਤੇ ਉਸਨੇ ਬੱਚਿਆਂ ਦੀ ਭਲਾਈ ਲਈ ਨਸਾ ਛੱਡਣ ਦਾ ਫੈਸਲਾ ਕੀਤਾ। ਪਹਿਲਾਂ ਪਤੀ ਨੇ ਰੈੱਡ ਕਰਾਸ ਨਸਾ ਛੁਡਾਊ ਕੇਂਦਰ ਪਹੁੰਚ ਕੇ ਇਲਾਜ ਕਰਵਾਇਆ। ਹੁਣ ਪਤਨੀ ਦਾ ਵੀ ਇਲਾਜ ਚੱਲ ਰਿਹਾ ਹੈ। ਔਰਤ ਦਾ ਕਹਿਣਾ ਹੈ ਕਿ ਜਦੋਂ ਉਹ ਅਣਵਿਆਹੀ ਸੀ ਤਾਂ ਉਸ ਦੀ ਸਹੇਲੀ ਨੇ ਉਸ ਨੂੰ ਨਸੇ ਦਾ ਆਦੀ ਬਣਾਇਆ ਅਤੇ ਵਿਆਹ ਤੋਂ ਬਾਅਦ ਉਸ ਨੇ ਆਪਣੇ ਪਤੀ ਨੂੰ ਨਸ਼ੇ ਦਾ ਆਦੀ ਬਣਾ ਦਿੱਤਾ। ਇਸ ਜੋੜੇ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪੰਜ ਸਾਲਾਂ 'ਚ ਨਸ?ਿਆਂ 'ਤੇ ਇਕ ਕਰੋੜ ਤੋਂ ਵੱਧ ਖਰਚ ਕੀਤੇ ਹਨ। ਹੁਣ ਉਹ ਨਸਾ ਛੱਡਣ ਤੋਂ ਬਾਅਦ ਲੋਕਾਂ ਨੂੰ ਇਸ ਨੂੰ ਛੱਡਣ ਲਈ ਜਾਗਰੂਕ ਕਰੇਗਾ। ਔਰਤ ਅਨੁਸਾਰ ਉਸ ਦੇ ਪਿਤਾ ਦੀ ਸਾਲ 2017 ਵਿਚ ਬੀਮਾਰੀ ਕਾਰਨ ਮੌਤ ਹੋ ਗਈ ਸੀ। ਉਸ ਨੇ ਦੱਸਿਆ ਕਿ ਜਦੋਂ ਮੇਰੇ ਪਿਤਾ ਜੀ ਬੀਮਾਰ ਸੀ ਤਾਂ ਉਦੋਂ ਉਹ ਅਣਵਿਆਹੀ ਸੀ। ਉਸ ਨੇ ਕਰੀਬ ਦੋ ਲੱਖ ਰੁਪਏ ਦਾ ਕਰਜਾ ਲੈਣ ਤੋਂ ਇਲਾਵਾ ਆਪਣੇ ਪਿਤਾ ਦੇ ਇਲਾਜ ਲਈ ਘਰ ਗਿਰਵੀ ਰੱਖ ਲਿਆ ਪਰ ਕਰਜੇ ਦਾ ਬੋਝ ਵਧਦਾ ਜਾ ਰਿਹਾ ਸੀ। ਇਸ ਕਾਰਨ ਉਹ ਪ੍ਰੇਸ਼ਾਨ ਰਹਿਣ ਲੱਗੀ। ਉਸਦੀ ਇਕ



ਸਹੇਲੀ ਹੈਰੋਇਨ ਦਾ ਨਸ਼ਾ ਕਰਦੀ ਸੀ, ਉਸਨੇ ਉਸਨੂੰ ਕਿਹਾ ਕਿ ਉਹ ਵੀ ਹੈਰੋਇਨ ਲੈ ਲਵੇ, ਸਾਰੀ ਟੈਂਸਨ ਦੂਰ ਹੋ ਜਾਵੇਗੀ। ਜਿਸ ਤੋਂ ਫਿਰ ਉਸ ਨੇ ਵੀ ਨਸਾ ਕਰਨਾ ਸੁਰੂ ਕਰ ਦਿੱਤਾ। 100 ਰੁਪਏ ਦੇ ਨਸੇ ਨਾਲ ਸੁਰੂ ਹੋਇਆ ਇਹ ਸਿਲਸਿਲਾ ਕਦੋਂ ਹਜਾਰਾਂ ਰੁਪਏ ਤੱਕ ਪਹੁੰਚ ਗਿਆ ਪਤਾ ਵੀ ਨਹੀਂ ਲੱਗਾ। ਔਰਤ ਦਾ ਵਿਆਹ ਸਾਲ 2018 'ਚ ਹੋਇਆ ਸੀ। ਉਸ ਦਾ ਪਤੀ ਸਿਵਲ ਇੰਜੀਨੀਅਰ ਸੀ ਪਰ ਵਿਆਹ ਤੋਂ ਬਾਅਦ ਵੀ ਉਸ ਨੇ ਨਸਾ ਕਰਨਾ ਨਹੀਂ ਛੱਡਿਆ ਸਗੋਂ ਉਸ ਦੇ ਪਤੀ ਨੂੰ ਵੀ ਨਸ਼ੇ ਦੀ ਲਤ ਲੱਗ ਗਈ। ਇਸ ਸਭ ਤੋਂ ਬਾਅਦ ਫਿਰ ਪਤੀ-ਪਤਨੀ ਇਕੱਠੇ ਨਸਾ ਕਰਨ ਲੱਗੇ। ਪਤੀ ਦੇ ਪਿਤਾ ਅਤੇ ਭੈਣ-ਭਰਾ ਵਿਦੇਸ ਰਹਿੰਦੇ ਹਨ, ਇਸ ਲਈ ਪੈਸੇ ਦੀ ਕੋਈ ਕਮੀ ਨਹੀਂ ਸੀ। ਦੋਵੇਂ ਰੋਜਾਨਾ ਕਰੀਬ ਅੱਠ ਹਜਾਰ ਰੁਪਏ ਨਸੇ 'ਤੇ ਖਰਚ ਕਰਦੇ ਸਨ। ਪਤੀ ਨੇ ਵੀ ਨੌਕਰੀ ਛੱਡ ਦਿੱਤੀ। ਜਦੋਂ ਪਰਿਵਾਰਕ ਮੈਂਬਰਾਂ ਨੂੰ ਪਤਾ ਲੱਗਾ ਕਿ ਦੋਵੇਂ ਨਸੇੜੀ ਹਨ ਤਾਂ ਉਨ੍ਹਾਂ ਨੇ ਮਦਦ ਕਰਨੀ ਬੰਦ ਕਰ ਦਿੱਤੀ। ਨਸੇ ਲਈ ਪੈਸਾ ਇਕੱਠਾ ਕਰਨ ਲਈ ਜੋੜੇ ਨੇ ਗਹਿਣੇ ਅਤੇ ਘਰ ਦਾ ਸਾਰਾ ਸਮਾਨ ਵੇਚ ਦਿੱਤਾ। ਔਰਤ ਨੇ ਦੱਸਿਆ ਕਿ ਉਸ ਦੀ ਤਿੰਨ ਸਾਲ ਦੀ ਧੀ ਅਤੇ ਡੇਢ ਸਾਲ ਦਾ ਪੁੱਤ ਹੈ। ਬੱਚਿਆਂ ਦੀ ਖਾਤਰ ਦੋਵਾਂ ਨੇ ਨਸਾ ਛੱਡਣ ਦਾ ਫੈਸਲਾ ਕੀਤਾ। ਪਤੀ ਨੇ ਪਹਿਲਾਂ ਖੁਦ ਕੇਂਦਰ 'ਚ ਇਲਾਜ ਲਈ ਦਾਖਲ ਹੋਇਆ ਤੇ ਪੂਰੀ ਤਰ੍ਹਾਂ ਠੀਕ ਹੋਣ ਤੋਂ ਬਾਅਦ ਹੁਣ ਉਸ ਨੇ ਪਤਨੀ ਨੂੰ ਨੂੰ ਇਲਾਜ ਲਈ ਦਾਖਲ ਕਰਵਾਇਆ। ਜੋੜੇ ਨੇ ਨੌਜਵਾਨਾਂ ਨੂੰ ਨਸ?ਿਆਂ ਦੀ ਦਲਦਲ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਹੈ।

# ਪਿਤਾ ਦੀ ਗ੍ਰਿਫਤਾਰੀ ਤੋਂ ਬਾਅਦ ਵਿਧਾਇਕ ਗੋਲਡੀ ਕੰਬੋਜ ਦਾ ਪਹਿਲਾ ਬਿਆਨ ਆਇਆ ਸਾਹਮਣੇ

ਫਾਜਿਲਕਾ/ਜਲਾਲਾਬਾਦ 13 ਜੁਲਾਈ। ਰਿਸ਼ਵਤ ਮੰਗਣ ਦੇ ਦੋਸ਼ਾਂ ਤਹਿਤ ਪਿਤਾ ਦੀ ਹੋਈ ਗ੍ਰਿਫਤਾਰੀ



ਤੋਂ ਬਾਅਦ 'ਆਪ' ਵਿਧਾਇਕ ਗੋਲਡੀ ਕੰਬੋਜ ਦਾ ਪਹਿਲਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਹੈ, ਜਿਸ ਵੱਲੋਂ ਭ੍ਰਿਸ਼ਟਾਚਾਰ ਖ?ਿਲਾਫ ਜੀਰੋ ਟਾਲਰੈਂਸ ਦੀ ਨੀਤੀ ਤਹਿਤ ਕੰਮ ਕੀਤਾ ਜਾ ਰਿਹਾ ਹੈ। ਗੋਲਡੀ ਨੇ ਕਿਹਾ ਕਿ ਕੱਲ੍ਹ ਸ਼ਾਮ ਨੂੰ ਉਨ੍ਹਾਂ ਨੂੰ ਇਕ ਫੋਨ ਕਾਲ ਆਈ ਸੀ ਤੇ ਮੈਂ ਸ਼ਿਕਾਇਤਕਰਤਾ ਨੂੰ ਕਿਹਾ ਕਿ ਤੁਸੀਂ ਆਪਣੀ ਸ਼ਿਕਾਇਤ ਦਰਜ ਕਰਵਾਓ ਤੇ ਸ਼ਿਕਾਇਤਕਰਤਾ ਨੇ ਉਨ੍ਹਾਂ ਦੇ ਪਿਤਾ ਸਮੇਤ 4 ਵਿਅਕਤੀਆਂ ਖ?ਿਲਾਫ ਸ਼ਿਕਾਇਤ ਦਰਜ ਕਰਵਾਈ ਸੀ। ਗੋਲਡੀ ਨੇ ਕਿਹਾ ਕਿ ਜੋ ਵੀ ਮੁਲਜਮ ਹੋਵੇਗਾ, ਚਾਹੇ ਉਹ ਆਮ ਆਦਮੀ ਪਾਰਟੀ ਦਾ ਹੋਵੇ ਜਾਂ ਕੋਈ ਹੋਰ, ਜੋ ਵੀ ਗਲਤ ਕੰਮ ਕਰੇਗਾ, ਉਹ ਬਖਸ਼ਿਆ ਨਹੀਂ ਜਾਵੇਗਾ। ਜ?ਿਕਰਯੋਗ ਹੈ ਕਿ ਜਲਾਲਾਬਾਦ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੋਲਡੀ ਕੰਬੋਜ ਦੇ ਪਿਤਾ ਸੁਰਿੰਦਰ ਕੰਬੋਜ ਨੂੰ ਰਿਸ਼ਵਤ ਮੰਗਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਜਲਾਲਾਬਾਦ ਦੇ ਕਿਸੇ ਵਿਅਕਤੀ ਵੱਲੋਂ ਉਨ੍ਹਾਂ ਖ?ਿਲਾਫ ਐੱਫ. ਆਈ. ਆਰ. ਦਰਜ ਕਰਵਾਈ ਗਈ ਸੀ। ਜਾਣਕਾਰੀ ਮੁਤਾਬਕ 'ਆਪ' ਵਿਧਾਇਕ ਦੇ ਪਿਤਾ ਸਮੇਤ 4 ਖ?ਿਲਾਫ ਆਈ. ਪੀ. ਸੀ. ਦੀ ਧਾਰਾ 384, 389 ਅਤੇ 34 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਵਿਧਾਇਕ ਦੇ ਪਿਤਾ ਖ?ਿਲਾਫ ਮਾਮਲਾ ਦਰਜ ਕਰਵਾਉਣ ਵਾਲੇ ਵਿਅਕਤੀ ਨੇ ਦੱਸਿਆ ਕਿ ਸੁਰਿੰਦਰ ਕੰਬੋਜ ਨੇ ਉਸ 'ਤੇ ਜਬਰ-ਜ?ਨਾਹ

## ਪੈਸਿਆਂ ਦੇ ਲੈਣ-ਦੇਣ ਤੋਂ ਪ੍ਰੇਸ਼ਾਨ ਨੌਜਵਾਨ ਨੇ ਫਾਹਾ ਲੈ ਕੀਤੀ ਖ਼ੁਦਕੁਸ਼ੀ

ਪਟਿਆਲਾ 13 ਜੁਲਾਈ। ਸ਼ਹਿਰ ਦੇ ਤ੍ਰਿਪੜੀ ਇਲਾਕੇ 'ਚ ਪੈਸਿਆਂ ਦੇ ਲੈਣ-ਦੇਣ ਤੋਂ ਪ੍ਰੇਸ਼ਾਨ ਕ੍ਰਿਸ਼ਨ ਸੇਤੀਆ ਨੇ ਫਾਹਾ ਲੈ ਕੇ ਆਤਮਹੱਤਿਆ ਕਰ ਲਈ। ਇਸ ਦੀ ਪੁਸ਼ਟੀ ਕਰਦਿਆਂ ਥਾਣਾ ਤ੍ਰਿਪੜੀ ਦੇ ਐੱਸ. ਐੱਚ. ਓ. ਇੰਸ. ਪ੍ਰਦੀਪ ਸਿੰਘ ਬਾਜਵਾ ਨੇ ਦੱਸਿਆ ਕਿ ਕ੍ਰਿਸ਼ਨ ਸੇਤੀਆ ਦੀ ਮੋਬਾਇਲਾਂ ਦੀ ਦੁਕਾਨ ਸੀ। ਕੁਝ ਵਿਅਕਤੀਆਂ ਨਾਲ ਉਸ ਦਾ ਪੈਸਿਆਂ ਦਾ ਲੈਣ-ਦੇਣ ਸੀ, ਜੋ ਉਸ ਨੂੰ ਲਗਾਤਾਰ ਧਮਕੀਆਂ ਦੇ ਰਹੇ ਸਨ, ਜਿਸ ਕਾਰਨ ਉਹ ਲਗਾਤਾਰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ। ਬੀਤੇ ਕੱਲ ਵੀ ਤਿੰਨ ਵਿਅਕਤੀ ਉਸ ਦੀ ਦੁਕਾਨ 'ਤੇ ਜਾ ਕੇ ਆਏ ਸਨ ਅਤੇ ਉਸ ਤੋਂ ਬਾਅਦ ਉਸ ਨੇ ਫਾਹਾ ਲੈ ਕੇ ਆਤਮਹੱਤਿਆ ਕਰ ਲਈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ 'ਚ ਕ੍ਰਿਸ਼ਨ ਸੇਤੀਆ ਦੇ ਪਿਤਾ ਦੇ ਬਿਆਨਾਂ ਦੇ ਆਧਾਰ 'ਤੇ 3 ਵਿਅਕਤੀਆਂ ਜਤਿਨ, ਟੀਟਾ ਤੇ ਮੱਖੂ ਦੇ ਖ ਿ ? ਲ ਾ ਫ਼ ਆਤਮਹੱਤਿਆ ਲਈ ਮਜ਼ਬੂਰ ਧਮਕੀਆਂ ਦੇ ਰਹੇ ਸਨ, ਜਿਸ ਕਾਰਨ ਉਹ ਲਗਾਤਾਰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ। ਬੀਤੇ ਕੱਲ ਵੀ ਤਿੰਨ ਵਿਅਕਤੀ ਉਸ ਦੀ



ਦੁਕਾਨ 'ਤੇ ਜਾ ਕੇ ਆਏ ਸਨ ਅਤੇ ਉਸ ਤੋਂ ਬਾਅਦ ਉਸ ਨੇ ਫਾਹਾ ਲੈ ਕੇ ਆਤਮਹੱਤਿਆ ਕਰ ਲਈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ 'ਚ ਕ੍ਰਿਸ਼ਨ ਸੇਤੀਆ ਕਰਨ ਦੇ ਦੋਸ਼ 'ਚ 306 ਆਈ. ਪੀ. ਸੀ. ਤਹਿਤ ਕੇਸ ਦਰਜ ਕੀਤਾ ਹੈ। ਉਨ੍ਹਾਂ ਕਿਹਾ ਕਿ ਜਲਦ ਹੀ ਜਿਹੜੇ ਵਿਅਕਤੀਆਂ ਖਿਲਾਫ਼ ਕੇਸ ਦਰਜ ਕੀਤਾ ਗਿਆ ਹੈ, ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਇੰਸ. ਬਾਜਵਾ ਨੇ ਦੱਸਿਆ ਕਿ ਕ੍ਰਿਸ਼ਨ ਦੀ ਲਾਸ਼ ਦਾ ਪੋਸਟਮਾਰਟਮ ਕਰਨ ਤੋਂ ਬਾਅਦ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤਾ ਗਿਆ। ਦੂਜੇ ਪਾਸੇ ਪਰਿਵਾਰ ਵਾਲਿਆਂ ਨੇ ਮੰਗ ਕੀਤੀ ਕਿ ਆਤਮ-ਹੱਤਿਆ ਲਈ ਮਜ਼ਬੂਰ ਕਰਨ ਵਾਲੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਕੇ ਜਲਦੀ ਤੋਂ ਜਲਦੀ ਜੇਲ੍ਹ ਦੀਆਂ ਸਲਾਖਾਂ ਪਿੱਛੇ ਸੁੱਟਿਆ ਜਾਵੇ।

## ਤਿਉਹਾਰਾਂ ਦੌਰਾਨ ਪੰਜਾਬ ਵਿਚ ਸ਼ਰਾਬ ਦੀ ਸਮਗਲਿੰਗ 'ਚ ਹੋਇਆ ਵਾਧਾ

ਸਮਰਾਲਾ 13 ਜੁਲਾਈ। ਤਿਉਹਾਰਾਂ ਦੇ ਸੀਜ਼ਨ ਦੌਰਾਨ ਪੰਜਾਬ ਵਿਚ ਨਜਾਇਜ਼ ਸ਼ਰਾਬ ਦੀ ਤਸਕਰੀ ਵਿਚ ਅਚਾਨਕ ਵਾਧਾ ਹੋਇਆ ਹੈ। ਪੁਲਸ ਨੇ ਵੀ ਬਾਹਰਲੇ ਸੂਬਿਆਂ ਖਾਸਕਰ ਪੰਜਾਬ ਦੀ ਸਰਹੱਦ ਨਾਲ ਲੱਗਦੇ ਚੰਡੀਗੜ੍ਹ ਤੋਂ ਸਸਤੀ ਸ਼ਰਾਬ ਦੀ ਸੂਬੇ ਅੰਦਰ ਹੋ ਰਹੀ ਤਸਕਰੀ ਨੂੰ ਰੋਕਣ ਲਈ ਵੱਡੀ ਕਾਰਵਾਈ ਆਰੰਭ ਦਿੱਤੀ ਹੈ। ਪੁਲਸ ਨੇ ਇਕ ਦਿਨ ਵਿਚ ਹੀ ਸਮਰਾਲਾ ਦੇ ਰਸਤੇ ਤੋਂ ਪੰਜਾਬ ਦੇ ਵੱਖ-ਵੱਖ ਹਿੱਸਿਆਂ ਅੰਦਰ ਤਸਕਰਾਂ ਵੱਲੋਂ ਲਗਜ਼ਰੀ ਗੱਡੀਆਂ ਵਿਚ ਲੁਕੋ ਕੇ ਲਿਜਾਈਆਂ ਜਾ ਰਹੀਆਂ ਨਜਾਇਜ਼ ਸ਼ਰਾਬ ਦੀਆਂ 150 ਪੇਟੀਆਂ ਬਰਾਮਦ ਕਰਕੇ 4 ਸ਼ਰਾਬ ਸਮੱਗਲਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਸ਼ਰਾਬ ਤਸਕਰੀ ਲਈ ਵਰਤੀਆਂ ਗਈਆਂ ਕਈ ਗੱਡੀਆਂ ਜ਼ਿਨ੍ਹਾਂ ਵਿਚ ਸਕਾਰਪਿਓ ਅਤੇ ਹੋਡਾ ਸਿਟੀ ਵਰਗੀਆਂ ਮਹਿੰਗੀਆਂ ਗੱਡੀਆਂ ਨੂੰ ਵੀ ਕਬਜ਼ੇ ਵਿਚ ਲਿਆ ਹੈ। ਡੀ.ਐੱਸ.ਪੀ. ਸਮਰਾਲਾ ਜਸਪਿੰਦਰ ਸਿੰਘ ਅਤੇ ਐੱਸ.ਐੱਚ.ਓ. ਭਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਪਿੰਡ ਹੇਡੋਂ ਨੇੜੇ ਇਕ ਫੈਮਲੀ ਢਾਬੇ 'ਤੇ ਖੜ੍ਹੇ ਸ਼ਰਾਬ ਤਸਕਰਾਂ ਬਾਰੇ ਜਾਣਕਾਰੀ ਮਿਲਣ 'ਤੇ ਤੁਰੰਤ ਰੇਡ ਕਰਦੇ ਹੋਏ ਉੱਥੇ ਖੜੀ ਸਕਾਰਪਿਓ ਵਿਚੋਂ 45 ਪੇਟੀਆਂ ਅੰਗਰੇਜੀ ਸ਼ਰਾਬ ਦੀਆਂ ਬਰਾਮਦ ਕੀਤੀਆਂ ਹਨ। ਇਹ ਸ਼ਰਾਬ ਸਿਰਫ ਚਡੀਗੜ੍ਹ ਵਿਚ ਹੀ ਵਿਕਰੀ ਲਈ ਸੀ ਅਤੇ ਸਸਤੀ ਹੋਣ ਕਰਕੇ ਇਸ ਨੂੰ ਹਰਦੀਪ ਸਿੰਘ ਵਾਸੀ ਪਿੰਡ ਫਤਿਹਗੜ੍ਹ ਕੋਰੋਟਾਣਾ (ਮੋਗਾ) ਅਤੇ ਭਿੰਦਾ ਵਾਸੀ ਬਾਜਾਖਾਣਾ (ਫਰੀਦਕੋਟ) ਤਸਕਰੀ ਕਰਕੇ ਪੰਜਾਬ ਵਿਚ ਮਹਿੰਗੇ ਭਾਅ 'ਤੇ ਅੱਗੇ ਸਪਲਾਈ ਕਰਨ ਲਈ ਲਿਆਏ ਸਨ। ਪੁਲਸ ਨੇ ਹਰਦੀਪ ਸਿੰਘ ਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰ ਲਿਆ ਹੈ, ਜਦਕਿ ਭਿੰਦਾ ਵਾਸੀ ਬਾਜਾਖਾਣਾ ਦੀ ਗ੍ਰਿਫ਼ਤਾਰੀ ਹੋਣੀ ਬਾਕੀ ਹੈ। ਪੁਲਸ ਨੇ ਸ਼ਰਾਬ ਨਾਲ ਭਰੀ ਹੋਡਾ ਸਿਟੀ ਕਾਰ ਸਮਰਾਲਾ ਵੱਲਾ ਆਉਣ ਦੀ ਇਤਲਾਹ ਮਿਲਣ 'ਤੇ ਇਸ ਗੱਡੀ ਨੂੰ ਘੇਰਦੇ ਹੋਏ ਉਸ ਵਿਚੋਂ ਵੀ ਚਡੀਗੜ੍ਹ ਦੀ ਸ਼ਰਾਬ ਦੀਆਂ 65 ਪੇਟੀਆਂ ਬਰਾਮਦ ਕੀਤੀਆਂ ਹਨ। ਇਸ ਕਾਰ ਵਿਚ ਸਵਾਰ ਦੋ ਵਿਅਕਤੀਆਂ ਮਨਜਿੰਦਰ ਸਿੰਘ ਵਾਸੀ ਪਿੰਡ ਕਾਉਂਕੇ ਕਲਾ (ਜਗਰਾਓ) ਅਤੇ ਲਵਕਰਨ ਸਿੰਘ ਵਾਸੀ ਲੁਧਿਆਣਾ ਨੂੰ ਗ੍ਰਿਫਤਾਰ ਕੀਤਾ ਹੈ। ਇਕ ਹੋਰ ਕਾਰਵਾਈ 'ਚ ਪੁਲਸ ਨੇ ਸਮਰਾਲਾ ਨੇੜੇ ਪਿੰਡ ਮੱਲ੍ਹਮਾਜਰਾ ਕੋਲ ਸਵੀਫਟ ਕਾਰ ਵਿਚੋਂ ਵੀ 40 ਪੇਟੀਆਂ ਅੰਗਰੇਜੀ ਨਜਾਇਜ਼ ਸ਼ਰਾਬ ਦੀਆਂ ਬਰਾਮਦ ਕਰਕੇ ਉਸ ਦੇ ਚਾਲਕ ਲਵਪ੍ਰੀਤ ਸਿੰਘ ਵਾਸੀ ਪਿੰਡ ਕੋਠੇ ਫਤਿਹਦੀਨ (ਜਗਰਾਓ) ਨੂੰ ਗ੍ਰਿਫਤਾਰ ਕਰ ਲਿਆ ਹੈ

# ਨੌਕਰੀ ਜਾਣ ਪਿੱਛੋਂ ਆਰਥਿਕ ਤੰਗੀ ਦਾ ਸਾਹਮਣਾ ਕਰ ਰਿਹਾ ਸੀ ਪਰਿਵਾਰ, 3 ਜੀਆਂ ਨੇ ਕੀਤੀ ਖੁਦਕੁਸ਼ੀ

ਵਡੋਦਰਾ 13 ਜੁਲਾਈ। ਗੁਜਰਾਤ 'ਚ ਇਕ ਹੀ ਪਰਿਵਾਰ ਦੇ 3 ਜੀਆਂ ਵਲੋਂ ਖੁਦਕੁਸ਼ੀ ਕੀਤੇ ਜਾਣ ਦੀ ਘਟਨਾ ਸਾਹਮਣੇ ਆਈ ਹੈ। ਅਜਿਹਾ ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਆਰਥਿਕ ਤੰਗੀ ਕਾਰਨ ਪਤੀ-ਪਤਨੀ ਅਤੇ ਉਨ੍ਹਾਂ ਦੇ ਪੁੱਤਰ ਨੇ ਖੁਦਕੁਸ਼ੀ ਕੀਤੀ ਹੈ। ਮਾਮਲਾ ਗੁਜਰਾਤ ਦੇ ਵਡੋਦਰਾ ਜ?ਿਲ੍ਹੇ ਦਾ ਦੱਸਿਆ ਜਾ ਰਿਹਾ ਹੈ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਪਰਿਵਾਰ ਦਾ ਮੁਖੀ ਸੁਰੱਖਿਆ ਗਾਰਡ ਸੀ ਅਤੇ ਉਸ ਦੀ ਨੌਕਰੀ ਚਲੀ ਗਈ ਸੀ। ਆਰਥਿਕ ਤੰਗੀ ਤੋਂ ਪਰੇਸ਼ਾਨ ਬਜੁਰਗ ਸ਼ਖਸ ਨੇ ਆਪਣਾ ਗਲਾ ਵੱਢ ਲਿਆ। ਡਿਪਟੀ ਕਮਿਸਨਰ ਅਭੈ ਸੋਨੀ ਨੇ ਦੱਸਿਆ ਕਿ ਪਤੀ-ਪਤਨੀ ਅਤੇ ਇੱਕ ਪੁੱਤ ਵਾਲਾ ਇਹ ਪਰਿਵਾਰ ਆਰਥਿਕ ਤੰਗੀ ਵਿਚੋਂ ਲੰਘ ਰਿਹਾ ਸੀ। ਪਤੀ ਦੀ ਉਮਰ 60 ,ਪਤਨੀ ਦੀ 50 ਸਾਲ ਅਤੇ ਪੁੱਤਰ ਦੀ ਉਮਰ 27 ਸਾਲ ਦੇ ਕਰੀਬ ਸੀ। ਤਿੰਨਾਂ ਨੇ ਖੁਦਕੁਸੀ ਕਰ ਲਈ। ਪਤੀ ਨੇ ਚਾਕੂ ਨਾਲ ਗਲਾ ਵੱਢਿਆ, ਪਤਨੀ ਨੇ ਕੀਟਨਾਸਕ ਪੀਤੀ ਅਤੇ ਪੁੱਤਰ ਨੇ ਫਾਹਾ ਲੈ ਲਿਆ। ਇਸ ਪਰਿਵਾਰ ਕੋਲ ਨਾ ਤਾਂ ਕਿਰਾਇਆ ਦੇਣ ਅਤੇ ਨਾ ਹੀ ਰੋਜਮਰ੍ਹਾ ਦੀਆਂ ਚੀਜਾਂ ਖਰੀਦਣ ਲਈ ਪੈਸੇ ਸਨ। ਪਰਿਵਾਰ ਮੁਖੀ ਦੀ ਨੌਕਰੀ ਕੁਝ ਸਮਾਂ ਪਹਿਲਾਂ ਚਲੀ ਗਈ ਸੀ। ਮੰਗਲਵਾਰ ਦੀ ਸਵੇਰ ਨੂੰ ਇਹ ਘਟਨਾ ਉਸ ਸਮੇਂ ਉਜਾਗਰ ਹੋਈ, ਜਦੋਂ ਚਾਕੂ ਨਾਲ ਆਪਣਾ ਗਲ ਵੱਢਣ ਵਾਲੇ 60 ਸਾਲਾ ਦੇ ਬਜੁਰਗ ਨੇ ਮਦਦ ਲਈ ਆਵਾਜ ਲਾਈ। ਅਪਾਰਟਮੈਂਟ 'ਚ ਰਹਿਣ ਵਾਲੀ ਮਕਾਨ ਮਾਲਕ ਦੀ ਪਤਨੀ ਨੇ ਉਸ ਦੀਆਂ ਚੀਕਾਂ ਸੁਣੀਆਂ ਅਤੇ ਜਦੋਂ ਉਹ ਉੱਥੇ ਪਹੁੰਚੀ ਤਾਂ ਬਜੁਰਗ ਖੂਨ ਨਾਲ ਲਹੂ-ਲੁਹਾਣ ਪਿਆ ਸੀ। ਉਨ੍ਹਾਂ ਦੀ ਗਰਦਨ 'ਤੇ ਕੱਟ ਦਾ ਨਿਸ਼ਾਨ ਸੀ। ਮ੍ਰਿਤਕ ਦੀ ਪਤਨੀ ਜਿੱਥੇ ਮ੍ਰਿਤਕ ਮਿਲੀ ਹੈ ਤਾਂ ਉੱਥੇ ਹੀ ਇਕ ਬੋਤਲ ਵਿਚ ਕੀਟਨਾਸ਼ਕ ਉਸ ਦੇ ਨੇੜੇ ਮਿਲਿਆ।


### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, IC-64401W LT COL GOKULADASAN P S/O EVK NAIR R/O 86/6, KIRBY PLACE, OFFICERS ENCLAVE, DELHI CANTT-110010, have changed my name from GOKULADASAN P to GOKUL DASAN P for all future purposes vide Affidavit dated 28/11/2022 before Notary Public Delhi .

### NAME CHANGE
I,Ruchi Seth W/o Pulkit Aggarwal R/o D 14, ground floor greater kailash enclave 1, greater kailash south delhi 110048 have changed my name from Ruchi Seth to Ruchi Aggarwal for all future purpose.

### NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.



### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.



### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.



**ਕੌਮੀ ਪੱਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪੱਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਕਿਸਾਨ ‘ਤੇ ਗੋਲੀਆਂ ਚਲਾਉਣ ਦੇ ਮਾਮਲੇ ‘ਚ ਵੱਡਾ ਖੁਲਾਸਾ, ਸੰਦੀਪ ਨੰਗਲ ਅੰਬੀਆਂ ਨਾਲ ਜੁੜੇ ਤਾਰ

ਜਲੰਧਰ 13 ਜੁਲਾਈ। ਥਾਣਾ ਲਾਂਬੜਾ ਅਧੀਨ ਪੈਂਦੇ ਪਿੰਡ ਅਠੌਲਾ ’ਚ ਬੀਤੇ ਦਿਨ ਜਮੀਨੀ ਵਿਵਾਦ ਨੂੰ ਲੈ ਕੇ ਦਿਨ-ਦਿਹਾੜੇ 2 ਅਣਪਛਾਤੇ ਮੋਟਰਸਾਈਕਲ ਸਵਾਰਾਂ ਨੇ ਟਰੈਕਟਰ ’ਤੇ ਜਾ ਰਹੇ ਕਿਸਾਨ ’ਤੇ ਗੋਲੀਆਂ ਚਲਾ ਦਿੱਤੀਆਂ ਸਨ, ਜਿਸ ਕਾਰਨ ਉਹ ਗੰਭੀਰ ਜਖਮੀ ਹੋ ਕੇ ਟਰੈਕਰ ਤੋਂ ਹੇਠਾਂ ਡਿੱਗ ਗਿਆ। ਗੋਲੀ ਚੱਲਣ ਦੀ ਸੂਚਨਾ ਮਿਲਦਿਆਂ ਹੀ ਦਿਹਾਤੀ ਐੱਸ. ਪੀ. (ਡੀ) ਮਨਪ੍ਰੀਤ ਸਿੰਘ ਢਿੱਲੋਂ ਤੇ ਲਾਂਬੜਾ ਥਾਣੇ ਦੇ ਐੱਸ. ਐੱਚ. ਓ. ਅਮਨ ਸੈਣੀ ਪੁਲਸ ਪਾਰਟੀ ਸਮੇਤ ਮੌਕੇ ’ਤੇ ਪੁੱਜੇ ਅਤੇ ਜਾਂਚ ਸ਼ੁਰੂ ਕਰ ਦਿੱਤੀ। ਜਾਂਚ ਦੌਰਾਨ ਇਸ ਮਾਮਲੇ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਗੋਲੀਆਂ ਲੱਗਣ ਕਾਰਨ ਜਖਮੀ ਹੋਣ ਵਾਲਾ ਸੰਦੀਪ ਨੰਗਲ ਅੰਬੀਆਂ ਦਾ ਸਾਂਢੂ ਹੈ। ਪਿੰਡ ਵਾਸੀਆਂ ਅਤੇ ਪਰਿਵਾਰਕ ਮੈਂਬਰਾਂ ਨੇ ਜਖਮੀ ਕਿਸਾਨ ਨੂੰ ਇਲਾਜ ਲਈ ਜਲੰਧਰ ਦੇ ਇਕ ਨਿੱਜੀ ਹਸਪਤਾਲ ’ਚ ਪਹੁੰਚਾਇਆ, ਜਿੱਥੇ ਡਾਕਟਰਾਂ ਵੱਲੋਂ ਉਸ ਦਾ ਇਲਾਜ ਕੀਤਾ ਜਾ ਰਿਹਾ ਹੈ। ਡਾਕਟਰਾਂ ਨੇ ਜਖਮੀ ਗੁਰਮੀਤ ਨੂੰ ਅਨਫਿੱਟ ਐਲਾਨ ਦਿੱਤਾ ਹੈ ਅਤੇ ਪੁਲਸ ਉਸ ਦੇ ਹੋਸ਼ ’ਚ ਆਉਣ ਦੀ ਉਡੀਕ ਕਰ ਰਹੀ ਹੈ। ਥਾਣਾ ਲਾਂਬੜਾ ਦੇ ਐੱਸ. ਐੱਚ. ਓ. ਅਮਨ ਸੈਣੀ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਕਿਸਾਨ ਗੁਰਮੀਤ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਪਿੰਡ ਅਠੌਲਾ ਆਪਣੇ ਘਰ ਪਿੰਡ ਕੋਹਾਲਾ ਤੋਂ ਅਠੌਲਾ ਵੱਲ ਨੂੰ ਜਾ ਰਿਹਾ ਸੀ, ਜਦੋਂ ਉਹ ਆਪਣੇ ਘਰ ਨੇੜੇ ਪੁੱਜਾ ਤਾਂ 2 ਅਣਪਛਾਤੇ ਮੋਟਰਸਾਈਕਲ ਸਵਾਰਾਂ ਨੇ ਉਸ ’ਤੇ ਤਾਬੜਤੋੜ 6 ਫਾਇਰ ਕਰ ਦਿੱਤੇ। ਉਨ੍ਹਾਂ ਦੱਸਿਆ ਕਿ ਗੁਰਮੀਤ ਸਿੰਘ ਨੂੰ 3 ਗੋਲੀਆਂ ਲੱਗੀਆਂ ਅਤੇ ਬਾਕੀ 3 ਫਾਇਰ ਟਰੈਕਟਰ ਨੂੰ ਲੱਗੇ। ਗੋਲੀਆਂ ਲੱਗਦੇ ਹੀ ਗੁਰਮੀਤ ਸਿੰਘ ਸੜਕ ’ਤੇ ਡਿੱਗ ਪਿਆ। ਗੋਲੀਬਾਰੀ ਦੀ ਸੂਚਨਾ ਮਿਲਦੇ ਹੀ ਪਿੰਡ ਵਾਸੀਆਂ ’ਚ ਦਹਿਸਤ ਦਾ ਮਾਹੌਲ ਪੈਦਾ ਹੋ ਗਿਆ ਅਤੇ ਪੂਰਾ ਪਿੰਡ ਘਟਨਾ ਵਾਲੀ ਥਾਂ ’ਤੇ ਪਹੁੰਚ ਗਿਆ। ਕਿਸਾਨ ਗੁਰਮੀਤ ਦੇ ਗੁਆਂਢੀਆਂ ਨੇ



ਉਸ ਨੂੰ ਇਲਾਜ ਲਈ ਕਪੂਰਥਲਾ ਚੌਂਕ ਨੇੜੇ ਸਥਿਤ ਨਿੱਜੀ ਹਸਪਤਾਲ ’ਚ ਦਾਖਲ ਕਰਵਾਇਆ, ਜਿੱਥੇ ਡਾਕਟਰਾਂ ਨੇ ਉਸ ਦੇ ਪੇਟ ਅਤੇ ਮੋਢੇ ’ਚੋਂ ਗੋਲੀਆਂ ਕੱਢ ਦਿੱਤੀਆਂ। ਇਕ ਗੋਲੀ ਉਸ ਦੀ ਬਾਂਹ ਨੇੜੇ ਲੱਗ ਕੇ ਬਾਹਰ ਨਿਕਲ ਗਈ। ਐੱਸ. ਐੱਚ. ਓ. ਅਮਨ ਸੈਣੀ ਨੇ ਦੱਸਿਆ ਕਿ ਹੁਣ ਤੱਕ ਪ੍ਰਾਪਤ ਜਾਣਕਾਰੀ ਅਨੁਸਾਰ ਗੁਰਮੀਤ ਸਿੰਘ ਦਾ ਆਪਣੇ ਰਿਸਤੇਦਾਰਾਂ ਨਾਲ ਜਾਇਦਾਦ ਦਾ ਵਿਵਾਦ ਚੱਲ ਰਿਹਾ ਹੈ ਅਤੇ ਪੁਲਸ ਨੇ ਇਸ ਐਂਗਲ ਤੋਂ ਜਾਂਚ ਸ਼ੁਰੂ ਕਰ ਦਿੱਤੀ ਹੈ। ਐੱਸ. ਐੱਚ. ਓ. ਅਮਨ ਸੈਣੀ ਨੇ ਦੱਸਿਆ ਕਿ ਫਿਲਹਾਲ ਪੁਲਸ ਦੀਆਂ 3 ਟੀਮਾਂ ਸੀ. ਸੀ. ਟੀ. ਵੀ. ਕੈਮਰਿਆਂ ਨੂੰ ਖੰਗਾਲ ਰਹੀਆਂ ਹਨ ਅਤੇ ਜਲਦੀ ਹੀ ਮੁਲਜਮਾਂ ਦੀ ਪਛਾਣ ਕਰਕੇ ਕਾਬੂ ਕਰ ਲਿਆ ਜਾਵੇਗਾ। ਜਖਮੀ ਗੁਰਮੀਤ ਸਿੰਘ ਦੀ ਪਤਨੀ ਗੁਰਪ੍ਰੀਤ ਕੌਰ ਦੇ ਮਾਮੇ ਦੀ ਲੜਕੀ ਰੁਪਿੰਦਰ ਕੌਰ ਦਾ ਵਿਆਹ ਨਕੋਦਰ ਦੇ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਨਾਲ ਹੋਇਆ ਸੀ, ਜਿਸ ਕਾਰਨ ਗੁਰਮੀਤ ਸੰਦੀਪ ਨੰਗਲ ਅੰਬੀਆਂ ਦਾ ਸਾਂਢੂ ਲੱਗਦਾ ਹੈ। 2 ਸਾਲ ਪਹਿਲਾਂ ਸੰਦੀਪ ਨੰਗਲ ਅੰਬੀਆਂ ਦੀ ਇਕ ਮੈਚ ਦੌਰਾਨ ਗੋਲੀਆਂ ਮਾਰ ਕੇ ਕਤਲ ਕਰ ਦਿੱਤੀ ਗਿਆ ਸੀ। ਗੁਰਮੀਤ ਦੇ ਰਿਸਤੇਦਾਰਾਂ ਨੇ ਦੱਸਿਆ ਕਿ ਗੁਰਮੀਤ ਸਿੰਘ ਦਾ ਮ੍ਰਿਤਕ ਕਬੱਡੀ ਖਿਡਾਰੀ ਅੰਬੀਆ ਨਾਲ ਕੋਈ ਨੇੜਤਾ ਰਿਸ਼ਤਾ ਨਹੀਂ ਸੀ ਅਤੇ ਉਹ ਸਿਰਫ ਉਸ ਦੇ ਅੰਤਿਮ ਸੰਸਕਾਰ ’ਤੇ ਹੀ ਗਿਆ ਸੀ। ਨਾਂ ਨਾ ਛਾਪਣ ’ਤੇ ਇਕ ਸੂਤਰ ਨੇ ਦੱਸਿਆ ਕਿ ਕਰੀਬ 15 ਦਿਨ ਪਹਿਲਾਂ ਵੀ 3 ਨੌਜਵਾਨ ਗੁਰਮੀਤ ਦੇ ਘਰ ਗਏ ਸਨ ਅਤੇ ਉਸ ਬਾਰੇ ਪੁੱਛਗਿੱਛ ਕਰ ਰਹੇ ਸਨ ਪਰ ਉਨ੍ਹਾਂ ਤਿੰਨਾਂ ਨੌਜਵਾਨਾਂ ਨੂੰ ਕਿਸੇ ਨੇ ਪਛਾਣਿਆ ਨਹੀਂ। ਇਸ ਤੋਂ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਗੁਰਮੀਤ ਸਿੰਘ ਦੀ ਪਿਛਲੇ ਕਈ ਦਿਨਾਂ ਤੋਂ ਰੇਕੀ ਹੋ ਰਹੀ ਸੀ। ਸੂਤਰਾਂ ਅਨੁਸਾਰ ਪੁਲਸ ਨੇ ਸੀ. ਸੀ. ਟੀ. ਵੀ. ਫੁਟੇਜ ਕਬਜੇ ’ਚ ਲੈ ਲਈ ਹੈ। 2 ਅਣਪਛਾਤੇ ਨੌਜਵਾਨਾਂ ਦੀ ਵਿਖਾਈ ਗਈ ਫੁਟੇਜ ਤੋਂ ਕਈ ਲੋਕਾਂ ਨੇ ਪੁਲਸ ਨੂੰ ਦੱਸਿਆ ਕਿ ਇਹ ਦੋਵੇਂ ਨੌਜਵਾਨ ਕਰੀਬ 4 ਘੰਟੇ ਪਿੰਡ ਅਠੌਲਾ ’ਚ ਘੁੰਮਦੇ ਵੇਖੇ ਗਏ। ਗੁਰਮੀਤ ਸਿੰਘ ਕਰੀਬ 30 ਏਕੜ ’ਤੇ ਇਕੱਲਾ ਖੇਤੀ ਕਰਦਾ ਹੈ।

## ਸੱਪ ਨੇ ਡੰਗਿਆ ਨੌਜਵਾਨ, ਮਰੀਜ ਸਣੇ ਸੱਪ ਨੂੰ ਵੀ ਲੈ ਗਏ ਹਸਪਤਾਲ

ਜਲੰਧਰ 13 ਜੁਲਾਈ। ਬੀਤੀ ਦੇਰ ਰਾਤ ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ ’ਚ ਸੱਪ ਦੇ ਡੰਗੇ ਇਕ ਪੀੜਤ ਵਿਅਕਤੀ ਦੇ ਰਿਸਤੇਦਾਰ ਉਸ ਨੂੰ ਇਲਾਜ ਲਈ ਲੈ ਕੇ ਆਏ। ਪਰਿਵਾਰਕ ਮੈਂਬਰ ਉਸ ਸੱਪ ਨੂੰ ਵੀ ਪਲਾਸਟਿਕ ਦੀ ਬੋਤਲ ’ਚ ਬੰਦ ਕਰ ਕੇ ਐਮਰਜੈਂਸੀ ਵਾਰਡ ’ਚ ਲੈ ਆਏ। ਇਹ ਦੇਖ ਕੇ ਵਾਰਡ ’ਚ ਮੌਜੂਦ ਹੋਰ ਮਰੀਜ ਡਰ ਗਏ। ਬੋਤਲ ’ਚ ਜਹਿਰੀਲੇ ਸੱਪ ਨੂੰ ਦੇਖ ਕੇ ਹਰ ਕੋਈ ਹੈਰਾਨ ਰਹਿ ਗਿਆ। ਜਾਣਕਾਰੀ ਅਨੁਸਾਰ ਪਲਵਿੰਦਰ ਕੁਮਾਰ (29) ਪੁੱਤਰ ਹਰਵਿੰਦਰ ਕੁਮਾਰ ਵਾਸੀ ਕਪੂਰਥਲਾ ਨੂੰ ਸੱਪ ਨੇ ਡੰਗ ਲਿਆ। ਉਸ ਦੇ ਇਕ ਪਰਿਵਾਰਕ ਮੈਂਬਰ ਨੇ ਹਿੰਮਤ ਦਿਖਾਉਂਦੇ ਹੋਏ ਵਾਈਪਰ ਦੀ ਮਦਦ ਨਾਲ ਪਲਾਸਟਿਕ ਦੀ ਬੋਤਲ ’ਚ ਜਹਿਰੀਲੇ ਸੱਪ ਨੂੰ ਕਾਬੂ ਕਰ ਲਿਆ। ਇਸ ਤੋਂ ਬਾਅਦ ਪਲਵਿੰਦਰ ਨੂੰ ਸਾਹਕੋਟ ਦੇ ਸਰਕਾਰੀ ਹਸਪਤਾਲ ਤੋਂ ਜਲੰਧਰ ਦੇ ਸਿਵਲ ਹਸਪਤਾਲ ਰੈਫਰ ਕਰ ਦਿੱਤਾ ਗਿਆ। ਪਲਵਿੰਦਰ ਦੇਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ ਸੱਪ ਨੂੰ ਹਸਪਤਾਲ ਲੈ ਕੇ ਆਏ ਤਾਂ ਜੋ ਡਾਕਟਰ ਨੂੰ ਇਸ ਦੇ ਜਹਿਰ ਬਾਰੇ ਪਤਾ ਲੱਗ ਸਕੇ। ਇਸ ਤੋਂ ਬਾਅਦ ਹਸਪਤਾਲ ’ਚ ਤਾਇਨਾਤ ਪੁਲਸ ਗਾਰਡ ਦੇ ਪੁਲਸ ਮੁਲਾਜਮਾਂ ਨੇ ਪਰਿਵਾਰਕ ਮੈਂਬਰਾਂ ਨੂੰ ਸੱਪ ਨੂੰ ਐਮਰਜੈਂਸੀ ‘ਚੋਂ ਬਾਹਰ ਕੱਢਣ ਲਈ ਕਿਹਾ। ਅਖੀਰ ਉਸ ਨੇ ਬਸਤੀ ਬਾਵਾ ਖੇਲ ਨਗਰ ਨੇੜੇ ਸੱਪ ਛੱਡ ਦਿੱਤਾ, ਜਦਕਿ ਪਰਿਵਾਰਕ ਮੈਂਬਰਾਂ ਨੇ ਪਹਿਲਾਂ ਸਵੇਰੇ ਸੱਪ ਨੂੰ ਛੱਡਣ ਦੀ ਗੱਲ ਕਹੀ ਸੀ, ਉਨ੍ਹਾਂ ਦੀ ਗੱਲ ਸੁਣ ਕੇ ਐਮਰਜੈਂਸੀ ‘ਚ ਮੌਜੂਦ ਲੋਕਾਂ ‘ਚ ਇਹ ਡਰ ਦੇਖਿਆ ਗਿਆ ਕਿ ਜੇਕਰ ਕਿਸੇ ਦੀ ਗਲਤੀ ਨਾਲ ਬੋਤਲ ‘ਚੋਂ ਸੱਪ ਨਿਕਲ ਗਿਆ ਤਾਂ ਕਈਆਂ ਨੂੰ ਡੰਗ ਲਵੇਗਾ। ਸੱਪਾਂ ਦੇ ਡੰਗੇ ਲੋਕਾਂ ਦੇ ਪਰਿਵਾਰਾਂ ਨੂੰ ਇਸ ਗੱਲ ਦਾ ਧਿਆਨ ਰੱਖਣ ਦੀ ਲੋੜ ਹੈ ਕਿ ਉਹ ਅਜਿਹੇ ਮਰੀਜਾਂ ਨੂੰ ਝੋਲਾ-ਛਾਪ ਡਾਕਟਰਾਂ ਕੋਲ ਲਿਜਾਣ ਦੀ ਬਜਾਏ ਸਰਕਾਰੀ ਹਸਪਤਾਲਾਂ ’ਚ ਲੈ ਕੇ ਆਉਣ। ਅਜਿਹੇ ਮਰੀਜਾਂ ਨੂੰ ਦਿੱਤੇ ਜਾਣ ਵਾਲੇ ਐਂਟੀ ਵੇਨਮ ਟੀਕੇ ਬਿਲਕੁਲ ਮੁਫਤ ਹਨ ਤੇ ਇਸ ਤੋਂ ਇਲਾਵਾ ਸਰਕਾਰੀ ਹਸਪਤਾਲਾਂ ’ਚ ਸਾਰਾ ਇਲਾਜ ਮੁਫਤ ਹੈ



## ਮੰਤਰੀ ਭੁੱਲਰ ਤੇ ਵਿਧਾਇਕ ਸੋਹਲ ਨੇ ਹਰੀ ਝੰਡੀ ਦੇ ਕੇ ਬੀੜ ਸਾਹਿਬ ਤੋਂ ਮੁਕਤਸਰ ਸਾਹਿਬ ਲਈ ਬੱਸ ਦੀ ਕੀਤੀ ਸ਼ੁਰੂਆਤ

ਝਬਾਲ 13 ਜੁਲਾਈ। ਪੰਜਾਬ ਸਰਕਾਰ ਵਲੋਂ ਸੰਗਤਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਬੀਤੇ ਦਿਨ ਮਾਝੇ ਦੇ ਇਤਿਹਾਸਕ ਅਸਥਾਨ ਬੀੜ ਬਾਬਾ ਬੁੱਢਾ ਸਾਹਿਬ ਜੀ ਤੋਂ ਮੁਕਤਸਰ ਸਾਹਿਬ ਜੀ ਲਈ ਪੰਜਾਬ ਰੋਡਵੇਜ਼ ਦੀ ਬੱਸ ਦੀ ਸ਼ੁਰੂਆਤ ਕੀਤੀ। ਜਿਸ ਦੀ ਸ਼ੁਰੂਆਤ ਅੱਜ ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਵਿਧਾਇਕ ਕਸ਼ਮੀਰ ਸਿੰਘ ਸੋਹਲ ਤੇ ਵਿਧਾਇਕ ਸਰਵਣ ਸਿੰਘ ਧੁੰਨ ਨੇ ਹਰੀ ਝੰਡੀ ਦਿਖਾਕੇ ਬੱਸ ਨੂੰ ਰਵਾਨਾ ਕੀਤਾ। ਇਸ ਸਮੇਂ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਇਸ ਬੱਸ ਦੇ ਸ਼ੁਰੂ ਹੋਣ ਨਾਲ ਵੱਡੀ ਗਿਣਤੀ ’ਚ ਸੰਗਤਾਂ ਸ੍ਰੀ ਮੁਕਤਸਰ ਸਾਹਿਬ ਦੇ ਦਰਸ਼ਨ ਕਰ ਸਕਣਗੀਆਂ। ਇਸ ਸਮੇਂ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਧੰਨਵਾਦ ਕੀਤਾ।

# ਨਾਬਾਲਿਗਾ ਨੂੰ ਅਗਵਾ ਕਰਕੇ ਕੀਤਾ ਧਰਮ ਪਰਿਵਰਤਨ, 60 ਸਾਲਾ ਮੁਸਲਿਮ ਵਿਅਕਤੀ ਨੇ ਕਰਵਾਇਆ ਨਿਕਾਹ

ਗੁਰਦਾਸਪੁਰ/ਪਾਕਿਸਤਾਨ 13 ਜੁਲਾਈ। ਭਾਰਤੀ ਕਸ਼ਮੀਰ ਵਿਚ ਮਨੁੱਖੀ ਅਧਿਕਾਰਾਂ ਦੇ ਹਨਨ ਦਾ ਝੂਠਾ ਪ੍ਰਚਾਰ ਕਰਨ




ਵਾਲੇ ਪਾਕਿਸਤਾਨ ’ਚ ਗੈਰ ਮੁਸਲਿਮਾਂ ਨਾਲ ਕਿਸ ਤਰਾਂ ਦਾ ਵਿਹਾਰ ਹੋ ਰਿਹਾ ਹੈ। ਇਸ ਸਬੰਧੀ ਇਕ ਬਹੁਤ ਹੀ ਹੈਰਾਨੀ ਜਨਕ ਮਾਮਲਾ ਸਾਹਮਣੇ ਆਇਆ ਹੈ। ਸੂਤਰਾਂ ਅਨੁਸਾਰ ਪਾਕਿਸਤਾਨ ਦੇ ਸ਼ਹਿਰ ਫੈਸਲਾਬਾਦ ਜ਼ਿਲ੍ਹੇ ਦੇ ਕਸਬਾ ਯੂਸਫਾਬਾਦ ’ਚ ਇਕ ਗਰੀਬ ਅਪਾਹਿਜ਼ ਈਸਾਈ ਵਿਅਕਤੀ ਆਰਿਫ ਗਿੱਲ ਦੀ 15 ਸਾਲਾਂ ਕੁੜੀ ਸਿਤਾਰਾ ਆਰਿਫ ਉਰਫ ਸਾਇਰਾ ਦੇ ਅਗਵਾ, ਉਸ ਦਾ ਧਰਮ ਪਰਿਵਰਤਣ ਕਰਕੇ ਕੁੜੀ ਤੋਂ ਚਾਰ ਗੁਣਾਂ ਜ਼ਿਆਦਾ ਉਮਰ ਦੇ ਮੁਸਲਿਮ ਵਿਅਕਤੀ ਨਾਲ ਨਿਕਾਹ ਕਰਨ ਅਤੇ ਪੁਲਸ ਵੱਲੋਂ ਪਰਿਵਾਰ ਦੀ ਦੋ ਮਹੀਨੇ ਬਾਅਦ ਸ਼ਿਕਾਇਤ ਦਰਜ ਕਰਨ ਮਾਮਲਾ ਸਾਹਮਣੇ ਆਇਆ ਹੈ। ਆਰਿਫ ਗਿੱਲ ਦੇ ਅਨੁਸਾਰ ਉਹ ਆਪਣੀ 15 ਸਾਲਾਂ ਕੁੜੀ ਸਾਇਰਾ ਦੇ ਹੁਣ ਫਿਰ ਮਿਲਣ ਦੀ ਉਮੀਦ ਗਵਾ ਬੈਠਾ ਹੈ। ਆਰਿਫ ਦੇ ਅਪਾਹਿਜ਼ ਹੋਣ ਦੇ ਕਾਰਨ ਉਸ ਦੀ ਪਤਨੀ, ਕੁੜੀ ਸਾਇਰਾ ਲੋਕਾਂ ਦੇ ਘਰਾਂ ’ਚ ਕੰਮ ਕਰਦੀਆਂ ਹਨ । ਸਾਇਰਾ ਵੀ ਇਕ ਵਿਅਕਤੀ ਰਾਣਾ ਤਾਇਬ ਦੇ ਘਰ ਵਿਚ ਘਰੇਲੂ ਕੰਮ ਕਰਦੀ ਸੀ। ਜਦਕਿ ਮੁਲਜਮ ਰਾਣਾ ਤਾਇਬ ਦੀ ਪਤਨੀ ਨਾਇਲਾ ਅੰਬਰੀਨ ਇਕ ਸਰਕਾਰੀ ਸਕੂਲ ਦੀ ਪ੍ਰਿੰਸੀਪਲ ਹੈ। ਆਰਿਫ ਗਿੱਲ ਦੇ ਅਨੁਸਾਰ ਉਸ ਦੀ ਕੁੜੀ 15 ਦਸੰਬਰ 2022 ਨੂੰ ਰਾਣਾ ਤਾਇਬ ਦੇ ਘਰ ਕੰਮਕਾਜ ਦੇ ਲਈ ਗਈ, ਪਰ ਵਾਪਸ ਨਹੀਂ ਆਈ। ਇਸ ਸਬੰਧੀ ਪੁੱਛਗਿਛ ਕਰਨ ਤੇ ਜਦ ਸਾਇਰਾ ਦਾ ਕੁਝ ਪਤਾ ਨਹੀਂ ਲੱਗਾ ਤਾਂ ਉਹ ਪੁਲਸ ਸਟੇਸ਼ਨ ਗਿਆ, ਪਰ ਪੁਲਸ ਨੇ ਧੱਕੇ ਮਾਰ ਕੇ ਉਸ ਨੂੰ ਬਾਹਰ ਕੱਢ ਦਿੱਤਾ। ਪੁਲਸ ਨੇ ਉਸ ਨੂੰ ਬੇਇੱਜ਼ਤ ਕੀਤਾ ਅਤੇ ਗੱਲ ਤੱਕ ਨਹੀਂ ਸੁਣੀ। ਅਖੀਰ ਉਸ ਨੇ ਇਕ ਈਸਾਈ ਵਕੀਲ ਦੀ ਮਦਦ ਲਈ। ਗਿੱਲ ਦੇ ਅਨੁਸਾਰ ਜਦ ਵਕੀਲ ਅਕਮਨ ਭੱਟੀ ਨੇ ਉੱਚ ਪੁਲਸ ਅਧਿਕਾਰੀਆਂ ਨੂੰ ਮਿਲ ਕੇ ਗੱਲ ਕੀਤੀ ਤਾਂ ਕੁਝ ਵੀ ਲਾਭ ਨਹੀਂ ਹੋਇਆ। ਪੁਲਸ ਨਾਂ ਤਾਂ ਕੁੜੀ ਅਤੇ ਨਾ ਹੀ ਮੁਲਜਮ ਨੂੰ ਤਾਲਾਸ਼ ਕਰਨਾ ਚਾਹੁੰਦੀ ਸੀ। ਜਿਸ ‘ਤੇ ਵਕੀਲ ਨੇ ਅਦਾਲਤ ਵਿਚ ਪਟੀਸ਼ਨ ਦਾਇਰ ਕੀਤੀ। ਪਟੀਸ਼ਨ ਦੇ ਜਵਾਬ ਵਿਚ ਮੁਲਜਮ 60 ਸਾਲਾਂ ਰਾਣਾ ਤਾਇਬ ਦੀ ਪਤਨੀ ਨਾਇਲਾ ਅੰਬਰੀਨ ਅਦਾਲਤ ਵਿਚ ਪੇਸ਼ ਹੋਈ ਅਤੇ ਉਸ ਨੇ ਆਪਣੇ ਪਤੀ ਅਤੇ ਸਾਇਰਾ ਦੇ ਨਿਕਾਹ ਦਾ ਸਰਟੀਫਿਕੇਟ ਪੇਸ਼ ਕੀਤਾ, ਪਰ ਅਦਾਲਤ ਨੇ ਕੁੜੀ ਦੀ ਉਮਰ ਨੂੰ ਵੇਖਦੇ ਹੋਏ ਪੁਲਸ ਨੂੰ ਸਭ ਤੋਂ ਪਹਿਲਾਂ ਦੋਸ਼ੀ ਦੇ ਖ਼ਿਲਾਫ ਕੇਸ ਦਰਜ ਕਰਨ ਦਾ ਆਦੇਸ਼ ਦਿੱਤਾ। ਜਿਸ ‘ਤੇ 12 ਫਰਵਰੀ ਨੂੰ ਮਦੀਨਾ ਪੁਲਸ ਸਟੇਸ਼ਨ ਵਿਚ ਕੇਸ ਦਰਜ ਕੀਤਾ ਗਿਆ, ਪਰ ਕੁੜੀ ਕਿੱਥੇ ਹੈ , ਕਿਸ ਹਾਲ ਵਿਚ ਹੈ, ਅਜੇ ਕਿਸੇ ਨੂੰ ਪਤਾ ਨਹੀਂ।

## ਚੋਰੀ ਦੀਆਂ ਘਟਨਾਵਾਂ ਕਰਨ ਵਾਲਾ ਨੌਜਵਾਨ ਨਕਲੀ ਪਿਸਤੌਲ ਸਣੇ ਗ੍ਰਿਫਤਾਰ

ਗੁਰਦਾਸਪੁਰ 13 ਜੁਲਾਈ। ਭੈਣੀ ਮੀਆਂ ਖਾਂ ਪੁਲਸ ਨੇ ਇਕ ਅਜਿਹੇ ਮੁਲਜਮ ਨੂੰ ਨਕਲੀ ਪਿਸਤੌਲ ਸਮੇਤ ਕਾਬੂ ਕੀਤਾ ਹੈ, ਜੋ ਪਹਿਲਾਂ ਹੀ 2 ਕੇਸਾਂ ’ਚ ਅਦਾਲਤ ਤੋਂ ਜਮਾਨਤ ’ਤੇ ਚੱਲ ਰਿਹਾ ਸੀ। ਇਸ ਸਬੰਧੀ ਭੈਣੀ ਮੀਆਂ ਖਾਂ ਪੁਲਸ ਸਟੇਸ਼ਨ ਦੇ ਇੰਚਾਰਜ ਸੁਦੇਸ਼ ਕੁਮਾਰ ਨੇ ਦੱਸਿਆ ਕਿ ਕਿਸੇ ਮੁਖਬਰ ਨੇ ਸੂਚਨਾ ਦਿੱਤੀ ਸੀ ਕਿ ਸੁਖਰਾਜ ਸਿੰਘ ਉਰਫ ਜੱਜੀ ਪੁੱਤਰ ਜੋਗਿੰਦਰ ਸਿੰਘ ਵਾਸੀ ਦਤਾਰਪੁਰ, ਜੋ ਜ਼ੁਰਮਪੇਸ਼ਾਂ ਵਿਅਕਤੀ ਹੈ, ਉਹ ਪਿਸਤੌਲ ਦੀ ਨੋਕ ’ਤੇ ਲੁੱਟਮਾਰ ਕਰ ਕੇ ਘਟਨਾਵਾਂ ਕਰਦਾ ਹੈ ਅਤੇ ਇਲਾਕੇ ’ਚ ਟਿਊਬਵੈੱਲ ਦੀਆਂ ਮੋਟਰਾਂ ਖੇਤਾਂ ’ਚੋਂ ਚੋਰੀ ਕਰਦਾ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਇਸ ਸੂਚਨਾ ਦੇ ਆਧਾਰ ’ਤੇ ਮੁਲਜਮ ਨੂੰ ਕਾਬੂ ਕੀਤਾ ਗਿਆ ਅਤੇ ਉਸ ਤੋਂ ਇਕ ਨਕਲੀ ਪਿਸਤੌਲ ਬਰਾਮਦ ਹੋਈ। ਬਰਾਮਦ ਪਿਸਤੌਲ ਦੀ ਵਿਸ਼ੇਸ਼ਤਾਂ ਇਹ ਹੈ ਕਿ ਪਿਸਤੌਲ ਨਾਲ ਜਿਸ ਵਿਅਕਤੀ ’ਤੇ ਫਾਇਰ ਕੀਤਾ ਜਾਵੇ ਤਾਂ 10-15 ਫੁੱਟ ਤੱਕ ਦੂਰੀ ’ਤੇ ਖੜ੍ਹੇ ਵਿਅਕਤੀ ਨੂੰ ਇਸ ਤੋਂ ਬਿਜਲੀ ਦੀ ਤਰ੍ਹਾਂ ਕਰੰਟ ਲੱਗਦਾ ਹੈ।

ਪੁਲਸ ਅਧਿਕਾਰੀ ਨੇ ਦੱਸਿਆ ਕਿ ਮੁਲਜਮ ਖ਼ਿਲਾਫ ਕਾਹਨੂੰਵਾਨ ਅਤੇ ਕਿ ਇਸ ਸੂਚਨਾ ਦੇ ਆਧਾਰ ’ਤੇ ਮੁਲਜਮ ਨੂੰ ਕਾਬੂ ਕੀਤਾ ਗਿਆ ਅਤੇ ਉਸ ਤੋਂ ਇਕ ਨਕਲੀ ਪਿਸਤੌਲ ਬਰਾਮਦ ਹੋਈ। ਬਰਾਮਦ ਪਿਸਤੌਲ ਦੀ ਵਿਸ਼ੇਸ਼ਤਾਂ ਇਹ ਹੈ ਕਿ ਪਿਸਤੌਲ ਨਾਲ ਜਿਸ ਵਿਅਕਤੀ ’ਤੇ ਫਾਇਰ ਕੀਤਾ ਭੈਣੀ ਮੀਆਂ ਖਾਂ ਪੁਲਸ ਸਟੇਸ਼ਨਾਂ ’ਚ ਪਹਿਲਾਂ ਹੀ ਲੜਾਈ ਝਗੜਿਆਂ ਦੇ ਕੇਸ ਦਰਜ ਹਨ ਅਤੇ ਦੋਵਾਂ ਹੀ ਕੇਸਾਂ ’ਚ ਉਹ ਅਦਾਲਤ ਤੋਂ ਜਮਾਨਤ ’ਤੇ ਹੈ, ਜਿਸਨੂੰ ਅਦਾਲਤ ’ਚ ਪੇਸ਼ ਕਰ ਕੇ ਰਿਮਾਂਡ ਲੈ ਕੇ ਪੁੱਛਗਿਛ ਕੀਤੀ ਜਾਵੇਗੀ।

# ਰਜਿਸਟਰੀ ਦਫਤਰਾਂ ’ਚ ਛੁੱਟੀ ਵਾਲੇ ਦਿਨ ਵੀ ਹੋਵੇਗਾ ਰਜਿਸਟ੍ਰੇਸ਼ਨ ਦਾ ਕੰਮ

ਅੰਮ੍ਰਿਤਸਰ 13 ਜੁਲਾਈ। ਵਿੱਤ ਕਮਿਸਨਰ ਮਾਲ ਨੇ ਵੀਰਵਾਰ ਨੂੰ ਰਜਿਸਟਰੀ ਦਫਤਰਾਂ ਵਿਚ ਛੁੱਟੀ ਰੱਦ ਕਰਨ ਸਬੰਧੀ ਪੱਤਰ ਜਾਰੀ ਕੀਤਾ ਹੈ ਅਤੇ ਛੁੱਟੀ ਵਾਲੇ ਦਿਨ ਵੀ ਰਜਿਸਟਰੀ ਦਫਤਰਾਂ ਵਿਚ ਰਜਿਸਟ੍ਰੇਸਨ ਦਾ ਕੰਮ ਕੀਤਾ ਜਾਵੇਗਾ। ਇਹ ਪੱਤਰ ਡਿਪਟੀ ਕਮਿਸਨਰ ਦਫਤਰ ਰਾਹੀਂ ਸਾਰੇ ਰਜਿਸਟਰੀ ਦਫਤਰਾਂ ਵਿਚ ਚਿਪਕਾਇਆ ਗਿਆ ਹੈ, ਜਿਸ ਬਾਰੇ ਵਸੀਕਾ ਨਵੀਸ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਹੈ, ਹਾਲਾਂਕਿ ਮੰਨਿਆ ਜਾ ਰਿਹਾ ਹੈ ਕਿ ਇਸ ਤਰ੍ਹਾਂ ਦਾ ਪੱਤਰ ਸਰਕਾਰ ਵੱਲੋਂ ਘੱਟੋ-ਘੱਟ ਇੱਕ ਹਫਤਾ ਪਹਿਲਾਂ ਜਾਰੀ ਕਰਨ ਦੀ ਲੋੜ ਸੀ ਤਾਂ ਜੋ ਲੋਕ ਇਸ ਦਿਨ ਲਈ ਰਜਿਸਟਰੀ ਦੀਆਂ ਅਪਾਇਟਮੈਂਟਾਂ ਲੈ ਲੈਂਦੇ। ਮਾਲੀਆ ਵਧਾਉਣ ਲਈ ਪੰਜਾਬ ਸਰਕਾਰ ਨੇ ਆਮ ਲੋਕਾਂ ਨੂੰ ਰਜਿਸਟਰੀ ’ਤੇ ਵਸੂਲੀ ਜਾਣ ਵਾਲੀ ਫੀਸ ’ਚ 2.25 ਫੀਸਦੀ ਦੀ ਛੋਟ ਦਿੱਤੀ ਹੈ। ਰਜਿਸਟਰੀ ਦਫਤਰ ਇਕ, ਰਜਿਸਟਰੀ ਦਫਤਰ ਦੋ ਅਤੇ ਰਜਿਸਟਰੀ ਦਫਤਰ ਤਿੰਨ ਵਿਚ ਲੋਕਾਂ ਦੀ ਭਾਰੀ ਭੀੜ ਰਹੀ। ਰੋਜਾਨਾ 175 ਤੋਂ 200 ਰਜਿਸਟਰੀਆਂ ਹੋ ਰਹੀਆਂ ਹਨ ਅਤੇ ਲੋਕ ਸਰਕਾਰ ਵੱਲੋਂ ਦਿੱਤੀ ਗਈ ਛੋਟ ਦਾ ਲਾਭ ਉਠਾ ਰਹੇ ਹਨ। ਸਰਕਾਰੀ ਫੀਸਾਂ ’ਚ ਛੋਟ ਦੇਣ ਤੋਂ ਪਹਿਲਾਂ ਮਾਲ ਵਿਭਾਗ ਨੇ ਇਕ ਹੋਰ ਪੱਤਰ ਜਾਰੀ ਕਰ ਕੇ ਸਾਰੇ ਸਬ-ਰਜਿਸਟਰਾਰਾਂ ਨੂੰ ਆਪਣੀਆਂ ਸੀਟਾਂ ਛੱਡ ਕੇ ਕਿਸੇ ਹੋਰ ਡਿਊਟੀ ’ਤੇ ਨਾ ਜਾਣ ਦੇ ਹੁਕਮ ਦਿੱਤੇ ਸਨ। ਅੰਮ੍ਰਿਤਸਰ ਜ਼ਿਲ੍ਹੇ ਦੀ ਗੱਲ ਕਰੀਏ ਤਾਂ ਪਤਾ ਲੱਗਾ ਹੈ ਕਿ ਇਕ ਸਬ-ਰਜਿਸਟਰਾਰ ਕੋਲ ਤਹਿਸੀਲਦਾਰ ਅਤੇ ਸਬ-ਤਹਿਸੀਲ ਦਾ ਚਾਰਜ ਵੀ ਹੈ। ਅਜਿਹੇ ’ਚ ਅਧਿਕਾਰੀਆਂ ਨੂੰ ਸਬ-ਰਜਿਸਟਰਾਰ ਦੇ ਨਾਲ-ਨਾਲ ਡਿਊਟੀ ਮੈਜਿਸਟਰੇਟ ਦੀ ਡਿਊਟੀ ਵੀ ਨਿਭਾਉਣੀ ਪੈਂਦੀ ਹੈ, ਜਿਸ ਕਾਰਨ ਇਸ ਹੁਕਮ ਦੀ ਵੀ ਉਲੰਘਣਾ ਹੋਈ ਹੈ, ਕਿਉਂਕਿ ਅੰਮ੍ਰਿਤਸਰ ’ਚ ਜੀ-20 ਸੰਮੇਲਨ ਹੋਣ ਕਾਰਨ ਜ਼ਿਆਦਾਤਰ ਸਬ-ਰਜਿਸਟਰਾਰਾਂ ਨੂੰ ਡਿਊਟੀ ਮੈਜਿਸਟ੍ਰੇਟ ਦਾ ਕੰਮ ਵੀ ਸੰਭਾਲਣਾ ਪਿਆ, ਹਾਲਾਂਕਿ ਅਧਿਕਾਰੀਆਂ ਦੀ ਸਾਨਦਾਰ ਕਾਰਗੁਜਾਰੀ ਸਦਕਾ ਰਜਿਸਟ੍ਰੇਸਨ ਦਾ ਕੰਮ ਜਾਰੀ ਰਿਹਾ ਅਤੇ ਲੋਕਾਂ ਨੇ ਵੀ ਸਹਿਯੋਗ ਦਿੱਤਾ। ਇਕ ਪਾਸੇ ਜਿੱਥੇ ਸਰਕਾਰ ਵੱਲੋਂ ਰਜਿਸਟਰੀ ਫੀਸਾਂ ਅਤੇ ਹੋਰ ਫੀਸਾਂ ’ਚ ਭਾਰੀ ਛੋਟ ਦਿੱਤੀ ਜਾ ਰਹੀ ਹੈ ਅਤੇ ਅਧਿਕਾਰੀਆਂ ਨੂੰ ਛੁੱਟੀਆਂ ’ਚ ਵੀ ਕੰਮ ਕਰਨ ਦੇ ਹੁਕਮ ਦਿੱਤੇ ਗਏ ਹਨ, ਉੱਥੇ ਹੀ ਮੌਜੂਦਾ ਸਥਿਤੀ ਦੀ ਸਭ ਤੋਂ ਵੱਡੀ ਸਮੱਸਿਆ ਐੱਨ. ਓ. ਸੀ. ਦੇ ਕਾਰਨ ਅਜੇ ਵੀ ਆਮ ਜਨਤਾ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਘਰੇਲੂ ਝਗੜੇ ਕਾਰਨ ਵਿਅਕਤੀ ਦੀ ਕੀਤੀ ਕੁੱਟਮਾਰ

ਫਿਰੋਜ਼ਪੁਰ 13 ਜੁਲਾਈ। ਘਰੇਲੂ ਝਗੜੇ ਕਾਰਨ ਇਕ ਵਿਅਕਤੀ ਦੀ ਕੁੱਟਮਾਰ ਕਰਨ ਵਾਲੇ 6 ਮੁਲਜਮਾਂ ਦੇ ਖ਼ਿਲਾਫ ਪੁਲਸ ਨੇ ਪਰਚਾ ਦਰਜ ਕੀਤਾ ਹੈ। ਘਟਨਾ ਬਸਤੀ ਭਾਣੇਵਾਲੀ ਦੀ ਹੈ। ਥਾਣਾ ਆਰਫਕੇ ਪੁਲਸ ਨੂੰ ਦਿੱਤੇ ਬਿਆਨਾਂ ’ਚ ਪੀੜਤ ਮਨਜੀਤ ਸਿੰਘ ਨੇ ਦੱਸਿਆ ਕਿ ਉਸ ਦਾ ਆਪਣੇ ਪਰਿਵਾਰ ਦੇ ਨਾਲ ਝਗੜਾ ਚੱਲ ਰਿਹਾ ਹੈ। ਇਸੇ ਕਾਰਨ ਉਸ ਦੇ ਪਿਓ ਜਗਤਾਰ ਸਿੰਘ ਅਤੇ ਹੋਰਨਾਂ ਰਿਸ਼ਤੇਦਾਰਾਂ ਸਮਨਦੀਪ ਕੌਰ, ਅਮਰਜੀਤ ਕੌਰ, ਜੀਤੂ, ਗੋਰਾ ਅਤੇ ਇਕ ਹੋਰ ਵਿਅਕਤੀ ਨੇ ਉਸ ਦੀ ਕੁੱਟਮਾਰ ਕਰ ਕੇ ਉਸ ਨੂੰ ਜ਼ਖਮੀ ਕਰ ਦਿੱਤਾ ਹੈ। ਏ. ਐੱਸ. ਆਈ. ਵਣ ਸਿੰਘ ਨੇ ਦੱਸਿਆ ਕਿ ਪਰਚਾ ਦਰਜ ਕਰਨ ਉਪਰੰਤ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।


## ਦਿੱਲੀ-ਅੰਬਾਲਾ ਸੈਕਸ਼ਨ ਉਤੇ ਟ੍ਰੈਫਿਕ ਬਲਾਕ ਦੇ ਕਾਰਣ ‘ਟ੍ਰੇਨ ਹੈਂਡਲਿੰਗ ਪਲਾਨ’

ਆਧਾਰਿਤ ਅਵਸਰੰਚਨਾ ਨੂੰ ਅਤੇ ਮਜ਼ਬੂਤ ਕਰਨ ਲਈ ਉੱਤਰ ਰੇਲਵੇ ਦੁਵਾਰਾ ਦਿੱਲੀ-ਅੰਬਾਲਾ ਸੈਕਸ਼ਨ ਦੇ ਮੋਹਰੀ ਸਟੇਸ਼ਨ ਉਤੇ ਨਵੇ ਫੁਟਓਵਰ ਬ੍ਰਿਜ ਦੇ ਗਰਡਰ ਸੰਸਥਾਪਿਤ ਕੀਤੇ ਜਾਣਗੇ । ਇਸ ਕੰਮ ਦੇ ਪੂਰਾ ਕਰਨ ਦੇ ਲਈ ਰੇਲਵੇ ਦੁਵਾਰਾ ਮਿਤੀ 19.07.2024 ਨੂੰ 03:10 ਵਜੇ ਤੋਂ 06:10 ਵਜੇ ਤਕ (3 ਘੰਟੇ) ਦੀ ਅਵੱਧੀ ਦੇ ਉਪਯੁਕਤ ਟ੍ਰੈਫਿਕ ਬਲਾਕਸ ਲਿਤੇ ਜਾਣਗੇ । ਪਰਿਣਾਮਸਵਰੂਪ, ਬਲਾਕਸ ਦੀ ਅਵੱਧੀ ਦੇ ਦੋਰਾਨ ਹੇਠਾ ਲਿਖੀ ਰੇਲਗੱਡੀਆਂ ਅਸਥਾਈ ਰੂਪ ਤੋਂ ਪ੍ਰਭਾਵਿਤ ਰਹੇਂਗੀ ।

**ਰੇਲਗੱਡੀਆਂ ਦਾ ਰੱਦਕਰਨਾ**

| ਰੇਲਗੱਡੀ ਨੰ: ਅਤੇ ਰੇਲਗੱਡੀ ਦਾ ਨਾਮ | ਮਿਤੀ(ਆਂ) ਸ਼ੁਰੂ ਸਟੇਸ਼ਨ ਤੋਂ |
|---|---|
| 04139 ਕੁਰਖਸ਼ੇਤਰ ਜੰ:-ਅੰਬਾਲਾ ਜੰ: ਮੇਮੂ ਵਿਸ਼ੇਸ਼ | 18.07.2024 |
| 04140 ਅੰਬਾਲਾ ਜੰ: - ਕੁਰਖਸ਼ੇਤਰ ਜੰ: ਮੇਮੂ ਵਿਸ਼ੇਸ਼ | 19.07.2024 |

**ਰੇਲਗੱਡੀਆਂ ਦਾ ਮਾਰਗ ਤਬਦੀਲੀ**

| ਰੇਲਗੱਡੀ ਨੰ: ਅਤੇ ਰੇਲਗੱਡੀ ਦਾ ਨਾਮ | ਤਬਦੀਲੀ ਮਾਰਗ | ਮਿਤੀ(ਆਂ) ਸ਼ੁਰੂ ਸਟੇਸ਼ਨ ਤੋਂ |
|---|---|---|
| 11906 ਹੋਸ਼ਿਯਾਰ ਪੁਰ-ਆਗਰਾ ਕੈਂਟ ਐਕਸਪ੍ਰੈਸ | ਲੁਧਿਆਣਾ ਜੰ:-ਧੁਰੀ-ਜਾਖਲ ਜੰ:-ਨਵੀਂ ਦਿੱਲੀ | 18.07.2024 |
| 12446 ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ-ਨਵੀਂ ਦਿੱਲੀ ਐਕਸਪ੍ਰੈਸ | | 18.07.2024 |

**ਰੇਲਗੱਡੀਆਂ ਦਾ ਪੁਨਰਨਿਰਧਾਰਣ**

ਰੇਲਗੱਡੀ ਨੰਬਰ 12426 ਜੰਮੂ ਤਵੀ-ਨਵੀਂ ਦਿੱਲੀ ਐਕਸਪ੍ਰੈਸ 18.07.2024 ਨੂੰ ਜੰਮੂ ਤਵੀ ਤੋਂ (150 ਮਿਨਟ) ਤੋਂ 23:55 ਵਜੇ ਪ੍ਰਸਥਾਨ ਕਰੇਗੀ ।

**ਰੇਲਗੱਡੀਆਂ ਦਾ ਵਿਨਿਯਮਨ**

| ਰੇਲਗੱਡੀ ਨੰ: ਅਤੇ ਰੇਲਗੱਡੀ ਦਾ ਨਾਮ | ਵਿਨਿਯਮਨ ਦੀ ਅਵੱਧੀ | ਮਿਤੀ(ਆਂ) ਸ਼ੁਰੂ ਸਟੇਸ਼ਨ ਤੋਂ |
|---|---|---|
| 04076 ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ-ਨਵੀਂ ਦਿੱਲੀ ਐਕਸ. ਵਿਸ਼ੇਸ਼ | ਅੰਬਾਲਾ ਮੰਡਲ ਵਿਚ 35 ਮਿਨਟ | 18.07.2024 |
| 19411 ਸਾਬਰਮਤੀ-ਦੋਲਤਪੁਰ ਚੌਕ ਐਕਸਪ੍ਰੈਸ | ਢੋਲਾ ਮਾਜਰਾ ਵਿਚ 20 ਮਿਨਟ | 18.07.2024 |

ਨੋਟ: ਵਿਸ਼ੇਸ਼ ਜਾਂ ਦੇਰੀ ਤੋਂ ਚਲਨ ਵਾਲੀ ਰੇਲਗੱਡੀਆਂ ਨੂੰ ਉਸਅਨੁਸਾਰ ਰੋਕ ਕੇ ਚਲਾਈ ਜਾਵੇਗੀ ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਉਪਰੋਕਤ ਰੇਲਗੱਡੀਆਂ ਦੇ ਮਾਰਗ ਵਿਚ ਪੈਣ ਵਾਲੇ ਸਟੇਸ਼ਨਾਂ ਅਤੇ ਉਨ੍ਹਾਂ ਦੀ ਪੂਰੀ ਸਮੇਂ-ਸਾਰਣੀ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੇਬਸਾਈਟ https://enquiry.indianrail.gov.in ਜਾਂ NTES App ਦੇਖੋ ।

ਸਾਨੂੰ ਫਾਲੋ ਕਰੋ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਉੱਤਰ ਰੇਲਵੇ
ਤੁਹਾਡੀ ਸੁਵਿਧਾ - ਸਾਡਾ ਸ਼੍ਰੇਯ
ਸਾਨੂੰ www.nr.indianrailways.gov.in ਉਤੇ ਮਿਲੋ
2144/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



## ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ
## ਪ੍ਰੀਖਣ ਅਤੇ ਤਕਨੀਕੀ ਸਿੱਖਿਆ ਨਿਦੇਸ਼ਾਲਾ

ਮੁਨੀ ਮਾਇਆ ਰਾਮ ਮਾਰਗ, ਪੀਤਮਪੁਰਾ, ਦਿੱਲੀ-110034
ਵੈੱਬਸਾਈਟ: https://tte.delhi.gov.in

### ਪੂਰਣਕਾਲਿਕ ਡਿਪਲੋਮਾ ਪ੍ਰਵੇਸ਼ 2024-25

ਅਕਾਦਮਿਕ ਸੈਸ਼ਨ 2024-2025 ਦੇ ਲਈ ਤਕਨੀਕੀ ਸਿੱਖਿਆ ਬੋਰਡ, ਦਿੱਲੀ ਦੇ ਤਹਿਤ ਸਰਕਾਰੀ ਸਹਾਇਤਾ ਪ੍ਰਾਪਤ/ਨਿਜੀ ਰੂਪ ਤੋਂ ਪ੍ਰਬੰਧਿਤ ਸਵ-ਵਿਤਪੋਸ਼ਿਤ ਸੰਸਥਾਨਾਂ ’ਚ ਚਲ ਰਹੇ ਏਆਈਸੀਟੀਈ/ਪੀਸੀਆਈ/ਸੀਓਏ ਅਨੁਮੋਦਿਤ ਪੂਰਣਕਾਲਿਕ ਡਿਪਲੋਮਾ ਪ੍ਰੋਗਰਾਮਾਂ ’ਚ ਪ੍ਰਵੇਸ਼ ਦੇ ਲਈ ਉਮੀਦਵਾਰਾਂ ਤੋਂ ਔਨਲਾਈਨ ਆਵੇਦਨ ਆਮੰਤ੍ਰਿਤ ਕੀਤੇ ਜਾਂਦੇ ਹਨ।

ਸੰਸਥਾਨ ਦਾ ਵੇਰਵਾ, ਪ੍ਰਸਤਾਵਿਤ ਪਾਠਕ੍ਰਮ ਅਤੇ ਹੋਰ ਜਾਣਕਾਰੀ ਵੇਬਸਾਈਟ *https://tte.delhi.gov.in* ‘ਤੇ ਉਪਲਬਧ ਸੂਚਨਾ ਬੁਲੇਟਿਨ ਵਿੱਚ ਦੇਖੀ ਜਾ ਸਕਦੀ ਹੈ ਅਤੇ ਔਨਲਾਈਨ ਦਾਖਲਾ ਪੋਰਟਲ *https://dtte.ucanapply.com* ਹੈ।

**ਮਹੱਤਵਪੂਰਨ ਮਿਤੀਆਂ ***

| | |
|---|---|
| ਰਜਿਸਟ੍ਰੇਸ਼ਨ ਸ਼ੁਰੂ ਹੋਣ ਦੀ ਮਿਤੀ * * | :19.06.2024 |
| ਵਿਸਤਾਰਿਤ ਪੰਜੀਕਰਨ ਅਤੇ ਸ਼ੁਲਕ ਜਮ੍ਹਾਂ ਕਰਨ ਦੀ ਅੰਤਿਮ ਮਿਤੀ ਕਰਨ ਦੀ ਆਖਰੀ ਮਿਤੀ | : 02.08.2024 |
| ਸੰਭਾਵਿਤ ਔਨਲਾਈਨ ਕੌਮਨ ਏਂਟ੍ਰੇਂਸ ਟੇਸਟ | : 10.08.24 ਅਤੇ 11.08.2024 |

* ਕਿਰਪਾ ਸ਼ੇਡਿਊਲ ’ਚ ਕਿਸੀ ਵੀ ਅਪਡੇਟ ਦੇ ਲਈ ਐਡਮਿਸ਼ਨ ਪੋਰਟਲ ਦੇਖੋ

** ਔਨਲਾਈਨ ਪੰਜੀਕਰਨ ਦੇ ਸਮੇਂ 500/- ਰੁਪਏ (ਗੇਰ-ਵਾਪਸੀ ਯੋਗ) ਪੰਜੀਕਰਨ ਸ਼ੁਲਕ ਦੇਯ ਹੈ

ਕਿਸੇ ਵੀ ਜਾਣਕਾਰੀ ਲਈ, ਕਿਰਪਾ ਕਰਕੇ ਸੰਪਰਕ ਕਰੋ:
ਪ੍ਰਵੇਸ਼ ਹਾਲ, ਕਮਰਾ ਨੰਬਰ 5, ਤਕਨੀਕੀ ਸਿੱਖਿਆ ਬੋਰਡ,
ਮੁਨੀ ਮਾਇਆ ਰਾਮ ਮਾਰਗ, ਪੀਤਮਪੁਰਾ, ਦਿੱਲੀ-110034
ਈ-ਮੇਲ: dtteonline@gmail.com ਫੋਨ: 011-27323161

ਨਿਰਦੇਸ਼ਕ
ਪ੍ਰੀਖਣ ਅਤੇ ਤਕਨੀਕੀ ਸਿੱਖਿਆ ਨਿਦੇਸ਼ਾਲਾ, ਦਿੱਲੀ

DIP/Shabdarth/Classified/0122/24-25

# ਪਾਠਕਾਂ ਦੀ ਕਲਮ ਤੋਂ

## ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ



ਬਰਜਿੰਦਰ ਕੌਰ ਬਿਸਰਾਓ
9988901324

ਗੁਰੂ ਨਾਨਕ ਦੇਵ ਜੀ ਦੇ ਮਹਾਂ ਵਾਕ ÷ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ÷ ਅਨੁਸਾਰ ਮਨੁੱਖੀ ਜੀਵਨ ਵਿੱਚ ਫ਼ਿੱਕਾ ਬੋਲਣ ਵਾਲੇ ਦੀ ਅਵਸਥਾ ਦਾ ਸਹਿਜ ਸੁਭਾਅ ਹੀ ਪਤਾ ਲੱਗਦਾ ਹੈ ਕਿ ਜਿਹੜਾ ਮਨੁੱਖ ਦੂਜਿਆਂ ਨੂੰ ਫਿੱਕੇ ਜਾਂ ਕੌੜੇ ਬੋਲ ਬੋਲਦਾ ਹੈ ਪਹਿਲਾਂ ਤਾਂ ਉਸ ਦੇ ਮਨ ਅੰਦਰ ਭੈੜੇ ਵਿਚਾਰ ਉਤਪੰਨ ਹੋ ਕੇ ਉਹ ਜ਼ੁਬਾਨ ਰਾਹੀਂ ਬਾਹਰ ਆਉਂਦੇ ਹਨ। ਫਿਰ ਇਹੋ ਜਿਹੇ ਭੈੜੇ ਬਚਨ ਬੋਲਣ ਵਾਲੇ ਦਾ ਸਮਾਜ ਵਿੱਚ ਵੀ ਕੋਈ ਸਤਿਕਾਰ ਨਹੀਂ ਰਹਿ ਜਾਂਦਾ।ਇਸ ਦੀ ਪ੍ਰਤੀਕਿਰਿਆ ਇਹ ਹੁੰਦੀ ਹੈ ਕਿ ਜਦੋਂ ਕੋਈ ਕਿਸੇ ਨੂੰ ਕੌੜੇ ਬੋਲ ਬੋਲਦਾ ਹੈ ਤਾਂ ਬੁਰਾ ਬੋਲਣ ਵਾਲੇ ਦਾ ਮਨ ਵੀ ਅੰਦਰੋ ਅੰਦਰ ਖਿਝਦਾ ਸੜਦਾ ਰਹਿੰਦਾ ਹੈ,ਹਰ ਵੇਲ਼ੇ ਖਿਝੇ ਸੜੇ ਰਹਿਣ ਕਾਰਨ ਸਿਹਤਮੰਦ ਵਿਅਕਤੀ ਵੀ ਛੋਤੀ ਰੋਗ ਸਹੇੜ ਲੈਂਦਾ ਹੈ।

ਅੱਜ ਦੇ ਜ਼ਮਾਨੇ ਵਿੱਚ ਸਮੇਂ ਦੇ ਬਦਲਾਅ ਦੇ ਨਾਲ ਨਾਲ ਕੌੜਾ ਬੋਲਣ ਦਾ ਤਰੀਕਾ ਵੀ ਬਦਲ ਰਿਹਾ ਹੈ,ਜਿਹੜੀ ਮਨ ਵਿੱਚ ਪਾਲੀ ਹੋਈ ਕੁੜੱਤਣ ਸਾਹਮਣੇ ਆ ਕੇ ਨਾ ਬੋਲੀ ਜਾਵੇ ਤਾਂ ਉਸ ਨੂੰ ਆਪਣੇ ਲਫ਼ਜ਼ਾਂ ਰਾਹੀਂ ਜਾਂ ਫੋਨ ਤੇ ਭੜਾਸ ਕੱਢ ਕੇ ਬਿਆਨ ਕੀਤੀ ਜਾਂਦੀ ਹੈ। ਇਹ ਤਰੀਕਾ ਆਮ ਕਰਕੇ ਸੋਸ਼ਲ ਮੀਡੀਆ ਤੇ ਵਰਤਿਆ ਜਾਂਦਾ ਹੈ। ਕੋਈ ਖ਼ਬਰਾਂ ਦੇ ਚੈਨਲਾਂ ਜਾਂ ਵੱਡੀਆਂ ਸ਼ਖ਼ਸੀਅਤਾਂ ਦੀਆਂ ਪੋਸਟਾਂ ਤੇ ਕੀਤੇ ਹੋਏ ਕੁਮੈਂਟਾਂ ਰਾਹੀਂ ਐਨੀ ਭੱਦੀ ਅਤੇ ਅਸਭਿਅਕ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ ਕਿ ਪੜ੍ਹਨ ਵਾਲੇ ਨੂੰ ਸ਼ਰਮ ਮਹਿਸੂਸ ਹੁੰਦੀ ਹੈ। ਦੂਜਿਆਂ ਪ੍ਰਤੀ ਵਰਤੀ ਗਈ ਭੱਦੀ ਭਾਸ਼ਾ ਰਾਹੀਂ ਉਹੋ ਜਿਹੇ ਲੋਕਾਂ ਦੀ ਰਹਿਣੀ ਬਹਿਣੀ, ਪਰਿਵਾਰਕ ਪਿਛੋਕੜ,ਪਰਵਰਿਸ਼,ਸੰਸਕਾਰ ਅਤੇ ਸੋਚ ਦੀ ਨੁਮਾਇਸ਼ ਲੱਗਦੀ ਹੈ ਜਿਸਨੂੰ ਪੜ੍ਹਕੇ ਹਰ ਕੋਈ ਉਹੋ ਜਿਹੇ ਲੋਕਾਂ ਦੇ ਬਹੁਤ ਘਟੀਆ ਆਚਰਣ ਦੇ ਮਾਲਕ ਹੋਣ ਦਾ ਸਹਿਜੇ ਹੀ ਅੰਦਾਜ਼ਾ ਲਗਾ ਸਕਦਾ ਹੈ। ਵੈਸੇ ਵੀ ਅੱਜਕਲ੍ਹ ਬਹੁਤੇ ਲੋਕਾਂ ਦੇ ਅੰਦਰੀਂ ਮਿੱਠਾ (ਸ਼ੂਗਰ) ਅਤੇ ਜ਼ੁਬਾਨ ਤੇ ਕੁੜੱਤਣ ਭਰੀ ਪਈ ਹੈ। ਜ਼ੁਬਾਨ ਦੀ ਕੁੜੱਤਣ ਕਾਰਨ ਜਿੱਥੇ ਇਹੋ ਜਿਹੇ ਲੋਕ ਆਪ ਕਦੇ ਖ਼ੁਸ਼ ਨਹੀਂ ਰਹਿ ਸਕਦੇ,ਉੱਥੇ ਇਹੋ ਜਿਹੇ ਬੰਦੇ ਕੌੜੇ ਬੋਲ ਬੋਲ ਕੇ ਚੰਗੇ ਭਲੇ ਹੱਸਦੇ ਮਨੁੱਖ ਦੀ ਰੂਹ ਨੂੰ ਸਾੜ ਕੇ ਰੱਖ ਦਿੰਦੇ ਹਨ।ਇਹੋ ਜਿਹੇ ਲੋਕ ਆਪਣਾ ਆਲਾ ਦੁਆਲਾ ਤਾਂ ਤਣਾਅ ਭਰਪੂਰ ਰੱਖਦੇ ਹੀ ਹਨ, ਆਪਣੇ ਆਲ਼ੇ ਦੁਆਲ਼ੇ ਵਿੱਚ ਵਿਚਰਦੇ ਹੋਏ ਲੋਕਾਂ ਦਾ ਮਾਹੌਲ ਵੀ ਤਣਾਅ ਭਰਪੂਰ ਕਰ ਦਿੰਦੇ ਹਨ। ਕੌੜੇ ਬੋਲ ਬੋਲਣ ? ਵਾਲਿਆਂ ਕਾਰਨ ਕਈ ਵਾਰ ਵੱਡੇ ਵੱਡੇ ਕਾਰਜਾਂ ਵਿੱਚ ਵਿਘਨ ਪੈ ਜਾਂਦੇ ਹਨ।ਖ਼ੁਸ਼ੀਆਂ ਦੇ ਮਾਹੌਲ ਨੂੰ ਲੜਾਈਆਂ ਝਗੜਿਆਂ ਵਿੱਚ ਬਦਲਣ ਵਾਲੇ ਇਹੋ ਜਿਹੇ ਲੋਕ ਹੀ ਹੁੰਦੇ ਹਨ। ਇਹ ਉਹ ਲੋਕ ਹੁੰਦੇ ਹਨ ਜੋ ਦੂਜਿਆਂ ਦੀ ਆਲੋਚਨਾ ਕਰਨਾ,ਰੁੱਖਾ ਬੋਲਣਾ ਅਤੇ ਦੂਜੇ ਨੂੰ ਨੀਵਾਂ ਦਿਖਾਉਣਾ ਆਪਣਾ ਪਰਮ ਧਰਮ ਸਮਝਦੇ ਹਨ।ਇਹ ਲੋਕ ਬਾਕੀ ਲੋਕਾਂ ਤੋਂ ਆਪਣੇ ਆਪ ਨੂੰ ਵੱਡਾ ਅਤੇ ਦੂਜਿਆਂ ਨੂੰ ਛੋਟਾ ਤੇ ਘਟੀਆ ਜਿਹਾ ਸਮਝ ਕੇ ਆਪਣੀ ਅਕਲ ਦੇ ਵੱਖਰੇ ਹੀ ਘੋੜੇ ਦੜਾਉਂਦੇ ਰਹਿੰਦੇ ਹਨ। ਇਹਨਾਂ ਦੀ ਨਿਗਾਹ ਐਨੀ ਫੁੱਲੀ ਹੋਈ ਹੁੰਦੀ ਹੈ ਕਿ ਆਪਣੇ ਅਖੌਤੀ ਉੱਚੇ ਕੱਦ ਹੇਠ ਸਾਰੀ ਦੁਨੀਆਂ ਬੌਣੀ ਜਾਪਦੀ ਹੈ।

ਕੌੜਾ ਬੋਲਣ ਵਾਲੇ ਲੋਕਾਂ ਨੇ ਜਿੱਥੇ ਸਮਾਜ, ਰਿਸ਼ਤਿਆਂ ਜਾਂ ਆਪਣੇ ਦਫ਼ਤਰੀ ਮਾਹੌਲ ਨੂੰ ਖ਼ਰਾਬ ਕਰਨ ਦਾ ਠੇਕਾ ਲੈ ਰੱਖਿਆ ਹੁੰਦਾ ਹੈ ਉੱਥੇ ਆਪਣੇ ਘਰ ਮਾਹੌਲ ਵੀ ਬਹੁਤ ਸੌੜਾ ਕਰਕੇ ਰੱਖਿਆ ਹੁੰਦਾ ਹੈ। ਜਿਸ ਵਿੱਚ ਨਾ ਕੋਈ ਖੁੱਲ੍ਹ ਕੇ ਹੱਸ ਸਕਦਾ ਹੁੰਦਾ ਹੈ ਤੇ ਨਾ ਹੀ ਕੋਈ ਆਪਣੇ ਦਿਲ ਦੀ ਗੱਲ ਦੂਜਿਆਂ ਅੱਗੇ ਪੇਸ਼ ਕਰ ਸਕਦਾ ਹੈ।ਇਹੋ ਜਿਹੇ ਲੋਕਾਂ ਦੇ ਬੱਚੇ ਡਰੇ ਡਰੇ ਤੇ ਸਹਿਮੇ ਸਹਿਮੇ ਦਿਖਾਈ ਦਿੰਦੇ ਹਨ ਤੇ ਮੌਕਾ ਮਿਲਦੇ ਹੀ ਲੱਤ ਮਾਰ ਕੇ ਦੂਰ ਹੋ ਜਾਂਦੇ ਹਨ। ਇਹੋ ਜਿਹੇ ਇਨਸਾਨ ਦੇ ਜੀਵਨ ਸਾਥੀ ਦਾ ਤਾਂ ਦੁਨੀਆ ਤੇ ਆਉਣਾ ਹੀ ਬੇਕਾਰ ਹੋ ਜਾਂਦਾ ਹੈ। ਇੱਕ ਵਿੱਕਾ ਬੋਲਣ ਵਾਲੇ ਇਨਸਾਨ ਕਾਰਨ ਕਿੰਨੇ ਲੋਕ ਦੁਖੀ ਹੁੰਦੇ ਹਨ ਇਸ ਦਾ ਉਸ ਨੂੰ ਕੋਈ ਅੰਦਾਜ਼ਾ ਨਹੀਂ ਹੁੰਦਾ,ਉਹ ਤਾਂ ਸਿਰਫ਼ ਆਪਣੇ ਤਾਨਾਸ਼ਾਹੀ ਰਵੱਈਏ ਰਾਹੀਂ ਲੋਕਾਂ ਤੇ ਹਾਵੀ ਹੋਣ ਨੂੰ ਆਪਣਾ ਵਡੱਪਣ ਸਮਝਦੇ ਹਨ ਜਦ ਕਿ ਇਸ ਤੋਂ ਛੁੱਟਦਿਲਾਪਣ ਹੋਰ ਕੁਝ ਹੋ ਨਹੀਂ ਸਕਦਾ।

ਸਿਆਣਿਆਂ ਨੇ ਠੀਕ ਹੀ ਕਿਹਾ ਹੈ ਕਿ ਤਲਵਾਰ ਦੇ ਫੱਟ ਤਾਂ ਮਿਟ ਜਾਂਦੇ ਹਨ ਪਰ ਜ਼ੁਬਾਨ ਦੇ ਫੱਟ ਕਦੇ ਨਹੀਂ ਮਿਟਦੇ। ਕਿਸੇ ਮਨੁੱਖ ਦੁਆਰਾ ਵੀ ਦੂਜਿਆਂ ਲਈ ਬੋਲੇ ਫਿੱਕੇ,ਮੰਦੇ, ਮਾੜੇ ਜਾਂ ਕੌੜੇ ਬੋਲ ਕਦੇ ਨਹੀਂ ਮਿਟਦੇ ਚਾਹੇ ਸੌ ਵਾਰ ਉਹੀ ਇਨਸਾਨ ਚੰਗਾ ਬਣ ਕੇ ਦੂਜੇ ਅੱਗੇ ਚਲਿਆ ਜਾਵੇ।ਇਸ ਤੋਂ ਉਲਟ ÷ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ÷ ਦੇ ਵਾਕ ਅਨੁਸਾਰ ਮਿੱਠੇ ਬੋਲ ਬੋਲਣ ਲਈ ਸਾਨੂੰ ਕੋਈ ਕ ?ਮਿਤ ਨਹੀਂ ਅਦਾ ਕਰਨੀ ਪੈਂਦੀ, ਸਗੋਂ ਸਭ ਤੋਂ ਹਰ ਥਾਂ ਵਡਿਆਈ, ਪਿਆਰ ਅਤੇ ਸਤਿਕਾਰ ਮਿਲਦਾ ਹੈ। ਮਿੱਠਾ ਬੋਲਣ ਵਾਲੇ ਲੋਕ ਜਿੱਥੇ ਦੂਜਿਆਂ ਦੇ ਹਿਰਦੇ ਠਾਰ ਦਿੰਦੇ ਹਨ ਉੱਥੇ ਹੀ ਕੌੜਾ ਬੋਲਣ ਵਾਲੇ ਦੂਜਿਆਂ ਦੇ ਹਿਰਦੇ ਸਾੜ ਦਿੰਦੇ ਹਨ।

# ਨਿਊਜ਼ ਚੈਨਲ ਪਰੋਸ ਰਹੇ ਹਨ ਮਨੋਰੰਜਨ

ਪ੍ਰੋ. ਕੁਲਬੀਰ ਸਿੰਘ
9417153513



ਭਾਰਤ ਵਿਚ ਤੁਸੀਂ ਕਿਤੇ ਵੀ ਜਾਓਗੇ ਟੈਲੀਵਿਜ਼ਨ 'ਤੇ ਭਾਰਤੀ ਨਿਊਜ਼ ਚੈਨਲ ਚੱਲਦੇ ਨਜ਼ਰ ਆਉਣਗੇ ਕਿਉਂਕਿ ਇਨ੍ਹਾਂ ਨੇ ਮਨੋਰੰਜਨ ਦੀ ਜ਼ਿੰਮੇਵਾਰੀ ਵੀ ਸੰਭਾਲ ਲਈ ਹੈ।

ਹਰ ਰੋਜ਼, ਹਰ ਹਫ਼ਤੇ, ਹਰ ਮਹੀਨੇ ਕੋਈ ਨਾ ਕੋਈ ਅਜਿਹੀ ਸਟੋਰੀ ਇਨ੍ਹਾਂ ਨੂੰ ਮਿਲ ਜਾਂਦੀ ਹੈ ਜਿਸ ਰਾਹੀਂ ਦਰਸ਼ਕਾਂ ਦਾ ਚੋਖਾ ਮਨੋਰੰਜਨ ਹੋ ਜਾਂਦਾ ਹੈ। ਖ਼ਬਰ ਭਾਵੇਂ ਬੇਹੱਦ ਦੁਖਾਂਤਕ ਹੋਵੇ ਉਹਦੇ ਵਿਚੋਂ ਵੀ ਮਨੋਰੰਜਨ ਪੈਦਾ ਕਰ ਲੈਣਾ ਇਨ੍ਹਾਂ ਦੇ ਖੱਬੇ ਹੱਥ ਦੀ ਖੇਡ ਹੈ। ਰੋਜ਼ਾਨਾ ਅਜੀਤ ਵਿਚ ਬੀਤੇ ਦਿਨੀਂ ਇਕ ਕਾਰਟੂਨ ਛਪਿਆ ਸੀ। ਸਾਰਾ ਪਰਿਵਾਰ ਬੈਠ ਕੇ ਬੜੀ ਉਤਸੁਕਤਾ ਨਾਲ ਟੀ.ਵੀ. ਵੇਖ ਰਿਹਾ ਹੈ। ਇਕ ਔਰਤ ਕਹਿ ਰਹੀ ਹੈ, ;ਮਹਾਂਰਾਸ਼ਟਰ ਦੀਆਂ ਸਿਆਸੀ ਖ਼ਬਰਾਂ ਸੀਰੀਅਲਾਂ ਨਾਲੋਂ ਵੀ ਦਿਲਚਸਪ ਤੇ ਰੁਮਾਂਚਕ ਹਨ।

ਅੱਜ ਨਿਊਜ਼ ਚੈਨਲਾਂ ਅਤੇ ਮਨੋਰੰਜਨ ਚੈਨਲਾਂ ਵਿਚਾਲੇ ਅੰਤਰ ਕਰਨਾ ਮੁਸ਼ਕਲ ਹੋ ਗਿਆ ਹੈ। ਨਿਊਜ਼ ਚੈਨਲਾਂ ਲਈ ਹੁਣ ਕਿਸੇ ਨਵੇਂ ਨਾਂ, ਨਵੀਂ ਸ਼੍ਰੇਣੀ ਦੀ ਲੋੜ ਮਹਿਸੂਸ ਹੋਣ ਲੱਗੀ ਹੈ। ਇਹੀ ਨਹੀਂ ਨਵੀਂ ਪਰਿਭਾਸ਼ਾ ਵੀ ਘੜ ਲੈਣੀ ਚਾਹੀਦੀ ਹੈ।

ਨਵੀਂ ਪਰਿਭਾਸ਼ਾ ਘੜ ਵੀ ਲਈ ਗਈ ਹੈ। ਨਿਊਜ਼ ਚੈਨਲ ਆਰੰਭ ਕਰਨ ਲਈ ਸਰਕਾਰ ਤੋਂ, ਵੱਖ-ਵੱਖ ਮਹਿਕਮਿਆਂ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ। ਮਨਜ਼ੂਰੀ ਦੀ ਪ੍ਰਕਿਰਿਆ ਨੂੰ ਸੌਖਾ ਕਰਨ ਲਈ ਅਜਿਹਾ ਕੀਤਾ ਜਾਣ ਲੱਗਾ ਹੈ। ਭਾਰਤੀ ਨਿਊਜ਼ ਚੈਨਲ ਆਪਣੇ ਪ੍ਰੋਗਰਾਮਾਂ ਦੀ ਰੂਪ-ਰੇਖਾ ਬੜੀ ਚੁਸਤੀ ਚਲਾਕੀ ਨਾਲ ਤਿਆਰ ਕਰਦੇ ਹਨ। ਇਕ ਤਾਂ ਉਹ ਖ਼ਬਰਾਂ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕਰਦੇ ਹਨ ਅਰਥਾਤ ਖ਼ਬਰਾਂ ਨੂੰ ਦਿਲਚਸਪ, ਆਕਰਸ਼ਕ, ਸਨਸਨੀਖੇਜ਼ ਅਤੇ ਨਾਟਕੀ ਢੰਗ ਨਾਲ ਪੇਸ਼ ਕਰਦੇ ਹਨ। ਦੂਸਰਾ ਸਿੱਧੇ ਤੌਰ 'ਤੇ ਮਨੋਰੰਜਨ ਜਗਤ ਦੀਆਂ ਖ਼ਬਰਾਂ ਪਰੋਸਦੇ ਹਨ। ਦਰਸ਼ਕਾਂ ਦੇ ਇਕ ਵਰਗ-ਵਿਸ਼ੇਸ਼ ਦੀ ਅਜਿਹੀਆਂ ਖ਼ਬਰਾਂ ਵਿਚ ਰੁਚੀ ਵਧ ਰਹੀ ਹੈ। ਇਕ ਸਰਵੇ ਅਨੁਸਾਰ ਮਨੋਰੰਜਨ ਨਾਲ ਸਬੰਧਤ ਖ਼ਬਰਾਂ ਦੀ ਫ਼ੀਸਦੀ ਪਿਛਲੇ ਸਾਲਾਂ ਦੌਰਾਨ ਲਗਾਤਾਰ ਵਧੀ ਹੈ। ਕਈ ਨਿਊਜ਼ ਚੈਨਲ ਤਾਂ ਸੀਰੀਅਲਾਂ ਦੇ ਨਾਂ 'ਤੇ ਹੀ ਪ੍ਰੋਗਰਾਮ ਪੇਸ਼ ਕਰਨ ਤੱਕ ਚਲੇ ਗਏ ਹਨ। ਫ਼ਿਲਮ ਸਮੱਗਰੀ ਨੂੰ ਨਿਊਜ਼ ਚੈਨਲ ਆਪਣੇ-ਆਪਣੇ ਢੰਗ ਨਾਲ ਪ੍ਰਸਾਰਿਤ ਕਰ ਰਹੇ ਹਨ।

ਇਉਂ ਲੱਗਦਾ ਹੈ ਜਿਵੇਂ ਖ਼ਬਰ ਦੀ ਪਰਿਭਾਸ਼ਾ ਅਤੇ ਖ਼ਬਰ ਪ੍ਰਤੀ ਸਾਡਾ ਨਜ਼ਰੀਆ ਹੀ ਬਦਲ ਗਿਆ ਹੈ। ਇਕ ਹੋਰ ਸਰਵੇ ਵਿਚ 73.9 ਫ਼ੀਸਦੀ ਭਾਰਤੀਆਂ ਨੇ ਕਿਹਾ ਕਿ ਭਾਰਤੀ ਨਿਊਜ਼ ਚੈਨਲ ਖ਼ਬਰਾਂ ਨਾਲੋਂ ਵੱਧ ਮਨੋਰੰਜਨ ਦਾ ਸਰੋਤ ਬਣ ਗਏ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਰਵੇ ਦੌਰਾਨ ਹਰੇਕ ਵਰਗ ਦੇ ਦਰਸ਼ਕਾਂ ਦੁਆਰਾ ਕੀਤਾ ਗਿਆ।

ਮੀਡੀਆ ਅਤੇ ਮਨੋਰੰਜਨ ਦਾ ਹਮੇਸ਼ਾ ਨੇੜਲਾ ਰਿਸ਼ਤਾ ਰਿਹਾ ਹੈ ਪਰੰਤੂ ਸਮਾਂ ਪਾ ਕੇ ਨਿਊਜ਼ ਚੈਨਲ ਅੱਧੇ ਮਨੋਰੰਜਨ ਚੈਨਲ ਬਣ ਜਾਣਗੇ ਕਦੇ ਕਿਸੇ ਨੇ ਨਹੀਂ ਸੋਚਿਆ ਸੀ। ਭਾਰਤ ਦੁਨੀਆਂ ਦਾ ਪੰਜਵਾਂ ਸਭ ਤੋਂ ਵੱਡਾ ਮੀਡੀਆ ਤੇ ਮਨੋਰੰਜਨ ਬਜ਼ਾਰ ਹੈ। ਅਜਿਹੇ ਮਾਹੌਲ ਵਿਚ ਨਿਊਜ਼ ਚੈਨਲਾਂ ਦਾ ਮਨੋਰੰਜਨ ਖੇਤਰ ਵੱਲ ਖਿਸਕਦੇ ਜਾਣਾ ਅਚੰਭੇ ਭਰਿਆ ਵੀ ਹੈ ਅਤੇ ਚੁਣੌਤੀ ਭਰਿਆ ਵੀ। ਨਿਊਜ਼ ਚੈਨਲਾਂ ਦੇ ਇਸ ਸੰਕਟ ਸਬੰਧੀ ਸੋਚਦਿਆਂ ਸਭ ਤੋਂ ਵੱਡਾ ਸਵਾਲ ਮਨ ਵਿਚ ਇਹੀ ਉਭਰਦਾ ਹੈ ਕਿ ਉਹ ਚੀਜ਼ ਕਿੱਥੇ ਹੈ, ਜਿਸਨੂੰ ਕਦੇ ਪੱਤਰਕਾਰੀ ਕਿਹਾ ਜਾਂਦਾ ਸੀ। ਬਾਕੀ ਨਫ਼ੇ-ਨੁਕਸਾਨ ਲਾਂਭੇ ਵੀ ਧਰ ਦਈਏ ਤਾਂ ਸਭ ਤੋਂ ਵੱਡਾ ਨੁਕਸਾਨ ਉਸ ਪੱਤਰਕਾਰੀ ਦਾ ਹੋ ਰਿਹਾ ਹੈ।

ਭਾਰਤੀ ਨਿਊਜ਼ ਚੈਨਲਾਂ ਨੂੰ ਜਦ ਪਤਾ ਲੱਗਾ ਕਿ ਮਨੋਰੰਜਨ-ਸਮੱਗਰੀ ਨਾਲ ਟੀ.ਆਰ.ਪੀ. ਵੱਧਦੀ ਹੈ ਤਾਂ ਉਨ੍ਹਾਂ ਨੇ ਫ਼ਿਲਮ ਉਦਯੋਗ ਵੱਲ ਰੁਖ਼ ਕੀਤਾ। ਹੁਣ ਨਿਊਜ਼ ਚੈਨਲ ਮਨੋਰੰਜਨ ਸਮੱਗਰੀ ਲਈ ਵੱਖਰੀ ਟੀਮ ਰੱਖਣ ਲੱਗ ਗਏ ਹਨ। ਬਾਲੀਵੁੱਡ ਤੋਂ ਬਾਅਦ ਮਨੋਰੰਜਨ ਚੈਨਲਾਂ ਤੋਂ ਮਸਾਲਾ ਲਿਆ ਜਾ ਰਿਹਾ ਹੈ। ਇਹਦੇ ਲਈ ਨਿਊਜ਼ ਚੈਨਲਾਂ ਦੀ ਨਜ਼ਰ ਸੀਰੀਅਲ, ਕਾਮੇਡੀ ਸ਼ੋਅ ਅਤੇ ਰਿਆਲਿਟੀ ਸ਼ੋਅ 'ਤੇ ਰਹਿੰਦੀ ਹੈ। ਇਸ ਮਕਸਦ ਲਈ ਜਦ ਕੋਈ ਚੈਨਲ ਕੋਈ ਨਵਾਂ ਪ੍ਰੋਗਰਾਮ ਸ਼ੁਰੂ ਕਰਦਾ ਹੈ ਤਾਂ ਉਸੇ ਤਰਜ਼ 'ਤੇ ਬਾਕੀ ਚੈਨਲ ਵੀ ਪ੍ਰੋਗਰਾਮ ਆਰੰਭ ਕਰ ਲੈਂਦੇ ਹਨ। ਨਕਲ ਕਰਨ ਅਤੇ ਆਈਡੀਆ ਚੁਰਾਉਣ ਦਾ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ।

ਆਨੇ ਬਹਾਨੇ ਫ਼ਿਲਮ ਅਤੇ ਟੈਲੀਵਿਜ਼ਨ ਕਲਾਕਾਰਾਂ ਨੂੰ ਚਰਚਾ ਵਿਚ ਸ਼ਾਮਲ ਕੀਤਾ ਜਾਂਦਾ ਹੈ ਜਾਂ ਬਾਈਟ ਰਾਹੀਂ ਦਰਸ਼ਕਾਂ ਰੂਬਰੂ ਲੈ ਆਉਂਦੇ ਹਨ। ਤੁਹਾਨੂੰ ਯਾਦ ਹੋਵੇਗਾ ਜਦ ਵੀ ਫ਼ਿਲਮ ਜਗਤ ਦੇ ਕਿਸੇ ਕਲਾਕਾਰ ਜਾਂ ਉਸਦੇ ਪਰਿਵਾਰਕ ਮੈਂਬਰ ਨਾਲ ਕੁਝ ਮਾੜਾ ਵਾਪਰਦਾ ਹੈ ਤਾਂ ਨਿਊਜ਼ ਚੈਨਲ ਕਿਵੇਂ ਮਹੀਨਿਆਂ ਤੱਕ ਉਸ ਸਟੋਰੀ ਨੂੰ ਖਿੱਚਦੇ ਹਨ। ਸੁਸ਼ਾਂਤ ਰਾਜਪੂਤ ਅਤੇ ਸ਼ਾਹਰੁਖ ਦੇ ਲੜਕੇ ਦੇ ਮਾਮਲੇ ਵਿਚ ਕੁਝ ਨਿਊਜ਼ ਚੈਨਲਾਂ ਨੇ ਕੀ ਕੁਝ ਕੀਤਾ ਅਜੇ ਤੁਹਾਨੂੰ ਭੁੱਲਿਆ ਨਹੀਂ ਹੋਵੇਗਾ। ਇੰਟਰਨੈਟ ਅਤੇ ਯੂਟਿਊਬ ਨੇ ਨਿਊਜ਼ ਚੈਨਲਾਂ ਦੀ ਇਸ ਅਜੀਬ ਲੋੜ ਨੂੰ ਮਜ਼ਬੂਤ ਨਮੂਨਾ ਦਿੱਤਾ ਹੈ। ਉਥੋਂ ਤਰ੍ਹਾਂ ਤਰ੍ਹਾਂ ਦੀ ਸਮੱਗਰੀ ਲੈ ਕੇ ਵਾਰ-ਵਾਰ ਪੇਸ਼ ਕਰਕੇ ਦਰਸ਼ਕਾਂ ਨੂੰ ਆਰਕਸ਼ਤ ਕੀਤਾ ਜਾਣ ਲੱਗਾ ਹੈ। ਅੱਜ ਸਥਿਤੀ ਇਹ ਹੈ ਕਿ ਬਹੁ-ਗਿਣਤੀ ਦਰਸ਼ਕ ਉਸੇ ਨੂੰ ਖ਼ਬਰ ਸਮਝ ਕੇ ਵੇਖੀ ਸੁਣੀ ਜਾ ਰਹੇ ਹਨ।

ਦਰਅਸਲ ਆਮ ਦਰਸ਼ਕਾਂ ਨੂੰ ਲਗਾਤਾਰ ਅਜਿਹੀ ਹਲਕੀ-ਫੁਲਕੀ ਸਮੱਗਰੀ ਵਿਖਾ ਕੇ ਉਸਦੀ ਆਦਤ ਪਾ ਦਿੱਤੀ ਗਈ ਹੈ। ਭਾਰਤੀ ਦਰਸ਼ਕਾਂ ਵਿਚ ਇਕ ਵੱਡਾ ਵਰਗ ਅਜਿਹਾ ਹੈ ਜਿਹੜਾ ਮਨੋਰੰਜਨ ਨੂੰ ਵਧੇਰੇ ਪਸੰਦ ਕਰਦਾ ਹੈ। ਹੌਲੀ-ਹੌਲੀ ਨਿਊਜ਼ ਚੈਨਲਾਂ 'ਤੇ ਮਨੋਰੰਜਨ ਸਮੱਗਰੀ ਦੀ ਅਨੁਪਾਤ ਵੱਧਦੀ ਜਾ ਰਹੀ ਹੈ। ਇਕ ਦਿਨ ਅਜਿਹਾ ਆਵੇਗਾ ਮਨੋਰੰਜਨ ਚੈਨਲਾਂ ਦੀ ਲੋੜ ਹੀ ਨਹੀਂ ਰਹੇਗੀ। ਦਰਸ਼ਕਾਂ ਦੀ ਮਨੋਰੰਜਨ ਦੀ ਭੁੱਖ ਖ਼ਬਰ ਚੈਨਲ ਹੀ ਪੂਰੀ ਕਰ ਦੇਣਗੇ।

# ਭੋਜਨ ਦੀ ਬਰਬਾਦੀ ਰੋਕੀ ਜਾਵੇ




ਰਜਵਿੰਦਰ ਪਾਲ ਸ਼ਰਮਾ
ਪਿੰਡ ਕਾਲਝਰਾਣੀ
ਡਾਕਖਾਨਾ ਚੱਕ ਅਤਰ ਸਿੰਘ ਵਾਲਾ
ਤਹਿ ਅਤੇ ਜ਼ਿਲ੍ਹਾ-ਬਠਿੰਡਾ
7087367969

ਕੁਦਰਤ ਦੁਆਰਾ ਪ੍ਰਦਾਨ ਕੀਤੇ ਗਏ ਮੁੱਢਲੇ ਅਤੇ ਪ੍ਰਮੁੱਖ ਸ੍ਰੋਤ ਹਵਾ ਅਤੇ ਪਾਣੀ ਤੋਂ ਬਾਅਦ ਮਨੁੱਖ ਦੇ ਜਿਉਂਦੇ ਰਹਿਣ ਲਈ ਭੋਜਨ ਦੀ ਪ੍ਰਾਪਤੀ ਜ਼ਰੂਰੀ ਹੈ।ਭੋਜਨ ਤੋਂ ਬਿਨਾਂ ਮਨੁੱਖ ਜ਼ਿਆਦਾ ਸਮੇਂ ਤੱਕ ਜਿਉਂਦਾ ਨਹੀਂ ਰਹਿ ਸਕਦਾ ਕਿਉਂਕਿ ਭੋਜਨ ਹੀ ਮਨੁੱਖੀ ਸਰੀਰ ਨੂੰ ਕੰਮ ਕਰਨ ਲਈ ਊਰਜਾ ਅਤੇ ਤਾਕਤ ਦਿੰਦਾ ਹੈ।ਹਰ ਇੱਕ ਵਿਅਕਤੀ ਆਪਣੀ ਕਮਾਈ ਅਤੇ ਲੋੜ ਅਨੁਸਾਰ ਵਧੀਆ ਅਤੇ ਸੰਤੁਲਿਤ ਭੋਜਨ ਖਾਣ ਦੀ ਕੋਸ਼ਿਸ਼ ਕਰਦਾ ਹੈ ਪਰ ਦਿਨੋ-ਦਿਨ ਵਧ ਰਹੀ ਮਹਿੰਗਾਈ ਕਰਕੇ ਵਿਅਕਤੀ ਆਪਣੀਆਂ ਰੋਜ਼ਾਨਾ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ ਅਸਮਰਥ ਹੁੰਦਾ ਜਾਪਦਾ ਹੈ।ਭੋਜਨ ਖਾਣ ਤੋਂ ਬਾਅਦ ਥਾਲੀ ਵਿੱਚ ਛੱਡਿਆ ਹੋਇਆ ਝੂਠਾ ਭੋਜਨ ਜਿੱਥੇ ਸਾਡੀ ਘਟੀਆ ਸੋਚ ਅਤੇ ਹੋਛੀ ਮਾਨਸਿਕਤਾ ਦਾ ਪ੍ਰਤੀਕ ਹੈ ਉੱਥੇ ਧਾਰਮਿਕ ਰੀਤੀ ਰਿਵਾਜਾਂ ਅਤੇ ਪਰੰਪਰਾਵਾਂ ਅਨੁਸਾਰ ਅੰਨ ਦੀ ਤੌਹੀਨ ਹੈ। ਅਜੋਕੇ ਵਿਆਹਾਂ, ਭੋਗਾਂ ਅਤੇ ਪਾਰਟੀਆਂ ਵਿੱਚ ਅਸੀਂ ਅਕਸਰ ਭੋਜਨ ਦੀ ਬਰਬਾਦੀ ਦੇਖਦੇ ਹਾਂ। ਸਾਡੇ ਦੁਆਰਾ ਛੱਡਿਆ ਅਤੇ ਸੁੱਟਿਆ ਹੋਇਆ ਝੂਠਾ ਭੋਜਨ ਕਿਸੇ ਹੋਰ ਲੋੜਮੰਦ ਵਿਅਕਤੀ ਦੇ ਪੇਟ ਦੀ ਅੱਗ ਬੁਝਾ ਸਕਦਾ ਹੈ।ਇੱਕ ਪਾਸੇ ਜਿੱਥੇ ਕੁਝ ਵਿਅਕਤੀ ਭੋਜਨ ਦੀ ਬਰਬਾਦੀ ਕਰਦੇ ਹਨ ਉਥੇ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਲੋੜਮੰਦਾਂ ਲਈ ਭੋਜਨ ਦੇ ਲੰਗਰ ਦਾ ਪ੍ਰਬੰਧ ਕਰਦੀਆਂ ਹਨ।ਭੋਜਨ ਦੀ ਬਰਬਾਦੀ ਰੋਕ ਕੇ ਜਿੱਥੇ ਅਸੀਂ ਇੱਕ ਚੰਗੇ ਵਿਅਕਤੀ ਹੋਣ ਦਾ ਪ੍ਰਮਾਣ ਦੇ ਸਕਦੇ ਹਾਂ ਉੱਥੇ ਕਿਸੇ ਲੋੜਮੰਦ ਦੀ ਮਦਦ ਕਰਕੇ ਮਨ ਦੀ ਸੰਤੁਸ਼ਟੀ ਅਤੇ ਸ਼ਾਂਤੀ ਵੀ ਪ੍ਰਾਪਤ ਕਰ ਸਕਦੇ ਹਾਂ।

# ਪਲਾਸਟਿਕ ਜੀਵਨ ਲਈ ਘਾਤਕ





ਸੰਜੀਵ ਸਿੰਘ ਸੈਣੀ, ਮੋਹਾਲੀ
7888966168

ਹਾਲ ਹੀ ਵਿੱਚ ਪੂਰੇ ਭਾਰਤ ਵਿੱਚ ਪਹਿਲੀ ਜੁਲਾਈ ਤੋਂ ਸਿੰਗਲ ਯੂਜ਼ ਪਲਾਸਟਿਕ ਤੇ ਪਾਬੰਦੀ ਲਗਾਉਣ ਦਾ ਫ਼ੈਸਲਾ ਲਾਗੂ ਕਰ ਦਿੱਤਾ ਗਿਆ ਹੈ। ਸਰਕਾਰ ਨੇ ਪੂਰੇ ਦੇਸ਼ ਵਿੱਚ 15 ਤਰ੍ਹਾਂ ਦੇ ਪਲਾਸਟਿਕ ਤੇ ਪਾਬੰਦੀ ਲਗਾ ਕੇ ਬਹੁਤ ਸ਼ਲਾਘਾਯੋਗ ਪਹਿਲ ਕੀਤੀ ਹੈ। 15 ਅਗਸਤ 2019 ਨੂੰ ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਨੇ ਪਲਾਸਟਿਕ ਤੇ ਪਾਬੰਦੀ ਦਾ ਜ਼ਿਕਰ ਵੀ ਕੀਤਾ ਸੀ । ਹਾਲ ਹੀ ਵਿਚ ਪੰਜਾਬ ਸਰਕਾਰ ਵੱਲੋਂ ਵੀ ਪੂਰਨ ਤੌਰ ਤੇ ਪਾਬੰਦੀ ਦਾ ਜ਼ਿਕਰ ਕਰ ਦਿੱਤਾ ਗਿਆ ਹੈ । ਉਲੰਘਣਾਂ ਕਰਨ ਵਾਲਿਆਂ ਦੇ ਖ਼ਿਲਾਫ਼ ਵਿਭਾਗੀ ਕਾਰਵਾਈ ਵੀ ਕੀਤੀ ਜਾ ਰਹੀ ਹੈ। ਇੰਸਪੈਕਟਰਾਂ ਵੱਲੋਂ ਚਲਾਨ ਵੀ ਕੱਟੇ ਜਾ ਰਹੇ ਹਨ। ਭਾਰੀ ਜੁਰਮਾਨਾ ਤੇ 5 ਸਾਲ ਦੀ ਸਜ਼ਾ ਵੀ ਹੋਵੇਗੀ। ਹਾਲਾਂਕਿ ਕਈ ਦੁਕਾਨਦਾਰਾਂ ਨੇ ਕਿਹਾ ਵੀ ਹੈ ਕਿ ਜੋ ਘਰ ਤੋਂ ਆਪਣਾ ਥੈਲਾ ਲੈ ਕੇ ਆਉਣਗੇ ਉਨ੍ਹਾਂ ਨੂੰ ਵੀ ਛੋਟ ਵੀ ਦਿੱਤੀ ਜਾਵੇਗੀ। ਇਹ ਵੀ ਬਹੁਤ ਵਧੀਆ ਪਹਿਲ ਹੈ।ਅਕਸਰ ਜਦੋਂ ਵੀ ਪਲਾਸਟਿਕ ਤੇ ਪਾਬੰਦੀ ਦੀ ਗੱਲ ਹੁੰਦੀ ਸੀ ਤਾਂ ਵੱਡੇ-ਵੱਡੇ ਕਾਰੋਬਾਰੀ ਤੇ ਉਦਯੋਗਪਤੀ ਸਰਕਾਰ ਖ਼ਿਲਾਫ਼ ਇਕੱਠੇ ਹੋਣੇ ਸ਼ੁਰੂ ਹੋ ਜਾਂਦੇ ਸੀ।

ਆਪਣੀ ਜ਼ਿੰਦਗੀ ਵਿੱਚ ਅਕਸਰ ਅਸੀਂ ਦੇਖਦੇ ਹਾਂ ਕਿ ਜੋ ਸਮਾਨ ਅਸੀਂ ਬਾਹਰੋਂ ਲੈਕੇ ਆਉਂਦੇ ਹਨ, ਉਹ ਪਲਾਸਟਿਕ ਵਿੱਚ ਪੈਕ ਹੋਇਆ ਹੁੰਦਾ ਹੈ। ਚਾਹੇ ਉਹ ਪਨੀਰ, ਦੁੱਧ ,ਦਹੀਂ ਜਾਂ ਕੋਈ ਵੀ ਹੋਰ ਖਾਣ ਪੀਣ ਵਾਲੀ ਵਸਤੂ ਹੋਵੇ। ਵਿਆਹ-ਸ਼ਾਦੀਆਂ ਵਿਚ ਤਾਂ ਪਲਾਸਟਿਕ ਦਾ ਪੂਰਾ ਫਾਇਦਾ ਲਿਆ ਜਾਂਦਾ ਹੈ। ਕਿੰਨੇ ਕੁ ਤਰਾਂ ਦੇ ਠੰਡੇ ਦੀਆਂ ਬੋਤਲਾਂ ਆਮ ਰੁੜ੍ਹਦੀਆਂ ਦੇਖੀਆਂ ਜਾਂਦੀਆਂ ਹਨ। ਠੰਢੇ ਪੀਣ ਦੇ ਲੋਕ ਬਹੁਤ ਸ਼ੌਕੀਨ ਨੇ।ਪਲਾਸਟਿਕ ਗਲਾਸ, ਕੌਲੀਆਂ, ਚਮਚੇ,ਪਲੇਟਾਂ ,ਪਾਣੀ ਵਾਲੀ ਬੋਤਲਾਂ ਅਕਸਰ ਅਸੀਂ ਧਾਰਮਿਕ ਸਮਾਗਮਾਂ ਜਾਂ ਵਿਆਹਾਂ ਵਿੱਚ ਦੇਖਦੇ ਹਾਂ। ਅਕਸਰ ਲੋਕਾਂ ਨੂੰ ਇਹ ਹੁੰਦਾ ਹੈ ਕਿ ਜੋ ਭਾਂਡੇ ਮਾਂਜਣ ਵਾਲੇ ਹੁੰਦੇ ਹਨ ,ਉਨ੍ਹਾਂ ਨੂੰ ਵੀ ਪੈਸੇ ਦੇਣੇ ਹਨ। ਕਿਉਂ ਨਾ ਪਲਾਸਟਿਕ ਨਾਲ ਬਣਿਆ ਸਾਮਾਨ ਨੂੰ ਤਰਜੀਹ ਦਿੱਤੀ ਜਾਵੇ । ਇੱਕ ਤਾਂ ਪੈਸੇ ਦੀ ਬਚਤ ਹੋਵੇਗੀ । ਜਦੋਂ ਇਨ੍ਹਾਂ ਚੀਜ਼ਾਂ ਦੀ ਵਰਤੋਂ ਹੋ ਜਾਂਦੀ ਹੈ ਫਿਰ ਇਨ੍ਹਾਂ ਨੂੰ ਕਿਸੇ ਖੁੱਲ੍ਹੇ ਵਿੱਚ ਢੇਰ ਲਗਾ ਦਿੱਤਾ ਜਾਂਦਾ ਹੈ। ਜਾਂ ਜੋ ਗਾਰਬੇਜ, ਕੂੜਾ ਵਾਲੇ ਵੱਡੇ-ਵੱਡੇ ਡਰੰਮ ਹੁੰਦੇ ਹਨ, ਉਨ੍ਹਾਂ ਦੇ ਨੇੜੇ-ਤੇੜੇ ਸੁੱਟ ਦਿੱਤਾ ਜਾਂਦਾ ਹੈ। ਕਈ ਵਾਰ ਤਾਂ ਇਸ ਨੂੰ ਅੱਗ ਵੀ ਲਗਾ ਦਿੱਤੀ ਜਾਂਦੀ ਹੈ ਜੋ ਕਿ ਜਲਦਾ ਹੀ ਨਹੀਂ ਹੈ। ਸਗੋਂ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਦਾ ਹੈ।ਕਈ ਵਾਰ ਤਾਂ ਇਹ ਹੁੰਦਾ ਹੈ ਕਿ ਕੂੜੇ ਵਾਲੇ ਇਹ ਪਲਾਸਟਿਕ ਵਾਲਾ ਕਚਰਾ ਉਠਾ ਕੇ ਨਦੀਆਂ ਨਾਲਿਆਂ ਦੇ ਨੇੜੇ-ਤੇੜੇ ਸੁੱਟ ਦਿੰਦੇ ਹਨ। ਅਕਸਰ ਅਸੀਂ ਦੇਖਦੇ ਹਾਂ ਕਿ ਕੂੜੇ ਦੇ ਢੇਰਾਂ ਤੇ ਅਵਾਰਾ ਪਸ਼ੂ ਹੁੰਦੇ ਹਨ। ਜੋ ਗੰਦਗੀ ਦੇ ਲਿਫਾਫੇ ਕਚਰਾ, ਪਲਾਸਟਿਕ ਨਾਲ ਭਰੇ ਹੋਏ ਹੁੰਦੇ ਹਨ ,ਉਨ੍ਹਾਂ ਨੂੰ ਇਹ ਅਵਾਰਾ ਪਸ਼ੂ ਖਾ ਲੈਂਦੇ ਹਨ। ਜੋ ਇਨ੍ਹਾਂ ਲਈ ਬਹੁਤ ਹੀ ਘਾਤਕ ਸਿੱਧ ਹੁੰਦਾ ਹੈ। ਪਲਾਸਟਿਕ ਇਨ੍ਹਾਂ ਆਵਾਰਾ ਪਸ਼ੂਆਂ ਦੇ ਸ਼ਰੀਰ ਵਿਚ ਜੰਮਣਾ ਸ਼ੁਰੂ ਹੋ ਜਾਂਦਾ ਹੈ। ਕਈ ਵਾਰ ਤਾਂ ਇਨ੍ਹਾਂ ਦੀ ਨਾੜ੍ਹੀ ਵਿਚ ਜਾਂ ਕਿਸੇ ਹੋਰ ਥਾਂ ਵਿੱਚ ਫਸ ਜਾਂਦਾ ਹੈ, ਜਿਸ ਕਾਰਨ ਸਾਹ ਨਾ ਆਉਣ ਕਰਕੇ ਇਨ੍ਹਾਂ ਦੀ ਮੌਤ ਵੀ ਹੋ ਜਾਂਦੀ ਹੈ। ਅਸੀਂ ਦੇਖਦੇ ਹਾਂ ਕਿ ਕਈ ਥਾਵਾਂ ਤੇ ਪਲਾਸਟਿਕ ਕਚਰਾ ਆਮ ਸੁੱਟਿਆ ਹੋਇਆ ਦਿਸਦਾ ਹੈ। ਕੂੜੇ ਦੇ ਢੇਰ ਵਾਤਾਵਰਣ ਨੂੰ ਦੂਸ਼ਿਤ ਕਰਦੇ ਹਨ। ਅਕਸਰ ਅਸੀਂ ਦੇਖਦੇ ਹਾਂ ਕਿ ਦਰਿਆਵਾਂ , ਨਦੀਆਂ ਦੇ ਕੰਢੇ ਕੂੜੇ ਨਾਲ ਭਰੇ ਪਲਾਸਟਿਕ ਲਿਫਾਫੇ ਪਏ ਹੁੰਦੇ ਹਨ। ਕਿਉਂਕਿ ਪਲਾਸਟਿਕ ਇਹ ਗਲਦਾ ਵੀ ਨਹੀਂ ਹੈ। ਪਲਾਸਟਿਕ ਦੇ ਪੁਨਰਨਿਰਮਾਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ। ਜੋ ਅਵਾਰਾ ਪਸ਼ੂ ਹੁੰਦੇ ਹਨ ਉਹ ਇਨ੍ਹਾਂ ਨੂੰ ਖਾ ਲੈਂਦੇ ਹਨ। ਕਈ ਵਾਰ ਤਾਂ ਇਹ ਪਲਾਸਟਿਕ ਉਨ੍ਹਾਂ ਦੇ ਢਿੱਡ ਵਿੱਚ ਜਾ ਕੇ ਜਾਨ-ਲੇਵਾ ਤੱਕ ਬਣ ਜਾਂਦੀ ਹੈ। ਜਿੱਥੇ ਇਹ ਪਲਾਸਟਿਕ ਮਨੁੱਖੀ ਜੀਵਨ ਲਈ ਘਾਤਕ ਸਿੱਧ ਹੋ ਰਹੀ ਹੈ, ਉਥੇ ਵਾਤਾਵਰਣ ਲਈ ਵੀ ਖਤਰੇ ਦੀ ਘੰਟੀ ਹੈ। ਪਲਾਸਟਿਕ ਨੂੰ ਜਲਾਉਣ ਨਾਲ ਜ਼ਹਿਰੀਲਾ ਧੂੰਆਂ ਵਾਤਾਵਰਣ ਨੂੰ ਬਹੁਤ ਜ਼ਿਆਦਾ ਪ੍ਰਦੂਸ਼ਿਤ ਕਰਦਾ ਹੈ। ਮਨੁੱਖੀ ਸਿਹਤ ਲਈ ਬਹੁਤ ਹਾਨੀਕਾਰਕ ਹਨ। ਮਾਹਿਰ ਦੱਸਦੇ ਹਨ ਕਿ ਕਈ ਅਜਿਹੇ ਤੱਤ ਪਲਾਸਟਿਕ ਵਾਲੇ ਸਰੀਰ ਵਿੱਚ ਚਲੇ ਜਾਂਦੇ ਨੇ।

ਜਦੋਂ ਵੀ ਅਸੀਂ ਬਾਜ਼ਾਰ ਵਿਚ ਕੁੱਝ ਸਮਾਨ ਲੈਣ ਜਾਣਾ ਹੈ, ਤਾਂ ਆਪਣੇ ਘਰ ਤੋਂ ਬਣੇ ਕੱਪੜੇ ਜਾਂ ਜੂਟ ਦੇ ਥੈਲਿਆਂ ਦਾ ਪ੍ਰਯੋਗ ਕਰਨਾ ਹੈ। ਆਪਣੇ ਘਰ ਤੋਂ ਹੀ ਥੈਲਾ ਲੈ ਕੇ ਜਾਓ। ਤੇ ਆਪਣੇ ਆਸ-ਪਾਸ ਤੇ ਹੋਰ ਦੋਸਤਾਂ ਮਿੱਤਰਾਂ ਨੂੰ ਵੀ ਜਾਗਰੂਕ ਕਰੋ। ਤਕਰੀਬਨ ਹਰ ਜਗ੍ਹਾ ਤੇ ਪਲਾਸਟਿਕ ਵਰਤੋਂ ਵਿੱਚ ਹੋ ਰਿਹਾ ਹੈ। ਨਾਰੀਅਲ ਪਾਣੀ ਪੀਓ, ਉਸ ਵਿਚ ਪਾਈਪ ਵੀ ਪਲਾਸਟਿਕ ਦੀ ਲਗਾ ਕੇ ਦਿੱਤੀ ਜਾਂਦੀ ਹੈ । ਪਨੀਰ ਲੈ ਲਓ ਦੁੱਧ, ਦਹੀਂ, ਮੱਖਣ, ਲੱਸੀ ਹਰ ਚੀਜ਼ ਖਾਣ-ਪੀਣ ਵਾਲੀ ਵਸਤੂ ਪਲਾਸਟਿਕ ਵਿੱਚ ਪੈਕ ਹੋ ਕੇ ਆ ਰਹੀ ਹੈ। ਹੋਰ ਤਾਂ ਹੋਰ ਜਦੋਂ ਧਾਰਮਿਕ ਸਮਾਗਮਾਂ ਜਾਂ ਵਿਆਹਾਂ ਵਿਚ ਲੰਗਰ ਹੁੰਦਾ ਹੈ ,ਲੋਕ ਪਲਾਸਟਿਕ ਦੇ ਲਿਫਾਫਿਆਂ ਵਿਚ ਗਰਮ ਗਰਮ ਸਬਜੀ ਪੁਆ ਕੇ ਆਪਣੇ ਘਰ ਲੈ ਕੇ ਆਉਂਦੇ ਹਨ।ਗਰਮ ਸਬਜੀ ਪਲਾਸਟਿਕ ਦੇ ਲਿਫਾਫੇ ਵਿੱਚ ਬਹੁਤ ਖਤਰਨਾਕ ਹੁੰਦੀ ਹੈ। ਜਦੋਂ ਵੀ ਅਸੀਂ ਖਾਣ ਪੀਣ ਵਾਲੀ ਵਸਤੂ ਕੋਈ ਵੀ ਲੈ ਕੇ ਆਉਣ ਹੈ ਤਾਂ ਆਪਣੇ ਘਰ ਤੋਂ ਭਾਂਡਾ ਲੈ ਕੇ ਜਾਉ। ਸਾਨੂੰ ਸਿੰਗਲ ਯੂਜ਼ ਪਲਾਸਟਿਕ ਦੀ ਬਿਲਕੁਲ ਵੀ ਵਰਤੋਂ ਨਹੀਂ ਕਰਨੀ ਹੈ।ਸਰਕਾਰ ਦਾ ਸਹਿਯੋਗ ਕਰਨ ਲਈ ਸਾਨੂੰ ਸਾਰਿਆਂ ਨੂੰ ਹੀ ਅੱਗੇ ਆਉਣਾ ਪਵੇਗਾ। ਜੇ ਸਰਕਾਰ ਨੇ ਪਲਾਸਟਿਕ ਤੇ ਬੈਨ ਲਗਾਇਆ ਹੈ ਤਾਂ ਸਾਡੀ ਵੀ ਅਹਿਮ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਅਸੀਂ ਬਿਲਕੁਲ ਹੀ ਪਲਾਸਟਿਕ ਦੀ ਵਰਤੋਂ ਨਹੀਂ ਕਰਨੀ ਹੈ।ਦਿ ?ੜ ਇੱਛਾ ਸ਼ਕਤੀ ਨਾਲ ਹੀ ਕੋਈ ਟਿੱਚਾ ਹਾਸਿਲ ਕੀਤਾ ਜਾ ਸਕਦਾ ਹੈ। ਆਓ ਅਸੀਂ ਸਾਰੇ ਹੀ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਵਿੱਚ ਆਪਣਾ ਯੋਗਦਾਨ ਪਾਈਏ।

# ਰੇਤ ਦੇ ਟਿੱਲਿਆ ਉਸਰਿਆ ਮਹਿਲ



ਬੁੱਧ ਸਿੰਘ ਨੀਲੋਂ
94643 70823

ਮਕਾਨ ਬਣਾਉਣ ਦੇ ਲਈ ਪਹਿਲਾਂ ਪੈਸਾ ਕਮਾਇਆ ਜਾਂਦਾ ਹੈ ਤੇ ਫੇਰ ਜ਼ਮੀਨ ਖਰੀਦੀ ਜਾਂਦੀ ਹੈ। ਬਜਟ ਬਣਦਾ ਤੇ ਨਕਸ਼ਾ ਬਣਾ ਕੇ ਰੇਤ,ਬਜਰੀ, ਸੀਮਿੰਟ, ਪਾਣੀ ਸਰੀਆ, ਮਿੱਟੀ ਆਦਿ ਮਜ਼ਦੂਰ ਤੇ ਮਿਸਤਰੀ ਉਸਦੀ ਤਾਮੀਰ ਕਰਦੇ ਹਨ। ਫੇਰ ਲੱਕੜ, ਸੰਗਮਰਮਰ ਬਿਜਲੀ ਆਦਿ ਲਿਆ ਕੇ ਬਾਕੀ ਕੰਮ ਹੁੰਦਾ ਹੈ। ਮਕਾਨ ਨੂੰ ਘਰ ਬਣਾਉਣ ਦੇ ਲਈ ਫੇਰ ਘਰ ਦਾ ਸਮਾਨ ਤੇ ਪਰਵਾਰ ਆਉਂਦਾ ਹੈ। ਹਾਸੇ ਚੋਹਲ ਤੇ ਤੂੰ ਤੂੰ ਮੈਂ ਮੈਂ ਸ਼ੁਰੂ ਹੋਣ ਨਾਲ ਘਰ ਬਣਦਾ ਹੈ । ਸਮਾਜ ਵਿੱਚ ਬਹੁਗਿਣਤੀ ਲੋਕ ਮਕਾਨਾਂ, ਕੋਠੀਆਂ ਤੇ ਮਹਿਲਾਂ ਵਿੱਚ ਵਸਦੇ ਹਨ ਪਰ ਉਹਨਾਂ ਦੇ ਵਿੱਚੋਂ ਘਰ ਗਾਇਬ ਹੈ। ਬਹੁਗਿਣਤੀ ਲੋਕ ਨਿੱਕੇ ਨਿੱਕੇ ਖੁੱਡੇ ਤੇ ਕੁੱਲੀਆਂ ਝੁੱਗੀਆਂ ਵਿੱਚ ਵਸਦੇ ਹਨ। ਪਰ ਉਹ ਘਰ ਹਨ ਜਿਥੇ ਬੱਚੇ ਖੇਡ ਦੇ ਵੀ ਨੇ ਤੇ ਆਪਸ ਵਿੱਚ [illegible] ਭਾਂਡੇ ਆਪਸ ਵਿੱਚ ਖੜਕਦੇ ਵੀ ਹਨ । ਕਦੇ ਹੱਸਦੇ ਹਨ ਕਦੇ ਲੜਦੇ ਹਨ ਤੇ ਫੇਰ ਘੁਲਮਿਲ ਜਾਂਦੇ ਹਨ ।

ਵੱਡੇ ਮਕਾਨ ਘਰ ਘੱਟ ਤੇ ਗੋਦਾਮ ਵੱਧ ਹਨ । ਗੋਦਾਮਾਂ ਦੀ ਬਾਹਰ ਤੇ ਅੰਦਰ ਸਜਾਵਟ ਲਈ ਤਰ੍ਹਾਂ ਤਰ੍ਹਾਂ ਦੀਆਂ ਵਸਤੂਆਂ ਰੱਖੀਆਂ ਜਾਂਦੀਆਂ ਹਨ । ਗੋਦਾਮਾਂ ਵਿੱਚ ਕਣਕ ਝੋਨੇ ਦੀ ਬੋਰੀਆਂ ਦੇ ਆਪੋ ਆਪਣੇ ਥੜ ਹਨ। ਹਰ ਕਮਰੇ ਵਿੱਚ ਮੇਰੇ .ਮੇਰਾ...ਮੈ ਮੈ....ਕੰਧਾਂ ਨਾਲ ਵੱਜਦੀ ਰੋਜ਼ ਜਖਮੀ ਹੁੰਦੀ ਹੈ । ਪਰ ਮੈਂ ਨਹੀਂ ਮਰਦੀ। ਮਕਾਨ ਵਿੱਚ ਹਮ ਕੋ ਤੁਮ ਕੋ ਹੋਤੀ ਹੈ । ਬਾਕੀ ਤੁਸੀਂ ਜਾਣਦੇ ਹੀ ਹੋ !

ਹੁਣੇ ਬਾਰਵੀਂ ਜਮਾਤ ਦਾ ਨਤੀਜਾ ਆਇਆ ਹੈ । ਇਸਦੇ ਵਿੱਚ ਧੀਆਂ ਨੇ ਬਾਜ਼ੀ ਮਾਰੀ ਹੈ । ਮੁੰਡੇ ਤਾ ਸਿਰਫ ਗੇੜੀਆਂ ਲਾਉਣ ਜੋਗੇ ਜਾਂ ਫਿਰ ਆਧੁਨਿਕ ਬਿਨ ਸਿਰ ਪੈਰ ਗਾਇਕੀ ਦੀ ਭੀੜ ਬਣ ਸੋਸ਼ਲ ਮੀਡੀਆ ਉਤੇ ਹਮ ਜੋ ਹੋਤੇ ਹੈ ਹਮ ਵੋ ਹੋਤੇ ਦੀਆਂ ਪੋਸਟਾਂ ਪਾਉਣ ਜੋਗੇ ਰਹਿ ਗਏ ਹਨ।

ਪਿਛਲੇ ਦੋ ਸਾਲ ਤੋਂ ਪੰਜਾਬ ਸਿੱਖਿਆ ਦੇ ਖੇਤਰ ਵਿੱਚ ਭਾਰਤ ਵਿੱਚੋਂ ਅੱਵਲ ਆ ਰਿਹਾ ਹੈ । ਇਹ ਚਮਤਕਾਰ ਕ੍ਰਿਸ਼ਨ ਮਹਾਰਾਜਾ ਦੀ ਮੰਡਲੀ ਕਾਰਨ ਹੀ ਵਾਪਰਿਆ ਹੈ। ਪੰਜਾਬ ਦੇ ਜਦੋਂ ਦਾ ਸਿੱਖਿਆ ਵਿਭਾਗ ਵਿੱਚ ਕ੍ਰਿਸ਼ਨ ਮਹਾਰਾਜ ਜੀ ਪ੍ਰਗਟ ਹੋਏ ਹਨ । ਚਮਤਕਾਰ ਹੀ ਵਾਪਰਦੇ ਰਹੇ। ਇਹ ਚਮਤਕਾਰਾਂ ਨੂੰ ਸੱਚ ਸਿੱਧ ਕਰਨ ਲਈ ਪੂਰੀ ਕਾਹਨ ਮੰਡਲੀ ਹੈ। ਇਸ ਮੰਡਲ ਵਿੱਚ ਹਰ ਜ਼ਿਲ੍ਹੇ ਦੇ ਉਹ ਖੜੱਪੇ ਤੇ ਫਨੀਅਰ ਸੱਪ ਹਨ ਜਿਹੜੇ ਸਮਾਜਵਾਦ ਲਿਆਉਣ ਤੁਰੇ ਸੀ ਪਰ ਨਿੱਜਵਾਦੀ ਹੋ ਕੇ ਰਹਿਗੇ ਜਾਂ ਫਿਰ ਲੂਣ ਦੀ ਖਾਣ ਵਿੱਚ ਲੂਣ ਹੋ ਗਏ ? ਉਹ ਜਾਣੇ ਜਿਸਨੂੰ ਕੋਈ ਨਹੀਂ ਜਾਣਦਾ । ਪੰਜਾਬ ਸਕੂਲ ਸਿੱਖਿਆ ਬੋਰਡ ਦੇ ਬਾਰਵੀਂ ਦੇ ਨਤੀਜੇ ਵਿੱਚੋਂ 4560 ਵਿਦਿਆਰਥੀਆਂ ਨੇ ਪੰਜਾਬੀ ਵਿੱਚੋਂ ਫੇਲ ਹਨ । ਇਹਨਾਂ ਫੇਲ ਵਿਦਿਆਰਥੀਆਂ ਨੇ ਕ੍ਰਿਸ਼ਨ ਮਹਾਰਾਜ ਦੇ ਰੇਤ ਦੇ ਟਿੱਲੇ ਉਤੇ ਉਸਾਰੇ ਮਹਿਲ ਨੂੰ ਇਉਂ ਡੇਗ ਦਿੱਤਾ ਜਿਵੇਂ ਮੀਂਹ ਦੇ ਗਰੀਬ ਦੇ ਘਰ ਕੰਧ ਡਿੱਗਦੀ ਹੁੰਦੀ ਹੈ। ਉਹ ਕੋਲ ਖੜ੍ਹਾ ਨਾਲੇ ਰੱਬ ਨੂੰ ਤੇ ਨਾਲੇ ਆਪਣੇ ਆਪ ਨੂੰ ਪਤਾ ਨਹੀਂ ਫੇਰ ਕੀ ਕੀ ਬੋਲਦਾ ਹੈ ? ਤੁਹਾਨੂੰ ਪਤਾ ਹੀ ਤੁਸੀਂ ਕਿਹੜੇ ਪਹਿਲਾਂ ਹੀ ਸੋਨੇ ਚਾਂਦੀ ਦੇ ਮੂੰਹ ਵਿੱਚ ਚਮਚੇ ਲੈ ਕੇ ਜੰਮੇ ਹੋ । ਪੰਜਾਬੀ ਮਾਤ ਭਾਸ਼ਾ ਦੇ ਵਿੱਚੋਂ ਵਿਦਿਆਰਥੀਆਂ ਜੇ ਫੇਲ ਹਨ ਬਾਲੀ ਵਿਸ਼ਿਆਂ ਦਾ ਤੁਸੀਂ ਅੰਦਾਜ਼ਾ ਖੁਦ ਲਾ ਸਕਦੇ ਹੋ ? ਇਹ ਢਾਂਚਾ ਇਕ ਦਿਨ ਵਿੱਚ ਬਿਗੜਿਆ ਨਹੀਂ ਤੇ ਨਾ ਹੀ ਇਹ ਇਕ ਦਿਨ ਵਿੱਚ ਠੀਕ ਹੋਣਾ ਹੈ । ਜਿਹਨਾਂ ਅਧਿਆਪਕਾਂ, ਪ੍ਰਿੰਸੀਪਲਜ਼, ਬੀਈਓ ਤੇ ਡੀ ਈ ਓਜ਼ ਨੇ ਪਿਛਲੇ ਸਾਲਾਂ ਵਿੱਚ ਕਠਪੁਤਲੀ ਬਣ ਕੇ ਜਿਹੜਾ ਕ੍ਰਿਸ਼ਨ ਦੇ ਦਰਬਾਰ ਵਿੱਚ ਕਦੇ ਨਾਚ ਕਦੇ ਦੰਡੋਤ ਕੀਤੀ ਸੀ, ਉਹ ਹੁਣ ਸ਼ਰਮ ਨਾਲ ਕਿਧਰੇ ਡੁੱਬ ਮਰਨਗੇ ? ਇਹ ਉਹੀ ਬੱਚੇ ਹਨ ਜਿਹੜੇ ਪੰਜਾਬ ਨੂੰ ਭਾਰਤ ਵਿੱਚੋਂ ਅੱਵਲ ਲਿਆ ਰਹੇ ਸੀ ।

ਸਭ ਨੂੰ ਪਤਾ ਸੀ ਕਿ ਉਹ ਸਮਾਜ ਨਾਲ ਧੋਖਾ ਕਰ ਰਹੇ ਹਨ । ਹੁਣ ਕੋਈ ਅਧਿਆਪਕ ਯੂਨੀਅਨ ਇਸ ਝੂਠ ਦੇ ਵਿਰੁੱਧ ਮੋਰਚਾ ਜਾਂ ਧਰਨਾ ਲਾਵੇਗੀ ? ਕਈ ਸਾਲ ਪਹਿਲਾਂ ਮੈਨੂੰ ਕਾਮਰੇਡ ਚਰਨ ਸਿੰਘ ਸਰਾਭਾ ਮਿਲਿਆ ਉਦੋਂ ਤੱਕ ਸਿੱਖਿਆ ਦਾ ਭੱਠਾ ਬਹਿ ਚੁੱਕਿਆ ਸੀ । ਮੈਂ ਉਨ੍ਹਾਂ ਨੂੰ ਸਵਾਲ ਕੀਤਾ । ਮਾਸਟਰ ਜੀ ਤੁਸੀਂ ਤਨਖਾਹ ਤੇ ਭੱਤਿਆ ਦੇ ਲਈ ਸੰਘਰਸ਼ ਕੀਤਾ ਹੈ । ਨਾ ਤੁਸੀਂ ਸਿੱਖਿਆ ਦੇ ਲਈ ਤੇ ਨਾ ਸਰਕਾਰੀ ਸਕੂਲ ਬਚਾਉਣ ਦੇ ਕੋਈ ਯਤਨ ਕੀਤਾ।÷ ਮੇਰਾ ਸਵਾਲ ਸੁਣ ਕੇ ਉਹਨਾਂ ਨੂੰ ਤੌਣੀ ਆ ਗਈ। ਉਨ੍ਹਾਂ ਕੋਲ ਕੋਈ ਜਵਾਬ ਨਹੀਂ ਸੀ। ਜਵਾਬ ਹੁਣ ਵੀ ਕ੍ਰਿਸ਼ਨ ਦਰਬਾਰ ਦੇ ਦਰਬਾਰੀਆਂ, ਪੁਜਾਰੀਆਂ ਤੇ ਵਪਾਰੀਆਂ ਕੋਲ ਨਹੀ ਹੈ । ਇਹ ਵੀ ਸੱਚ ਹੈ ਕ੍ਰਿਸ਼ਨ ਦਰਬਾਰ ਦੇ ਬਹੁਗਿਣਤੀ ਦਰਬਾਰੀ ਜਿਹੜੇ ਪਿੰਡਾਂ ਤੇ ਸ਼ਹਿਰਾਂ ਵਿੱਚ ਵਸਦੇ ਸੀ ਉਹ ਅੱਜਕੱਲ੍ਹ ਚੰਡੀਗੜ੍ਹ ਜਾ ਇਸਦੇ ਆਲੇ ਦੁਆਲੇ ਵਸਦੇ ਹਨ । ਮੈਨੂੰ ਬਾਬਾ ਨਾਨਕ ਦੀ ਉਹ ਸਖੀ ਚੇਤੇ ਆਉਂਦੀ ਹੈ ॥ ਜਿਸ ਵਿੱਚ ਭੁੱਖੇ ਮਾਰਨ ਵਾਲਿਆਂ ਨੂੰ ਕਿਹਾ ਸੀ ਵਸਦੇ ਰਹੋ ਤੇ ਲੰਗਰ ਛਕਾਉਣ ਵਾਲਿਆਂ ਕਿਹਾ ਸੀ । ਉਜੜ ਜਾਓ ।

ਰੇਤ ਟਿੱਲਿਆਂ ਤੇ ਉਸਰੇ ਮਹਿਲ ਦੇ ਵਾਸੀਓ ਵਸਦੇ ਰਹੋ ।

ਵਸਦੇ ਰਹੋ... ! ਨਾਨਕ ਜੀ ਅਸੀਸ ਇਨ੍ਹਾਂ ਨੂੰ ਲੱਗ ਜਾਵੇ ।

# ਸੰਕਟ ਵਿੱਚ ਜੀਵ

## (ਜਾਨਵਰਾਂ ਅਤੇ ਬਨਸਪਤੀ ਦੀਆਂ ਦੁਰਲੱਭ ਕਿਸਮਾਂ ਖਤਰੇ ਵਿੱਚ ਹਨ )

ਧਰਤੀ ਦੇ ਲਗਾਤਾਰ ਵਿਗੜ ਰਹੇ ਵਾਤਾਵਰਨ ਨੂੰ ਸਭ ਤੋਂ ਵੱਧ ਨੁਕਸਾਨ ਇਸ ਰੂਪ ਵਿਚ ਸਾਹਮਣੇ ਆਇਆ ਹੈ ਕਿ ਜੀਵ-ਜੰਤੂ ਅਤੇ ਬਨਸਪਤੀ ਦੀਆਂ ਦੁਰਲੱਭ ਪ੍ਰਜਾਤੀਆਂ ਅਲੋਪ ਹੋ ਰਹੀਆਂ ਹਨ। ਜੋ ਬਚ ਜਾਂਦੇ ਹਨ ਉਹਨਾਂ ਦੀ ਹੋਂਦ ਨੂੰ ਖਤਰਾ ਹੈ। ਅਜਿਹਾ ਨਹੀਂ ਹੈ ਕਿ ਇਹ ਖ਼ਤਰਾ ਸਿਰਫ਼ ਜ਼ਮੀਨ 'ਤੇ ਰਹਿਣ ਵਾਲੇ ਜੀਵ-ਜੰਤੂਆਂ 'ਤੇ ਹੀ ਮੰਡਰਾ ਰਿਹਾ ਹੈ, ਸਮੁੰਦਰੀ ਜੀਵ ਅਤੇ ਉੱਥੋਂ ਦੇ ਬਨਸਪਤੀ ਵੀ ਇਸ ਸੰਕਟ ਨਾਲ ਜੂਝ ਰਹੇ ਹਨ। ਜ਼ਾਹਿਰ ਹੈ ਕਿ ਅਜਿਹੀ ਸਥਿਤੀ ਵਿਚ ਸਭ ਤੋਂ ਵੱਡੀ ਚੁਣੌਤੀ ਦੁਰਲੱਭ ਪ੍ਰਜਾਤੀਆਂ ਨੂੰ ਬਚਾਉਣਾ ਹੀ ਨਹੀਂ, ਸਗੋਂ ਉਨ੍ਹਾਂ ਨੂੰ ਬਚਾਉਣਾ ਵੀ ਹੈ। ਭਵਿੱਖ ਵਿੱਚ ਹੋਂਦ ਲਈ ਖਤਰਾ ਪੈਦਾ ਕਰਨ ਵਾਲੀਆਂ ਨਸਲਾਂ ਦੀ ਰੱਖਿਆ ਕਰਨਾ ਵੀ ਜ਼ਰੂਰੀ ਹੈ। ਹਾਲਾਂਕਿ, ਧਰਤੀ ਦੇ ਜੀਵ-ਜੰਤੂਆਂ ਦੀ ਰੱਖਿਆ ਲਈ, ਲੰਬੇ ਸਮੇਂ ਤੋਂ ਪੂਰੀ ਦੁਨੀਆ ਵਿੱਚ ਜੰਗਲੀ ਜੀਵ ਸੁਰੱਖਿਆ ਪ੍ਰੋਗਰਾਮ ਅਤੇ ਜੈਵ ਵਿਭਿੰਨਤਾ ਸੰਭਾਲ ਵਰਗੀਆਂ ਮੁਹਿੰਮਾਂ ਚੱਲ ਰਹੀਆਂ ਹਨ। ਬਹੁਤੇ ਮੁਲਕਾਂ ਨੇ ਵੀ ਇੱਥੇ ਇਸੇ ਤਰ੍ਹਾਂ ਦੇ ਪ੍ਰੋਗਰਾਮ ਚਲਾਏ ਹਨ। ਪਰ ਜੰਗਲੀ ਜੀਵਾਂ ਅਤੇ ਜਲ-ਜੀਵਨ ਦੀਆਂ ਕਈ ਪ੍ਰਜਾਤੀਆਂ ਦਾ ਤੇਜ਼ੀ ਨਾਲ ਅਲੋਪ ਹੋ ਜਾਣਾ ਅਜਿਹੇ ਪ੍ਰੋਗਰਾਮਾਂ 'ਤੇ ਸਵਾਲ ਖੜ੍ਹੇ ਕਰਦਾ ਹੈ। ਧਰਤੀ ਦੇ ਵਾਤਾਵਰਨ ਅਤੇ ਜੀਵਨ ਚੱਕਰ ਲਈ ਬਨਸਪਤੀ ਅਤੇ ਜੀਵ-ਜੰਤੂਆਂ ਦਾ ਮਹੱਤਵ ਹੈ।ਨਾ ਸਿਰਫ਼ ਇਸ ਨੂੰ ਸੰਤੁਲਿਤ ਰੱਖਣਾ ਜ਼ਰੂਰੀ ਹੈ, ਸਗੋਂ ਇਸ ਪੱਖੋਂ ਵੀ ਬਹੁਤ ਜ਼ਰੂਰੀ ਹੈ ਕਿ ਧਰਤੀ 'ਤੇ ਜੀਵਨ ਦੀ ਉਤਪਤੀ ਦਾ ਰਾਜ਼ ਕਿਤੇ ਨਾ ਕਿਤੇ ਇਨ੍ਹਾਂ ਵਿਚ ਛੁਪਿਆ ਹੋਇਆ ਹੈ! ਭਾਰਤ ਦੇ ਸੰਦਰਭ ਵਿੱਚ, ਇੱਥੇ ਜੰਗਲੀ ਜੀਵਾਂ ਦੀ ਦੌਲਤ ਵੀ ਘੱਟ ਨਹੀਂ ਹੈ। ਭਾਰਤ ਦੀ ਭੂਗੋਲਿਕ ਸਥਿਤੀ ਦੀ ਵਿਭਿੰਨਤਾ ਦੇ ਨਤੀਜੇ ਵਜੋਂ, ਦੁਨੀਆ ਵਿੱਚ ਬਹੁਤ ਘੱਟ ਦੇਸ਼ ਹਨ ਜਿੰਨੇ ਜੰਗਲੀ ਜੀਵ ਅਤੇ ਪੌਦੇ ਇੱਥੇ ਪਾਏ ਜਾਂਦੇ ਹਨ। ਫਿਰ ਭਾਰਤ ਦਾ ਜੰਗਲੀ ਖੇਤਰ ਵੀ ਘੱਟ ਨਹੀਂ ਹੈ। ਜ਼ਾਹਿਰ ਹੈ ਕਿ ਅਸੀਂ ਜੰਗਲ ਦੀ ਦੌਲਤ ਦੇ ਮਾਮਲੇ ਵਿਚ ਵੀ ਭਾਗਸ਼ਾਲੀ ਹਾਂ। ਪਰ ਪਿਛਲੇ ਕੁਝਦਹਾਕਿਆਂ ਦੌਰਾਨ, ਇਹ ਸਭ ਕਿਸੇ ਨਾ ਕਿਸੇ ਰੂਪ ਵਿੱਚ ਸੰਕਟ ਦੇ ਬੱਦਲਾਂ ਨਾਲ ਘਿਰੇ ਹੋਏ ਹਨ। ਇਸ ਲਈ ਵੱਡਾ ਸਵਾਲ ਇਹ ਹੈ ਕਿ ਇਨ੍ਹਾਂ ਨੂੰ ਕਿਵੇਂ ਬਚਾਇਆ ਜਾਵੇ, ਤਾਂ ਜੋ ਆਉਣ ਵਾਲੇ ਸਮੇਂ ਵਿਚ ਸਾਡੀ ਧਰਤੀ ਦੇ ਬਨਸਪਤੀ ਅਤੇ ਜੀਵ-ਜੰਤੂ ਖ਼ਤਮ ਹੋਣ ਦੀ ਕਗਾਰ 'ਤੇ ਨਾ ਪਹੁੰਚ ਜਾਣ। ਇਸੇ ਤਰ੍ਹਾਂ ਦੀ ਤਾਜ਼ਾ ਚਿੰਤਾ ਆਸਾਮ ਤੋਂ ਦੇਖਣ ਨੂੰ ਮਿਲ ਰਹੀ ਹੈ। ਕਾਜ਼ੀਰੰਗਾ ਨੈਸ਼ਨਲ ਪਾਰਕ ਵਿੱਚ ਘਾਹ ਦੇ ਮੈਦਾਨ ਤਬਾਹ ਹੋ ਰਹੇ ਹਨ। ਇਸ ਨਾਲ ਇਕ-ਸਿੰਗ ਵਾਲੇ ਗੈਂਡੇ, ਹਾਥੀ ਅਤੇ ਹੋਰ ਜਾਨਵਰਾਂ ਲਈ ਮੁਸ਼ਕਲਾਂ ਪੈਦਾ ਹੋ ਰਹੀਆਂ ਹਨ। ਇਸ ਨੂੰ ਵਾਤਾਵਰਨ ਸੰਕਟ ਦੀ ਨਵੀਂ ਕਿਸਮ ਕਿਹਾ ਜਾ ਸਕਦਾ ਹੈ। ਇਹ ਇਲਾਕਾ ਜੰਗਲੀ ਬੂਟੀ ਨਾਲ ਭਰਿਆ ਜਾ ਰਿਹਾ ਹੈ ਜੋ ਕਿ ਘਾਹ ਵਾਂਗ ਹੈ।ਇਹ ਮੈਦਾਨੀ ਇਲਾਕਿਆਂ ਨੂੰ ਤਬਾਹ ਕਰ ਦਿੰਦਾ ਹੈ। ਇਸ ਕਾਰਨ ਜੰਗਲੀ ਜੀਵਾਂ ਲਈ ਚਾਰੇ ਦੀ ਸਮੱਸਿਆ ਡੂੰਘੀ ਹੋਣ ਲੱਗੀ ਹੈ। ਹੁਣ ਕਾਂਜੀਰੰਗਾ ਸੈਂਕਚੂਰੀ ਦੀ ਦੇਖ-ਰੇਖ ਕਰਨ ਵਾਲੇ ਅਧਿਕਾਰੀਆਂ ਨੇ ਇਨ੍ਹਾਂ ਨੂੰ ਖਤਮ ਕਰਨ ਦੀ ਯੋਜਨਾ ਬਣਾਈ ਹੈ। ਹਾਲਾਂਕਿ ਅਜਿਹੀ ਸਮੱਸਿਆ ਕੁਦਰਤੀ ਹੈ ਪਰ ਇਸ ਦਾ ਤੁਰੰਤ ਹੱਲ ਹੋਣਾ ਚਾਹੀਦਾ ਹੈ। ਨਹੀਂ ਤਾਂ, ਕਾਜ਼ੀਰੰਗਾ ਦੀ ਜੰਗਲੀ ਜੀਵ ਦੌਲਤ 'ਤੇ ਅਸਰ ਪੈਣ ਵਿਚ ਦੇਰ ਨਹੀਂ ਲੱਗੇਗੀ। ਜੰਗਲਾਂ ਅਤੇ ਅਸਥਾਨਾਂ ਵਿੱਚ ਅਜਿਹੇ ਜ਼ਹਿਰੀਲੇ ਪੌਦਿਆਂ ਦੇ ਪੈਦਾ ਹੋਣ ਦੇ ਕਾਰਨ ਕੁਦਰਤੀ ਅਤੇ ਵਾਤਾਵਰਨ ਹਨ, ਪਰ ਅਜਿਹਾ ਨਹੀਂ ਹੈ ਕਿ ਅਜਿਹੀਆਂ ਸਮੱਸਿਆਵਾਂ ਦਾ ਹੱਲ ਨਹੀਂ ਹੋ ਸਕਦਾ। ਜੰਗਲੀ ਜੀਵਾਂ ਦੀ ਸੁਰੱਖਿਆ ਲਈ ਸਰਕਾਰਪੱਧਰ 'ਤੇ ਪ੍ਰਾਜੈਕਟਾਂ ਦੀ ਕੋਈ ਕਮੀ ਨਹੀਂ ਹੈ। ਪਰ ਜਿਸ ਰਫ਼ਤਾਰ ਨਾਲ ਇਸ ਦਿਸ਼ਾ ਵਿੱਚ ਕੰਮ ਚੱਲ ਰਿਹਾ ਹੈ, ਉਸ ਤੋਂ ਲੱਗਦਾ ਹੈ ਕਿ ਸਰਕਾਰਾਂ ਅਜਿਹੇ ਸਾਰੇ ਕੰਮਾਂ ਨੂੰ ਪਹਿਲ ਵਿੱਚ ਸ਼ਾਮਲ ਨਹੀਂ ਕਰਨਾ ਚਾਹੁੰਦੀਆਂ। ਜ਼ਹਿਰੀਲੇ ਪੌਦਿਆਂ ਦੀਆਂ ਸਦੀਵੀ ਕਿਸਮਾਂ ਸਾਹਮਣੇ ਆ ਰਹੀਆਂ ਹਨ। ਪਰ ਇਨ੍ਹਾਂ ਦੇ ਨਿਪਟਾਰੇ ਲਈ ਸਮੇਂ ਸਿਰ ਪ੍ਰਬੰਧ ਕੀਤੇ ਜਾਣੇ ਚਾਹੀਦੇ ਸਨ। ਕਾਜ਼ੀਰੰਗਾ ਦਾ ਇਹ ਮਾਮਲਾ ਉਦੋਂ ਸਾਹਮਣੇ ਆਇਆ ਜਾਪਦਾ ਹੈ ਜਦੋਂ ਸਥਿਤੀ ਗੰਭੀਰ ਹੋਣ ਲੱਗੀ ਹੈ। ਜੰਗਲਾਤ ਪ੍ਰਬੰਧਨ ਅਤੇ ਜੰਗਲੀ ਜੀਵ ਸੁਰੱਖਿਆ ਬਹੁਤ ਧਿਆਨ ਅਤੇ ਕੰਮ ਦੀ ਮੰਗ ਕਰਦੇ ਹਨ, ਜਿਸ ਦੀ ਸਾਡੇ ਇੱਥੇ ਕਮੀ ਜਾਪਦੀ ਹੈ।

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ ਮਲੋਟ ਪੰਜਾਬ

## ਸੰਪਾਦਕੀ

# ਅੰਗਹੀਣਤਾ ਦਾ ਮਜ਼ਾਕ ਨਹੀਂ

ਸੁਪਰੀਮ ਕੋਰਟ ਨੇ ਫਿਲਮਾਂ ਅਤੇ ਹੋਰਨਾਂ ਦ੍ਰਿਸ਼ ਮਾਧਿਅਮਾਂ ਵਿੱਚ ਅਪਾਹਜ ਜਾਂ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਨੂੰ ਦਰਸਾਉਣ ਮੁਤੱਲਕ ਦਿਸ਼ਾ-ਨਿਰਦੇਸ਼ ਜਾਰੀ ਕਰ ਕੇ ਦਲੇਰਾਨਾ ਅਤੇ ਸ਼ਲਾਘਾਯੋਗ ਚਾਰਾਜੋਈ ਕੀਤੀ ਹੈ। ਇਸ ਮਿਸਾਲੀ ਫ਼ੈਸਲੇ ਵਿੱਚ ਇਹ ਗੱਲ ਦਰਜ ਕੀਤੀ ਗਈ ਹੈ ਕਿ ਅਪਾਹਜ ਅਤੇ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਪ੍ਰਤੀ ਹਿਕਾਰਤੀ ਭਾਸ਼ਾ ਦਾ ਇਸਤੇਮਾਲ ਕਰਨ ਨਾਲ ਸਮਾਜ ਵਿੱਚ ਉਨ੍ਹਾਂ ਦੀ ਸਥਿਤੀ ਹੋਰ ਜਿ ?ਆਦਾ ਨਿੱਘਰਦੀ ਹੈ ਅਤੇ ਇਸ ਕਰ ਕੇ ਉਨ੍ਹਾਂ ਦੀ ਸਮਾਜਿਕ ਭਾਗੀਦਾਰੀ ਦੇ ਰਾਹ ਵਿੱਚ ਅੱਕੜਾਂ ਪੈਦਾ ਹੁੰਦੀਆਂ ਹਨ। ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀਵਾਈ ਚੰਦਰਚੂੜ ਨੇ ਉਨ੍ਹਾਂ ਦੀ ਪ੍ਰਮਾਣਿਕ ਤੇ ਸਤਿਕਾਰਤ ਨੁਮਾਇੰਦਗੀ ਉੱਪਰ ਜ਼ੋਰ ਦਿੱਤਾ ਹੈ ਕਿਉਂਕਿ ਢਹਿੰਦੀ ਕਲਾ ਵਾਲੀਆਂ ਅਜਿਹੀਆਂ ਗੱਲਾਂ ਨਾਲ ਉਨ੍ਹਾਂ ਦੀਆਂ ਭਾਵਨਾਵਾਂ ਦੀ ਹੇਠੀ ਹੁੰਦੀ ਹੈ।

ਹਾਸੇ ਠੱਠੇ ਵਿੱਚ ਅਪਾਹਜ ਲੋਕਾਂ ਪ੍ਰਤੀ ਘਟੀਆ ਮਜ਼ਾਕ ਬਣਾਏ ਜਾਂਦੇ ਹਨ; ਇਉਂ ਸਮਝਦਾਰੀ ਦੀ ਭਾਵਨਾ ਉੱਕਾ ਹੀ ਨਦਾਰਦ ਹੋ ਜਾਂਦੀ ਹੈ। ਚੀਫ ਜਸਟਿਸ ਚੰਦਰਚੂੜ ਨੇ ਸਪਸ਼ਟ ਸੰਦੇਸ਼ ਦਿੱਤਾ ਹੈ ਕਿ ਇਸ ਤਰ੍ਹਾਂ ਦੇ ਮਜ਼ਾਕ ਵੀ ਦੋ ਤਰ੍ਹਾਂ ਦੇ ਹਨ। ਇਨ੍ਹਾਂ ਵਿੱਚੋਂ ਇੱਕ ਨਾਲ ਤਾਂ ਅੰਗਹੀਣਤਾ ਨੂੰ ਸਮਝਣ ਵਿੱਚ ਮਦਦ ਮਿਲਦੀ ਹੈ ਜਦੋਂਕਿ ਦੂਜੀ ਕਿਸਮ ਦੇ ਮਜ਼ਾਕ ਨਾਲ ਅਪਾਹਜਾਂ ਦੀ ਹੇਠੀ ਹੁੰਦੀ ਹੈ।

ਸੁਪਰੀਮ ਕੋਰਟ ਨੇ ਬੜੀ ਸਫ਼ਾਈ ਨਾਲ ਇਹ ਫ਼ੈਸਲਾ ਕੀਤਾ ਹੈ ਕਿ ਰਚਨਾਤਮਕ ਆਜ਼ਾਦੀ ਵਿੱਚ ਸਮਾਜ ਅੰਦਰ ਪਹਿਲਾਂ ਤੋਂ ਹੀ ਅਣਡਿੱਠ ਕੀਤੇ ਅਤੇ ਦੁਤਕਾਰੇ ਗਏ ਲੋਕਾਂ ਦੀਆਂ ਨਕਲਾਂ ਲਾਹੁਣ ਅਤੇ ਉਨ੍ਹਾਂ ਨੂੰ ਗ਼ਲਤ ਰੰਗਤ 'ਚ ਪੇਸ਼ ਕਰਨ ਦੀ ਖੁੱਲ੍ਹ ਸ਼ਾਮਿਲ ਨਹੀਂ ਹੈ। ਅਪਾਹਜਤਾ ਨਾਲ ਜੁੜੇ ਕਈ ਸ਼ਬਦਾਂ ਦੀ ਬੇਕਿਰਕ ਵਰਤੋਂ ਕਰ ਕੇ ਵੀ ਉਨ੍ਹਾਂ ਪ੍ਰਤੀ ਸਮਾਜ ਦੀਆਂ ਗ਼ਲਤ ਧਾਰਨਾਵਾਂ ਨੂੰ ਬਲ ਮਿਲਦਾ ਹੈ। ਫਿਲਮਕਾਰਾਂ ਨੂੰ ਹੁਣ ਆਪਣੇ ਕਾਰਜ ਦੌਰਾਨ ਨਾ ਕੇਵਲ ਅੰਗਹੀਣਤਾ ਦੀਆਂ ਧਾਰਨਾਵਾਂ ਪ੍ਰਤੀ ਸੰਵੇਦਨਸ਼ੀਲ ਹੋਣਾ ਪਵੇਗਾ ਸਗੋਂ ਕਈ ਹੋਰ ਬਾਰੀਕੀਆਂ ਪ੍ਰਤੀ ਵੀ ਚੌਕਸ ਰਹਿਣਾ ਪਵੇਗਾ।

ਨਵੀਆਂ ਸੇਧਾਂ ਨਾ ਕੇਵਲ ਸੰਵਿਧਾਨ ਦੇ ਵਿਤਕਰੇ ਤੋਂ ਮੁਕਤੀ ਅਤੇ ਗ਼ੈਰਤਮੰਦ ਜੀਵਨ ਦੇ ਉਦੇਸ਼ਾਂ ਸਗੋਂ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਦੇ ਅਧਿਕਾਰਾਂ ਬਾਰੇ ਕਾਨੂੰਨ-2016 ਦੀਆਂ ਮੱਦਾਂ ਨਾਲ ਮੇਲ ਖਾਂਦੀਆਂ ਹਨ ਅਤੇ ਇਨ੍ਹਾਂ ਵਿਧਾਨਕ ਵਿਵਸਥਾਵਾਂ ਨੂੰ ਅਗਾਂਹ ਵਧਾਉਂਦੀਆਂ ਹਨ ਤਾਂ ਕਿ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਨੂੰ ਜੀਵਨ ਦੇ ਸਾਰੇ ਖੇਤਰਾਂ ਵਿੱਚ ਆਪਣਾ ਸਤਿਕਾਰਯੋਗ ਮੁਕਾਮ ਹਾਸਿਲ ਕਰਨ ਵਿੱਚ ਮਦਦ ਮਿਲ ਸਕੇ। ਇਸ ਪੱਖੋਂ ਜਨਤਕ ਖੇਤਰ ਵਿੱਚ ਬਹੁਤ ਸਾਰੇ ਕਦਮ ਚੁੱਕਣੇ ਪੈਣਗੇ। ਇਉਂ ਸਮਾਜਿਕ ਮਾਹੌਲ ਸਾਜ਼ਗਾਰ ਬਣਾਉਣ ਨਾਲ ਅਸਲ ਸ਼ਕਤੀਕਰਨ ਹੋ ਸਕੇਗਾ ਅਤੇ ਸਮਾਜ ਦੇ ਅੱਗੇ ਵਧਣ ਦੇ ਰਾਹ ਹੋਰ ਮੋਕਲੇ ਹੋਣਗੇ।

# ਪੰਜਾਬ ਦਾ ਵਿੱਤੀ ਏਜੰਡਾ

ਪਿਛਲੇ ਕਈ ਸਾਲਾਂ ਤੋਂ ਪੰਜਾਬ ਦੇ ਵਿੱਤੀ ਸਰੋਤਾਂ ਦੇ ਮਾਪਕਾਂ ਨੂੰ ਲੈ ਕੇ ਚਿੰਤਾਵਾਂ ਗੂੜ੍ਹੀਆਂ ਹੋ ਰਹੀਆਂ ਹਨ। ਪੰਜਾਬ ਸਿਰ ਕਰਜ਼ੇ ਦੀ ਪੰਡ ਭਾਰੀ ਹੋਣ ਅਤੇ ਇਸ ਦੇ ਨਾਲ ਜੀਐੱਸਟੀ ਪ੍ਰਣਾਲੀ ਲਾਗੂ ਹੋਣ ਤੋਂ ਬਾਅਦ ਮਾਲੀਆ ਪ੍ਰਾਪਤੀ ਵਿੱਚ ਪੈਣ ਵਾਲੇ ਘਾਟੇ ਦੀ ਭਰਪਾਈ ਲਈ ਕੇਂਦਰ ਤੋਂ ਮਿਲਣ ਵਾਲੀ ਸਹਾਇਤਾ ਬੰਦ ਹੋਣ ਨਾਲ ਰਾਜ ਦੇ ਵਿੱਤੀ ਪ੍ਰਬੰਧ 'ਤੇ ਇਸ ਦਾ ਅਸਰ ਸਾਫ਼ ਝਲਕ ਰਿਹਾ ਹੈ। ਮਾਲੀ ਸਰੋਕਾਰਾਂ ਕਰ ਕੇ ਇਸ ਸਾਲ ਪੰਜਾਬ ਸਰਕਾਰ ਨੇ ਮੂੰਗੀ ਦੀ ਸਰਕਾਰੀ ਖਰੀਦ ਤੋਂ ਹੱਥ ਪਿਛਾਂਹ ਖਿੱਚ ਲਏ ਹਨ। ਦਿਹਾਤੀ ਖੇਤਰਾਂ ਵਿੱਚ ਸੜਕਾਂ ਖਸਤਾਹਾਲ ਹਨ। ਇਸ ਤੋਂ ਇਲਾਵਾ ਮੌਨਸੂਨ ਦੇ ਮੀਂਹ ਸ਼ੁਰੂ ਹੋਣ ਦੇ ਬਾਵਜੂਦ ਹੜ੍ਹ ਰੋਕੂ ਪ੍ਰਬੰਧਾਂ ਦਾ ਕਿਤੇ ਕੋਈ ਨਾਂ ਨਿਸ਼ਾਨ ਨਹੀਂ ਹੈ। ਇਸ ਪ੍ਰਸੰਗ ਵਿੱਚ ਸੋਲ੍ਹਵੇਂ ਵਿੱਤ ਕਮਿਸ਼ਨ ਦੀ ਟੀਮ ਵੱਲੋਂ 22 ਅਤੇ 23 ਜੁਲਾਈ ਨੂੰ ਪੰਜਾਬ ਦਾ ਦੌਰਾ ਕਰਨ ਦਾ ਪ੍ਰੋਗਰਾਮ ਹੈ। ਮੀਡੀਆ ਰਿਪੋਰਟਾਂ ਮੁਤਾਬਿਕ ਵਿੱਤ ਕਮਿਸ਼ਨ ਦੀ ਟੀਮ ਸਾਹਮਣੇ ਰਾਜ ਦੀ ਤਰਫ਼ੋਂ ਮੰਗਾਂ ਪੇਸ਼ ਕਰਨ ਲਈ ਪੰਜਾਬ ਦੇ ਵਿੱਤ ਵਿਭਾਗ ਨੇ ਤਿਆਰੀਆਂ ਵਿੱਢੀਆਂ ਹੋਈਆਂ ਹਨ ਅਤੇ ਇਸ ਸਬੰਧ ਵਿੱਚ 16 ਜੁਲਾਈ ਨੂੰ ਮੀਟਿੰਗ ਬੁਲਾਈ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਜਿ ?ਮਨੀ ਚੋਣ ਜਿਸ ਲਈ ਭਲਕੇ ਬੁੱਧਵਾਰ ਨੂੰ ਵੋਟਾਂ ਪੈ ਰਹੀਆਂ ਹਨ, ਦੇ ਪ੍ਰਚਾਰ ਦੀ ਕਮਾਨ ਸੰਭਾਲਣ ਲਈ ਆਪਣੀ ਰਿਹਾਇਸ਼ ਜਲੰਧਰ ਤਬਦੀਲ ਕਰ ਲਈ ਸੀ।

ਪੰਜਾਬ ਦੇ ਵਿੱਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੇਂਦਰ ਨੇ ਵੱਖ-ਵੱਖ ਮੱਦਾਂ ਤਹਿਤ ਸੂਬੇ ਦੇ 10000 ਕਰੋੜ ਰੁਪਏ ਦੇ ਫੰਡ ਰੋਕੇ ਹੋਏ ਹਨ। ਇਨ੍ਹਾਂ ਵਿੱਚ 6767 ਕਰੋੜ ਰੁਪਏ ਦਿਹਾਤੀ ਵਿਕਾਸ ਫੰਡ ਅਤੇ ਮੰਡੀ ਵਿਕਾਸ ਫੰਡ ਦੇ ਹਨ ਜੋ ਪੰਜਾਬ ਸਰਕਾਰ ਵੱਲੋਂ ਕੇਂਦਰੀ ਪੂਲ ਲਈ ਖੇਤੀ ਜਿਣਸਾਂ ਦੀ ਖਰੀਦ ਸਮੇਂ ਲਏ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਰਾਸ਼ਟਰੀ ਸਿਹਤ ਮਿਸ਼ਨ ਦੇ 650 ਕਰੋੜ ਰੁਪਏ, ਸਮੱਗਰ ਸਿੱਖਿਆ ਪ੍ਰੋਗਰਾਮ ਦੇ 515.55 ਕਰੋੜ ਰੁਪਏ ਅਤੇ ਵਿਸ਼ੇਸ਼ ਪੂੰਜੀ ਸਹਾਇਤਾ ਲਈ 1600 ਕਰੋੜ ਰੁਪਏ ਦੇ ਫੰਡ ਸ਼ਾਮਿਲ ਹਨ।

ਕੇਂਦਰ ਵਲੋਂ ਸੂਬਿਆਂ ਨੂੰ ਫੰਡ ਦੇਣ ਵਿੱਚ ਪੱਖਪਾਤ ਦਾ ਮੁੱਦਾ ਕਈ ਹੋਰ ਸੂਬਿਆਂ ਖ਼ਾਸਕਰ ਦੱਖਣ ਦੇ ਸੂਬਿਆਂ ਵੱਲੋਂ ਲਗਾਤਾਰ ਉਠਾਇਆ ਜਾ ਰਿਹਾ ਹੈ। ਹੁਣ ਜਦੋਂ ਹਾਲੀਆ ਲੋਕ ਸਭਾ ਚੋਣਾਂ ਵਿੱਚ ਕਿਸੇ ਵੀ ਇੱਕ ਪਾਰਟੀ ਨੂੰ ਬਹੁਮਤ ਨਾ ਮਿਲਣ ਕਰ ਕੇ ਕੇਂਦਰ ਵਿੱਚ ਕੁਲੀਸ਼ਨ ਸਰਕਾਰ ਹੋਂਦ ਵਿੱਚ ਆ ਚੁੱਕੀ ਹੈ ਤਾਂ ਵਿਰੋਧੀ ਪਾਰਟੀਆਂ ਦੀਆਂ ਸੂਬਾਈ ਸਰਕਾਰਾਂ ਦੇ ਗਿਲੇ ਸ਼ਿਕਵਿਆਂ ਨੂੰ ਮੁਖ਼ਾਤਿਬ ਹੋਣ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ। ਇਸ ਪ੍ਰਸੰਗ ਵਿੱਚ ਪੰਜਾਬ ਵਿੱਚ ਸਾਰੀਆਂ ਪਾਰਟੀਆਂ ਦੇ ਸੰਸਦ ਮੈਂਬਰਾਂ ਨੂੰ ਇਕਸੁਰ ਹੋ ਕੇ ਸੂਬੇ ਦੇ ਹਿੱਤਾਂ ਦੀ ਆਵਾਜ਼ ਸੰਸਦ ਅੰਦਰ ਅਤੇ ਹੋਰਨਾਂ ਮੰਚਾਂ 'ਤੇ ਚੁੱਕਣੀ ਚਾਹੀਦੀ ਹੈ। ਇਸ ਦਿਸ਼ਾ ਵਿੱਚ ਸਾਜ਼ਗਾਰ ਮਾਹੌਲ ਪੈਦਾ ਕਰਨ ਲਈ ਪੰਜਾਬ ਸਰਕਾਰ ਨੂੰ ਪਹਿਲ ਕਰਨੀ ਚਾਹੀਦੀ ਹੈ। ਜਿ ?ਮਨੀ ਚੋਣਾਂ ਅਤੇ ਹੋਰਨਾਂ ਮੌਕਿਆਂ 'ਤੇ ਕੀਤੀ ਜਾ ਰਹੀ ਸਿਆਸੀ ਬਦਮਗਜ਼ੀ ਤੋਂ ਗੁਰੇਜ਼ ਕਰ ਕੇ ਪੰਜਾਬ ਦੇ ਸਾਂਝੇ ਹਿੱਤਾਂ ਲਈ ਸਾਰੀਆਂ ਧਿਰਾਂ ਨੂੰ ਇੱਕ ਮੰਚ 'ਤੇ ਲਿਆਉਣਾ ਚਾਹੀਦਾ ਹੈ ਅਤੇ ਪੰਜਾਬ ਦੇ ਵਿੱਤੀ ਸਰੋਤਾਂ, ਖੇਤੀਬਾੜੀ ਤੇ ਸਨਅਤ ਨਾਲ ਜੁੜੇ ਮਸਲਿਆਂ 'ਤੇ ਬੱਝਵੀਂ ਪੈਰਵੀ ਲਈ ਹਰ ਸੰਭਵ ਮਦਦ ਪਹੁੰਚਾਉਣੀ ਚਾਹੀਦੀ ਹੈ। ਪਿਛਲੇ ਲੰਮੇ ਸਮੇਂ ਦੌਰਾਨ ਦਰਪੇਸ਼ ਕਈ ਤਰ੍ਹਾਂ ਦੀਆਂ ਔਕੜਾਂ ਕਰ ਕੇ ਪੰਜਾਬ ਪਹਿਲਾਂ ਹੀ ਕਈ ਸੂਬਿਆਂ ਤੋਂ ਬਹੁਤ ਪਛੜ ਗਿਆ ਹੈ। ਸੂਬਾ ਸਨਅਤੀਕਰਨ ਵਾਲੀ ਲੀਹ 'ਤੇ ਵੀ ਸਹੀ ਢੰਗ ਨਾਲ ਪੈ ਨਹੀਂ ਸਕਿਆ ਹੈ। ਸਿਰਫ਼ ਆਰਥਿਕ ਹੀ ਨਹੀਂ, ਸੂਬਾ ਸਮਾਜਿਕ ਅਤੇ ਕੁਝ ਹੋਰ ਮਸਲਿਆਂ ਦੇ ਮਾਮਲੇ 'ਤੇ ਗਹਿਰੇ ਸੰਕਟ ਦੀ ਮਾਰ ਝੱਲ ਰਿਹਾ ਹੈ। ਇਸ ਲਈ ਇਨ੍ਹਾਂ ਸਾਰੇ ਮਸਲਿਆਂ ਬਾਰੇ ਗੰਭੀਰ ਵਿਚਾਰ-ਵਟਾਂਦਰੇ ਦੀ ਲੋੜ ਹੈ। ਦੂਜੇ ਬੰਨੇ, ਕੇਂਦਰ ਤੇ ਰਾਜਾਂ ਦੇ ਸਬੰਧਾਂ ਦੇ ਵੱਖ-ਵੱਖ ਮਾਮਲਿਆਂ ਵਿਚ ਕੇਂਦਰ ਸਰਕਾਰ ਦਾ ਜੋ ਰਵੱਈਆ ਹੁਣ ਤੱਕ ਸਾਹਮਣੇ ਹੈ, ਉਸ ਨੂੰ ਧਿਆਨ ਵਿਚ ਰੱਖ ਕੇ ਸੂਬੇ ਦੀਆਂ ਸਾਰੀਆਂ ਸਿਆਸੀ ਧਿਰਾਂ ਨੂੰ ਇਕਜੁੱਟ ਹੋ ਕੇ ਹੰਭਲਾ ਮਾਰਨਾ ਚਾਹੀਦਾ ਹੈ। ਸਮਾਂ ਤੇਜ਼ੀ ਨਾਲ ਲੰਘ ਰਿਹਾ ਹੈ। ਇਸ ਲਈ ਵਕਤ ਵਿਚਾਰਨਾ ਅੱਜ ਦੀ ਜ਼ਰੂਰਤ ਹੈ।

# ਮੋਦੀ ਦਾ ਮਾਸਕੋ ਦੌਰਾ

ਨਵੀਂ ਸਰਕਾਰ ਦੇ ਗਠਨ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੱਜਰੇ ਮਾਸਕੋ ਦੌਰੇ ਤੋਂ ਦੋ ਸਬਕ ਲਏ ਜਾ ਸਕਦੇ ਹਨ। ਪਹਿਲਾ ਇਹ ਕਿ ਦਿੱਲੀ ਅਤੇ ਮਾਸਕੋ ਵਿਚਕਾਰ ਰਿਸ਼ਤੇ ਹੋਰ ਮਜ਼ਬੂਤ ਹੋ ਰਹੇ ਹਨ; ਇਸ ਦੇ ਦਾਇਰੇ ਵਿੱਚ ਵਪਾਰ, ਵਣਜ, ਸੁਰੱਖਿਆ, ਖੇਤੀਬਾੜੀ, ਤਕਨਾਲੋਜੀ ਅਤੇ ਨਵੀਨ ਖੋਜਾਂ ਦੇ ਸਾਰੇ ਖੇਤਰ ਆ ਰਹੇ ਹਨ। ਦੂਜਾ, ਭਾਰਤ ਆਪਣੇ ਇਸ 'ਸਦਾਬਹਾਰ ਦੋਸਤ' ਨੂੰ ਤਰਕ ਦਾ ਰਾਹ ਦਿਖਾਉਣ ਤੋਂ ਵੀ ਗੁਰੇਜ਼ ਨਹੀਂ ਕਰ ਰਿਹਾ।

ਯੂਕਰੇਨ ਦੀ ਰਾਜਧਾਨੀ ਵਿੱਚ ਬੱਚਿਆਂ ਦੇ ਹਸਪਤਾਲ 'ਤੇ ਹੋਏ ਮਿਜ਼ਾਈਲ ਹਮਲੇ ਤੋਂ ਬਾਅਦ ਮੋਦੀ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਆਖਿਆ ਹੈ ਕਿ ਯੂਕਰੇਨ ਟਕਰਾਅ ਦਾ ਹੱਲ ਜੰਗ ਦੇ ਮੈਦਾਨ ਵਿੱਚ ਸੰਭਵ ਨਹੀਂ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਹਮਲੇ ਵਿੱਚ ਮਾਰੇ ਗਏ ਬੱਚਿਆਂ ਲਈ ਜਿਵੇਂ ਆਪਣੀ ਹਮਦਰਦੀ ਜ਼ਾਹਿਰ ਕੀਤੀ ਹੈ, ਉਸ ਨਾਲ ਰਾਸ਼ਟਰਪਤੀ ਪੂਤਿਨ ਜ਼ਰੂਰ ਅਸਹਿਜ ਹੋਏ ਹੋਣਗੇ ਪਰ ਇਸ ਦੇ ਬਾਵਜੂਦ ਉਨ੍ਹਾਂ ਯੂਕਰੇਨ ਸੰਕਟ ਦਾ ਹੱਲ ਲੱਭਣ ਲਈ ਮੋਦੀ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਹੀ ਕੀਤੀ।

ਪ੍ਰਧਾਨ ਮੰਤਰੀ ਮੋਦੀ ਦੇ ਇਸ ਦੌਰੇ ਨਾਲ ਭਾਰਤ ਨੇ ਅਮਰੀਕਾ ਅਤੇ ਉਸ ਦੇ ਯੂਰੋਪੀਅਨ ਸੰਗੀਆਂ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਭਾਰਤ ਆਰਥਿਕ ਪਾਬੰਦੀਆਂ ਦੀਆਂ ਚਿਤਾਵਨੀਆਂ ਦੇ ਬਾਵਜੂਦ ਰੂਸ ਨਾਲ ਆਪਣੀ ਵਿਸ਼ੇਸ਼ ਰਣਨੀਤਕ ਸਾਂਝੇਦਾਰੀ ਮਜ਼ਬੂਤ ਕਰਦਾ ਰਹੇਗਾ। ਇਸ ਜ਼ਮੀਨੀ ਹਕੀਕਤ ਨੂੰ ਸਵੀਕਾਰ ਕਰਦਿਆਂ ਭਾਵੇਂ ਅੱਧਮਨੇ ਢੰਗ ਨਾਲ ਹੀ ਸਹੀ, ਅਮਰੀਕਾ ਨੇ ਇਹ ਆਖਿਆ ਹੈ ਕਿ ਰੂਸ ਨਾਲ ਦਿੱਲੀ ਦੇ ਰਿਸ਼ਤਿਆਂ 'ਤੇ ਫਿ ?ਕਰਮੰਦੀ ਦੇ ਬਾਵਜੂਦ ਉਹ ਭਾਰਤ ਨੂੰ ਰਣਨੀਤਕ ਭਾਈਵਾਲ ਵਜੋਂ ਹੀ ਦੇਖੇਗਾ। ਸਤੰਬਰ 2022 ਵਿੱਚ ਮੋਦੀ ਨੇ ਪੂਤਿਨ ਨੂੰ ਕਿਹਾ ਸੀ, ਇਹ ਜੰਗ ਲੜਨ ਦਾ ਯੁੱਗ ਨਹੀਂ ਹੈ। ਮੋਦੀ ਦੀ ਇਸ ਟਿੱਪਣੀ ਨੂੰ ਕਾਫ਼ੀ ਪ੍ਰਮੁੱਖਤਾ ਨਾਲ ਉਭਾਰਿਆ ਗਿਆ ਸੀ ਹਾਲਾਂਕਿ ਇਹ ਦੋਵਾਂ ਵਿੱਚੋਂ ਕਿਸੇ ਵੀ ਧਿਰ ਨੂੰ ਸਹਿਮਤ ਕਰਨ ਵਿੱਚ ਸਹਾਈ ਨਹੀਂ ਹੋ ਸਕੀ ਬਲਕਿ ਪੂਤਿਨ ਨੇ ਹਾਲ ਹੀ ਵਿੱਚ ਚੀਨ ਅਤੇ ਉੱਤਰੀ ਕੋਰੀਆ ਦਾ ਦੌਰਾ ਕਰ ਕੇ ਰੂਸ ਲਈ ਸਮਰਥਨ ਹੋਰ ਪੱਕਾ ਕਰਨ ਦੀ ਕੋਸ਼ਿਸ਼ ਕੀਤੀ ਹੈ।

ਹੁਣ ਭਾਰਤ ਨੇ ਰੂਸ-ਯੂਕਰੇਨ ਦਰਮਿਆਨ ਬਣੇ ਜਮੂਦ ਨੂੰ ਤੋੜਨ ਲਈ ਮੁੜ ਸੰਵਾਦ ਅਤੇ ਕੂਟਨੀਤੀ ਉੱਤੇ ਜ਼ੋਰ ਦਿੱਤਾ ਹੈ। ਨਤੀਜਾ ਭਾਵੇਂ ਕੋਈ ਵੀ ਹੋਵੇ ਪਰ ਦਿੱਲੀ ਦੀ ਵਿਹਾਰਕ ਪਹੁੰਚ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਪੱਛਮੀ ਜਗਤ ਅਤੇ ਰੂਸ ਬਿਨਾਂ ਕਿਸੇ ਠੋਸ ਅਧਾਰ ਤੋਂ ਯਕੀਨੀ ਤੌਰ 'ਤੇ ਭਾਰਤ ਤੋਂ ਹਮਾਇਤ ਦੀ ਉਮੀਦ ਨਹੀਂ ਰੱਖ ਸਕਦੇ। ਦਰਅਸਲ, ਜਿੰਨੀ ਤੇਜ਼ੀ ਨਾਲ ਹੁਣ ਸੰਸਾਰ ਦੀ ਭੂ-ਸਿਆਸਤ ਅੰਦਰ ਨਵੀਆਂ ਸਫ਼ਬੰਦੀਆਂ ਹੋ ਰਹੀਆਂ ਹਨ, ਉਸ ਪ੍ਰਸੰਗ ਵਿੱਚ ਭਾਰਤ ਨੂੰ ਸੰਤੁਲਨ ਬਣਾ ਕੇ ਹੀ ਰੱਖਣਾ ਪਵੇਗਾ ਅਤੇ ਵੱਖ-ਵੱਖ ਮਸਲਿਆਂ 'ਤੇ ਆਪਣੇ ਹਿਤਾਂ ਦੇ ਹਿਸਾਬ ਨਾਲ ਪੈਂਡੜੇ ਮੱਲਣੇ ਪੈਣਗੇ।

# ਪੰਜਾਬ ਵਿੱਚ ਪੌਦੇ ਲਗਾਉਣ ਦੀ ਮੁਹਿੰਮ: ਭਵਿੱਖ ਲਈ ਵਾਤਾਵਰਣ ਨੂੰ ਬਚਾਉਣਾ




ਹਾਲ ਹੀ ਦੇ ਦਹਾਕਿਆਂ ਵਿੱਚ, ਗਲੋਬਲ ਵਾਤਾਵਰਣ ਤੇਜ਼ੀ ਨਾਲ ਉਦਯੋਗੀਕਰਨ, ਸ਼ਹਿਰੀਕਰਨ ਅਤੇ ਆਬਾਦੀ ਦੇ ਵਾਧੇ ਕਾਰਨ ਬੇਮਿਸਾਲ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਇਹਨਾਂ ਗਤੀਵਿਧੀਆਂ ਨੇ ਮਹੱਤਵਪੂਰਨ ਜੰਗਲਾਂ ਦੀ ਕਟਾਈ, ਪ੍ਰਦੂਸ਼ਣ ਅਤੇ ਜਲਵਾਯੂ ਪਰਿਵਰਤਨ ਦੀ ਅਗਵਾਈ ਕੀਤੀ ਹੈ, ਜਿਸ ਨਾਲ ਦੁਨੀਆ ਭਰ ਦੇ ਵਾਤਾਵਰਣ ਪ੍ਰਣਾਲੀਆਂ ਦੇ ਨਾਜ਼ੁਕ ਸੰਤੁਲਨ ਨੂੰ ਖ਼ਤਰਾ ਪੈਦਾ ਹੋਇਆ ਹੈ। ਇਸ ਦੇ ਜਵਾਬ ਵਿੱਚ, ਕੁਦਰਤ ਨੂੰ ਬਹਾਲ ਕਰਨ ਅਤੇ ਸੰਭਾਲਣ ਦੀ ਲੋੜ @ਤੇ ਜ਼ੋਰ ਦਿੰਦੇ ਹੋਏ, ਵੱਖ-ਵੱਖ ਵਾਤਾਵਰਣ ਅੰਦੋਲਨ ਅਤੇ ਮੁਹਿੰਮਾਂ ਉਭਰੀਆਂ ਹਨ। ਇਹਨਾਂ ਵਿੱਚੋਂ, ਪੌਦੇ ਲਗਾਉਣ ਦੀਆਂ ਮੁਹਿੰਮਾਂ ਨੇ ਜੰਗਲਾਂ ਦੀ ਕਟਾਈ ਅਤੇ ਇਸ ਨਾਲ ਜੁੜੀਆਂ ਸਮੱਸਿਆਵਾਂ ਦਾ ਮੁਕਾਬਲਾ ਕਰਨ ਲਈ ਇੱਕ ਪ੍ਰਭਾਵਸ਼ਾਲੀ ਉਪਾਅ ਵਜੋਂ ਪ੍ਰਮੁੱਖਤਾ ਪ੍ਰਾਪਤ ਕੀਤੀ ਹੈ।

ਪੰਜਾਬ, ਉੱਤਰੀ ਭਾਰਤ ਦਾ ਇੱਕ ਰਾਜ, ਆਪਣੀ ਅਮੀਰ ਖੇਤੀਬਾੜੀ ਵਿਰਾਸਤ ਅਤੇ ਜੀਵੰਤ ਸੱਭਿਆਚਾਰ ਲਈ ਮਸ਼ਹੂਰ ਹੈ। ਹਾਲਾਂਕਿ, ਹੋਰ ਬਹੁਤ ਸਾਰੇ ਖੇਤਰਾਂ ਵਾਂਗ, ਪੰਜਾਬ ਵੀ ਵਾਤਾਵਰਣ ਦੇ ਵਿਗਾੜ ਤੋਂ ਮੁਕਤ ਨਹੀਂ ਹੈ। ਰਾਜ ਨੇ ਪਿਛਲੇ ਸਾਲਾਂ ਦੌਰਾਨ ਜੰਗਲਾਂ ਦੀ ਗੰਭੀਰ ਕਟਾਈ, ਹਵਾ ਦੀ ਗੁਣਵੱਤਾ ਵਿੱਚ ਗਿਰਾਵਟ, ਅਤੇ ਪਾਣੀ ਦੇ ਸਰੋਤਾਂ ਨੂੰ ਘਟਾਇਆ ਹੈ। ਇਹਨਾਂ ਅਹਿਮ ਮੁੱਦਿਆਂ ਨੂੰ ਹੱਲ ਕਰਨ ਲਈ, ਸਰਕਾਰ ਨੇ ਗੈਰ-ਸਰਕਾਰੀ ਸੰਸਥਾਵਾਂ (ਐਨ.ਜੀ.ਓਜ਼) ਅਤੇ ਸਥਾਨਕ ਭਾਈਚਾਰਿਆਂ ਦੇ ਨਾਲ, ਹਰਿਆਲੀ ਨੂੰ ਬਹਾਲ ਕਰਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਟਿਕਾਊ ਵਾਤਾਵਰਣ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਵਿਆਪਕ ਪੌਦੇ ਲਗਾਉਣ ਦੀਆਂ ਮੁਹਿੰਮਾਂ ਸ਼ੁਰੂ ਕੀਤੀਆਂ ਹਨ।

ਪੰਜਾਬ ਵਿੱਚ ਪੌਦੇ ਲਗਾਉਣ ਦੀਆਂ ਮੁਹਿੰਮਾਂ ਦਾ ਇਤਿਹਾਸਕ ਪ੍ਰਸੰਗ

ਪੰਜਾਬ ਦਾ ਇਤਿਹਾਸ ਇਸ ਦੀਆਂ ਵਿਸ਼ਾਲ ਅਤੇ ਉਪਜਾਊ ਜ਼ਮੀਨਾਂ ਨਾਲ ਜੁੜਿਆ ਹੋਇਆ ਹੈ, ਜਿਨ੍ਹਾਂ ਦੀ ਖੇਤੀ ਸਦੀਆਂ ਤੋਂ ਹੁੰਦੀ ਆ ਰਹੀ ਹੈ। ਹਾਲਾਂਕਿ, 1960 ਦੇ ਦਹਾਕੇ ਵਿੱਚ ਹਰੀ ਕ੍ਰਾਂਤੀ ਦੇ ਆਗਮਨ ਦੇ ਨਾਲ, ਖੇਤੀਬਾੜੀ ਦੇ ਵਿਸਥਾਰ @ਤੇ ਧਿਆਨ ਕੇਂਦਰਿਤ ਕਰਨ ਨਾਲ ਜੰਗਲਾਂ ਦੀ ਵਿਆਪਕ ਕਟਾਈ ਹੋਈ। ਵਧੇਰੇ ਖੇਤੀ ਯੋਗ ਜ਼ਮੀਨ ਲਈ ਰਾਹ ਬਣਾਉਣ ਲਈ ਜੰਗਲਾਂ ਨੂੰ ਸਾਫ਼ ਕਰ ਦਿੱਤਾ ਗਿਆ ਸੀ, ਨਤੀਜੇ ਵਜੋਂ ਜੈਵ ਵਿਭਿੰਨਤਾ ਅਤੇ ਕੁਦਰਤੀ ਨਿਵਾਸ ਸਥਾਨਾਂ ਦਾ ਮਹੱਤਵਪੂਰਨ ਨੁਕਸਾਨ ਹੋਇਆ। ਤੇਜ਼ੀ ਨਾਲ ਜੰਗਲਾਂ ਦੀ ਕਟਾਈ ਨੇ ਮਿੱਟੀ ਦੇ ਕਟੌਤੀ, ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਘਟਾਉਣ, ਅਤੇ ਜਲਵਾਯੂ ਪਰਿਵਰਤਨ ਲਈ ਕਮਜ਼ੋਰੀ ਵਧਣ ਵਿੱਚ ਵੀ ਯੋਗਦਾਨ ਪਾਇਆ।

ਪੰਜਾਬ ਵਿੱਚ ਜੰਗਲਾਂ ਦੀ ਕਟਾਈ ਨੂੰ ਹੱਲ ਕਰਨ ਲਈ ਮੁਢਲੇ ਯਤਨ 20ਵੀਂ ਸਦੀ ਦੇ ਅਖੀਰ ਵਿੱਚ, ਵੱਖ-ਵੱਖ ਪੁਨਰ-ਵਣਨ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਦੇ ਨਾਲ ਸ਼ੁਰੂ ਹੋਏ। ਪੰਜਾਬ ਦੇ ਜੰਗਲਾਤ ਵਿਭਾਗ ਨੇ ਇਨ੍ਹਾਂ ਸ਼ੁਰੂਆਤੀ ਪਹਿਲਕਦਮੀਆਂ ਵਿੱਚ ਮੁੱਖ ਭੂਮਿਕਾ ਨਿਭਾਈ, ਜਿਸ ਵਿੱਚ ਜੰਗਲਾਤ ਅਤੇ ਪੁਨਰ-ਵਣੀਕਰਨ ਪ੍ਰੋਜੈਕਟਾਂ @ਤੇ ਧਿਆਨ ਦਿੱਤਾ ਗਿਆ। ਇਨ੍ਹਾਂ ਯਤਨਾਂ ਦਾ ਉਦੇਸ਼ ਖਰਾਬ ਹੋ ਚੁੱਕੀਆਂ ਜ਼ਮੀਨਾਂ ਨੂੰ ਬਹਾਲ ਕਰਨਾ, ਮਿੱਟੀ ਦੀ ਉਪਜਾਊ ਸ਼ਕਤੀ ਨੂੰ ਸੁਧਾਰਨਾ ਅਤੇ ਪਾਣੀ ਦੇ ਸਰੋਤਾਂ ਦੀ ਸੰਭਾਲ ਕਰਨਾ ਸੀ।

ਦਹਾਕਿਆਂ ਦੌਰਾਨ, ਪੰਜਾਬ ਵਿੱਚ ਬੂਟੇ ਲਗਾਉਣ ਦੀਆਂ ਮੁਹਿੰਮਾਂ ਵਿਕਸਿਤ ਹੋਈਆਂ ਹਨ, ਆਧੁਨਿਕ ਤਕਨੀਕਾਂ ਨੂੰ ਸ਼ਾਮਲ ਕਰਕੇ ਅਤੇ ਵਿਭਿੰਨ ਹਿੱਸੇਦਾਰਾਂ ਨੂੰ ਸ਼ਾਮਲ ਕਰਦੇ ਹੋਏ। ਸਰਕਾਰ ਦੀ ਅਗਵਾਈ ਵਾਲੀ ਸ਼ੁਰੂਆਤੀ ਪਹਿਲਕਦਮੀਆਂ ਤੋਂ, ਮੁਹਿੰਮਾਂ ਦਾ ਵਿਸਤਾਰ ਐੱਨ.ਜੀ.ਓਜ਼, ਵਿਦਿਅਕ ਸੰਸਥਾਵਾਂ, ਅਤੇ ਸਥਾਨਕ ਭਾਈਚਾਰਿਆਂ ਨੂੰ ਸ਼ਾਮਲ ਕਰਨ ਲਈ ਹੋਇਆ ਹੈ। ਇਹ ਸਹਿਯੋਗੀ ਪਹੁੰਚ ਪੌਦੇ ਲਗਾਉਣ ਦੇ ਯਤਨਾਂ ਨੂੰ ਵਧਾਉਣ ਅਤੇ ਉਹਨਾਂ ਦੀ ਸਥਿਰਤਾ ਨੂੰ ਯਕੀਨੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ।



ਪੰਜਾਬ ਵਿੱਚ ਮੌਜੂਦਾ ਵਾਤਾਵਰਣ ਚੁਣੌਤੀਆਂ

ਬੂਟੇ ਲਗਾਉਣ ਦੀਆਂ ਮੁਹਿੰਮਾਂ ਰਾਹੀਂ ਹੋਈ ਪ੍ਰਗਤੀ ਦੇ ਬਾਵਜੂਦ, ਪੰਜਾਬ ਲਗਾਤਾਰ ਵਾਤਾਵਰਨ ਸੰਬੰਧੀ ਚੁਣੌਤੀਆਂ ਨਾਲ ਜੂਝ ਰਿਹਾ ਹੈ। ਉਦਯੋਗਿਕ ਨਿਕਾਸ, ਵਾਹਨਾਂ ਦੇ ਪ੍ਰਦੂਸ਼ਣ, ਅਤੇ ਪਰਾਲੀ ਸਾੜਨ ਵਰਗੇ ਖੇਤੀ ਅਭਿਆਸਾਂ ਕਾਰਨ ਰਾਜ ਦੀ ਹਵਾ ਦੀ ਗੁਣਵੱਤਾ ਵਿਗੜ ਗਈ ਹੈ। ਇਸ ਨਾਲ ਅਬਾਦੀ ਵਿੱਚ ਗੰਭੀਰ ਸਿਹਤ ਸਮੱਸਿਆਵਾਂ ਪੈਦਾ ਹੋਈਆਂ ਹਨ, ਜਿਸ ਵਿੱਚ ਸਾਹ ਦੀਆਂ ਬਿਮਾਰੀਆਂ ਅਤੇ ਜੀਵਨ ਦੀ ਸੰਭਾਵਨਾ ਘਟ ਗਈ ਹੈ।

ਪੰਜਾਬ ਵਿੱਚ ਜਲ ਪ੍ਰਦੂਸ਼ਣ ਇੱਕ ਹੋਰ ਗੰਭੀਰ ਚਿੰਤਾ ਹੈ। ਰਾਜ ਦੀਆਂ ਨਦੀਆਂ ਅਤੇ ਧਰਤੀ ਹੇਠਲੇ ਪਾਣੀ ਦੇ ਸਰੋਤ ਉਦਯੋਗਿਕ ਗੰਦੇ ਪਾਣੀ, ਖੇਤੀਬਾੜੀ ਦੇ ਵਹਾਅ, ਅਤੇ ਅਣਸੋਧਿਤ ਸੀਵਰੇਜ ਨਾਲ ਦੂਸ਼ਿਤ ਹਨ। ਇਸ ਨਾਲ ਨਾ ਸਿਰਫ ਪੀਣ ਵਾਲੇ ਪਾਣੀ ਦੀ ਗੁਣਵੱਤਾ ਪ੍ਰਭਾਵਿਤ ਹੋਈ ਹੈ ਸਗੋਂ ਜਲ-ਜੀਵਨ ਪ੍ਰਣਾਲੀ ਅਤੇ ਜੈਵ ਵਿਭਿੰਨਤਾ ਨੂੰ ਵੀ ਨੁਕਸਾਨ ਪਹੁੰਚਿਆ ਹੈ।

ਮਿੱਟੀ ਦੀ ਗਿਰਾਵਟ ਇੱਕ ਦਬਾਅ ਵਾਲਾ ਮੁੱਦਾ ਹੈ, ਜੋ ਕਿ ਤੀਬਰ ਖੇਤੀ ਅਭਿਆਸਾਂ, ਰਸਾਇਣਕ ਖਾਦਾਂ ਦੀ ਜ਼ਿਆਦਾ ਵਰਤੋਂ, ਅਤੇ ਨਾਕਾਫ਼ੀ ਮਿੱਟੀ ਸੰਭਾਲ ਉਪਾਵਾਂ ਦੁਆਰਾ ਵਧਾਇਆ ਗਿਆ ਹੈ। ਉਪਜਾਊ ਉਪਰਲੀ ਮਿੱਟੀ ਦੇ ਨੁਕਸਾਨ ਨੇ ਖੇਤੀਬਾੜੀ ਉਤਪਾਦਕਤਾ ਨੂੰ ਘਟਾ ਦਿੱਤਾ ਹੈ ਅਤੇ ਕੁਝ ਖੇਤਰਾਂ ਵਿੱਚ ਮਾਰੂਥਲੀਕਰਨ ਦੇ ਜੋਖਮ ਨੂੰ ਵਧਾ ਦਿੱਤਾ ਹੈ। ਪੰਜਾਬ ਦੀ ਜੈਵ ਵਿਭਿੰਨਤਾ ਵੀ ਨਿਵਾਸ ਸਥਾਨਾਂ ਦੀ ਤਬਾਹੀ ਅਤੇ ਪ੍ਰਦੂਸ਼ਣ ਨਾਲ ਪ੍ਰਭਾਵਿਤ ਹੋਈ ਹੈ। ਬਨਸਪਤੀ ਅਤੇ ਜੀਵ ਜੰਤੂਆਂ ਦੀਆਂ ਬਹੁਤ ਸਾਰੀਆਂ ਮੂਲ ਕਿਸਮਾਂ ਨੂੰ ਖ਼ਤਰਾ ਹੈ, ਅਤੇ ਵਾਤਾਵਰਣ ਸੰਤੁਲਨ ਵਿਗੜਿਆ ਹੈ। ਇਸ ਤੋਂ ਇਲਾਵਾ, ਜਲਵਾਯੂ ਪਰਿਵਰਤਨ ਨੇ ਅਣਪਛਾਤੇ ਮੌਸਮ ਦੇ ਨਮੂਨੇ ਲਿਆਏ ਹਨ, ਜਿਸ ਨਾਲ ਫਸਲਾਂ ਦੀ ਪੈਦਾਵਾਰ ਅਤੇ ਪਾਣੀ ਦੀ ਉਪਲਬਧਤਾ ਪ੍ਰਭਾਵਿਤ ਹੋਈ ਹੈ।

ਪੰਜਾਬ ਵਿੱਚ ਬੂਟੇ ਲਗਾਉਣ ਦੀ ਮੁਹਿੰਮ

ਪੰਜਾਬ ਵਿੱਚ ਬੂਟੇ ਲਗਾਉਣ ਦੀ ਮੁਹਿੰਮ ਰਾਜ ਦੀਆਂ ਵਾਤਾਵਰਣ ਚੁਣੌਤੀਆਂ ਨੂੰ ਘੱਟ ਕਰਨ ਅਤੇ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਇੱਕ ਵਿਆਪਕ ਯਤਨ ਹੈ। ਇਸ ਮੁਹਿੰਮ ਵਿੱਚ ਸਰਕਾਰ, ਗੈਰ-ਸਰਕਾਰੀ ਸੰਸਥਾਵਾਂ, ਵਿਦਿਅਕ ਸੰਸਥਾਵਾਂ ਅਤੇ ਸਥਾਨਕ ਭਾਈਚਾਰਿਆਂ ਸਮੇਤ ਬਹੁਤ ਸਾਰੇ ਹਿੱਸੇਦਾਰ ਸ਼ਾਮਲ ਹਨ। ਪੌਦੇ ਲਗਾਉਣ ਦੀ ਮੁਹਿੰਮ ਦੀ ਇੱਕ ਪ੍ਰਮੁੱਖ ਪਹਿਲਕਦਮੀ ਗਰੀਨ ਪੰਜਾਬ ਮਿਸ਼ਨ ਹੈ। ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਇਸ ਮਿਸ਼ਨ ਦਾ ਉਦੇਸ਼ ਸੂਬੇ ਦੇ ਜੰਗਲਾਤ ਕਵਰ ਨੂੰ ਵਧਾਉਣਾ ਅਤੇ ਜੈਵ ਵਿਭਿੰਨਤਾ ਨੂੰ ਵਧਾਉਣਾ ਹੈ। ਇਸ ਮਿਸ਼ਨ ਵਿੱਚ ਵੱਡੇ ਪੈਮਾਨੇ @ਤੇ ਰੁੱਖ ਲਗਾਉਣ ਦੀਆਂ ਮੁਹਿੰਮਾਂ, ਹਰੀਆਂ ਪੱਟੀਆਂ ਦੀ ਸਿਰਜਣਾ ਅਤੇ ਘਟੀਆ ਜ਼ਮੀਨਾਂ ਦੀ ਬਹਾਲੀ ਸ਼ਾਮਲ ਹੈ। ਇਹ ਵਾਤਾਵਰਣ ਦੇ ਸੰਤੁਲਨ ਅਤੇ ਲਚਕੀਲੇਪਨ ਨੂੰ ਯਕੀਨੀ ਬਣਾਉਣ ਲਈ ਮੂਲ ਪ੍ਰਜਾਤੀਆਂ ਦੀ ਵਰਤੋਂ @ਤੇ ਵੀ ਜ਼ੋਰ ਦਿੰਦਾ ਹੈ।

ਸਮੁਦਾਏ ਦੀ ਸ਼ਮੂਲੀਅਤ ਪੌਦੇ ਲਗਾਉਣ ਦੀ ਮੁਹਿੰਮ ਦਾ ਮੁੱਖ ਪਹਿਲੂ ਹੈ। ਸਕੂਲ, ਕਾਲਜ ਅਤੇ ਸਥਾਨਕ ਸੰਸਥਾਵਾਂ ਰੁੱਖ ਲਗਾਉਣ ਦੀਆਂ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਰੁੱਝੀਆਂ ਹੋਈਆਂ ਹਨ, ਰੁੱਖਾਂ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਦੀਆਂ ਹਨ, ਅਤੇ ਵਾਤਾਵਰਣ ਸੰਭਾਲ ਦੀ ਭਾਵਨਾ ਨੂੰ ਉਤਸ਼ਾਹਿਤ ਕਰਦੀਆਂ ਹਨ। ਇਹ ਜ਼ਮੀਨੀ ਪੱਧਰ ਦੇ ਯਤਨਾਂ ਦੀ ਸੰਭਾਲ ਅਤੇ ਟਿਕਾਊਤਾ ਦੇ ਸੱਭਿਆਚਾਰ ਨੂੰ ਬਣਾਉਣ ਵਿੱਚ ਮਹੱਤਵਪੂਰਨ ਰਿਹਾ ਹੈ।

ਕਈ ਗੈਰ-ਸਰਕਾਰੀ ਸੰਗਠਨਾਂ ਨੇ ਬੂਟੇ ਲਗਾਉਣ ਦੀ ਮੁਹਿੰਮ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਜਿਸ ਵਿੱਚ ਮੁਹਾਰਤ, ਸਰੋਤ ਅਤੇ ਨਵੀਨਤਾਕਾਰੀ ਪਹੁੰਚ ਸ਼ਾਮਲ ਹਨ। ਈਕੋਸਿੱਖ, ਡਬਲਯੂਡਬਲਯੂਐਫ-ਇੰਡੀਆ, ਅਤੇ ਹੋਰਾਂ ਵਰਗੀਆਂ ਸੰਸਥਾਵਾਂ ਨੇ ਪੌਦੇ ਲਗਾਉਣ ਦੇ ਸਫਲ ਪ੍ਰੋਜੈਕਟਾਂ ਨੂੰ ਲਾਗੂ ਕਰਨ ਲਈ ਸਰਕਾਰ ਅਤੇ ਭਾਈਚਾਰਿਆਂ ਨਾਲ ਸਹਿਯੋਗ ਕੀਤਾ ਹੈ। ਇਹ ਪ੍ਰੋਜੈਕਟ ਅਕਸਰ ਉੱਚ ਵਾਤਾਵਰਣਕ ਮਹੱਤਤਾ ਵਾਲੇ ਖੇਤਰਾਂ @ਤੇ ਕੇਂਦ੍ਰਤ ਕਰਦੇ ਹਨ, ਜਿਵੇਂ ਕਿ ਨਦੀ ਦੇ ਕਿਨਾਰੇ, ਸ਼ਹਿਰੀ ਖੇਤਰ, ਅਤੇ ਘਟੀਆ ਜ਼ਮੀਨਾਂ।

ਪੌਦੇ ਲਗਾਉਣ ਦੀਆਂ ਸਫਲ ਪਹਿਲਕਦਮੀਆਂ ਦੇ ਕੇਸ ਅਧਿਐਨ

ਇਹਨਾਂ ਯਤਨਾਂ ਦੇ ਸਕਾਰਾਤਮਕ ਪ੍ਰਭਾਵਾਂ ਨੂੰ ਉਜਾਗਰ ਕਰਦੇ ਹਨ। ਉਦਾਹਰਨ ਲਈ, ਕੰਢੀ ਖੇਤਰ ਵਿੱਚ ਵਣਕਰਨ ਪ੍ਰੋਜੈਕਟ ਨੇ ਨਾ ਸਿਰਫ਼ ਹਰਿਆਵਲ ਵਿੱਚ ਸੁਧਾਰ ਕੀਤਾ ਹੈ, ਸਗੋਂ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਵਧਾਇਆ ਹੈ, ਪਾਣੀ ਦੀ ਸੰਭਾਲ ਵਿੱਚ ਵਾਧਾ ਕੀਤਾ ਹੈ, ਅਤੇ ਸਥਾਨਕ ਉਪਜੀਵਕਾਵਾਂ ਦਾ ਸਮਰਥਨ ਕੀਤਾ ਹੈ। ਇਸੇ ਤਰ੍ਹਾਂ, ਲੁਧਿਆਣਾ ਅਤੇ ਅੰਮ੍ਰਿਤਸਰ ਵਰਗੇ ਸ਼ਹਿਰਾਂ ਵਿੱਚ ਸ਼ਹਿਰੀ ਹਰਿਆਲੀ ਦੇ ਪ੍ਰੋਜੈਕਟਾਂ ਨੇ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਕਰਨ, ਸ਼ਹਿਰੀ ਗਰਮੀ ਦੇ ਟਾਪੂਆਂ ਨੂੰ ਘਟਾਉਣ ਅਤੇ ਵਸਨੀਕਾਂ ਲਈ ਮਨੋਰੰਜਨ ਸਥਾਨ ਬਣਾਉਣ ਵਿੱਚ ਮਦਦ ਕੀਤੀ ਹੈ।

ਪੌਦੇ ਲਗਾਉਣ ਦੀਆਂ ਮੁਹਿੰਮਾਂ ਦਾ ਪ੍ਰਭਾਵ

ਪੰਜਾਬ ਵਿੱਚ ਪੌਦੇ ਲਗਾਉਣ ਦੀਆਂ ਮੁਹਿੰਮਾਂ ਨੇ ਮਹੱਤਵਪੂਰਨ ਵਾਤਾਵਰਣ, ਸਮਾਜਿਕ ਅਤੇ ਆਰਥਿਕ ਲਾਭ ਪ੍ਰਾਪਤ ਕੀਤੇ ਹਨ। ਵਾਤਾਵਰਣਕ ਤੌਰ @ਤੇ, ਹਰੇ ਕਵਰ ਵਿੱਚ ਵਾਧੇ ਨੇ ਹਵਾ ਦੀ ਗੁਣਵੱਤਾ ਵਿੱਚ ਸੁਧਾਰ, ਮਿੱਟੀ ਦੇ ਕਟੌਤੀ ਨੂੰ ਘਟਾਉਣ, ਅਤੇ ਵਧੀ ਹੋਈ ਜੈਵ ਵਿਭਿੰਨਤਾ ਵਿੱਚ ਯੋਗਦਾਨ ਪਾਇਆ ਹੈ। ਲਗਾਏ ਗਏ ਰੁੱਖ ਕਾਰਬਨ ਸਿੰਕ ਦਾ ਕੰਮ ਕਰਦੇ ਹਨ, ਵਾਤਾਵਰਣ ਤੋਂ ਕਾਰਬਨ ਡਾਈਆਕਸਾਈਡ ਨੂੰ ਵੱਖ ਕਰਕੇ ਜਲਵਾਯੂ ਤਬਦੀਲੀ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ।

ਸਮਾਜਿਕ ਤੌਰ @ਤੇ, ਪੌਦੇ ਲਗਾਉਣ ਦੀਆਂ ਮੁਹਿੰਮਾਂ ਨੇ ਸਮਾਜ ਅਤੇ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ ਹੈ। ਸਕੂਲਾਂ ਅਤੇ ਸਥਾਨਕ ਸੰਸਥਾਵਾਂ ਦੀ ਸ਼ਮੂਲੀਅਤ ਨੇ ਲੋਕਾਂ ਨੂੰ ਸੰਭਾਲ ਦੇ ਯਤਨਾਂ ਵਿੱਚ ਹਿੱਸਾ ਲੈਣ ਲਈ ਸਿੱਖਿਅਤ ਅਤੇ ਸ਼ਕਤੀ ਪ੍ਰਦਾਨ ਕੀਤੀ ਹੈ। ਇਸ ਸਮੂਹਿਕ ਕਾਰਵਾਈ ਨੇ ਸਮਾਜਿਕ ਏਕਤਾ ਨੂੰ ਮਜ਼ਬੂਤ ? ?ਕੀਤਾ ਹੈ ਅਤੇ ਵਾਤਾਵਰਣ ਸੰਭਾਲ ਦਾ ਸੱਭਿਆਚਾਰ ਬਣਾਇਆ ਹੈ।

ਆਰਥਿਕ ਤੌਰ @ਤੇ, ਪੌਦੇ ਲਗਾਉਣ ਦੀਆਂ ਮੁਹਿੰਮਾਂ ਨੇ ਰੁੱਖ ਲਗਾਉਣ, ਨਰਸਰੀ ਪ੍ਰਬੰਧਨ ਅਤੇ ਈਕੋ-ਟੂਰਿਜ਼ਮ ਵਿੱਚ ਨੌਕਰੀਆਂ ਦੇ ਮੌਕੇ ਪੈਦਾ ਕੀਤੇ ਹਨ। ਇਹਨਾਂ ਪਹਿਲਕਦਮੀਆਂ ਨੇ ਮਿੱਟੀ ਦੀ ਸਿਹਤ ਅਤੇ ਪਾਣੀ ਦੀ ਉਪਲਬਧਤਾ ਵਿੱਚ ਸੁਧਾਰ ਕਰਕੇ ਟਿਕਾਊ ਖੇਤੀ ਨੂੰ ਵੀ ਸਮਰਥਨ ਦਿੱਤਾ ਹੈ, ਜਿਸ ਨਾਲ ਫਸਲਾਂ ਦੀ ਪੈਦਾਵਾਰ ਅਤੇ ਕਿਸਾਨਾਂ ਦੀ ਰੋਜ਼ੀ-ਰੋਟੀ ਵਿੱਚ ਵਾਧਾ ਹੋਇਆ ਹੈ।

ਹਾਲਾਂਕਿ, ਪੌਦੇ ਲਗਾਉਣ ਦੀਆਂ ਮੁਹਿੰਮਾਂ ਨੂੰ ਵੀ ਚੁਣੌਤੀਆਂ ਅਤੇ ਸੀਮਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਲਗਾਏ ਗਏ ਰੁੱਖਾਂ ਦੇ ਬਚਾਅ ਅਤੇ ਵਿਕਾਸ ਨੂੰ ਯਕੀਨੀ ਬਣਾਉਣ ਲਈ ਲਗਾਤਾਰ ਨਿਗਰਾਨੀ, ਰੱਖ-ਰਖਾਅ ਅਤੇ ਚਰਾਉਣ ਅਤੇ ਜੰਗਲਾਂ ਦੀ ਕਟਾਈ ਵਰਗੇ ਖਤਰਿਆਂ ਤੋਂ ਸੁਰੱਖਿਆ ਦੀ ਲੋੜ ਹੁੰਦੀ ਹੈ। ਇਹਨਾਂ ਯਤਨਾਂ ਦੇ ਪ੍ਰਭਾਵ ਨੂੰ ਵੱਧ ਤੋਂ ਵੱਧ ਕਰਨ ਲਈ ਹਿੱਸੇਦਾਰਾਂ ਵਿੱਚ ਵਧੇਰੇ ਤਾਲਮੇਲ ਦੀ ਵੀ ਲੋੜ ਹੈ।

ਭਵਿੱਖ ਦੀਆਂ ਸੰਭਾਵਨਾਵਾਂ ਅਤੇ ਸਿਫ਼ਾਰਸ਼ਾਂ

ਅੱਗੇ ਦੇਖਦੇ ਹੋਏ, ਪੰਜਾਬ ਵਿੱਚ ਬੂਟੇ ਲਗਾਉਣ ਦੀ ਮੁਹਿੰਮ ਦੇ ਰਾਜ ਦੇ ਹਰਿਆਵਲ ਦਾ ਹੋਰ ਵਿਸਤਾਰ ਕਰਨ ਅਤੇ ਉੱਭਰ ਰਹੀਆਂ ਵਾਤਾਵਰਣ ਚੁਣੌਤੀਆਂ ਨੂੰ ਹੱਲ ਕਰਨ ਦੇ ਅਭਿਲਾਸ਼ੀ ਟੀਚੇ ਹਨ। ਭਵਿੱਖ ਦੇ ਟੀਚਿਆਂ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਾਪਦੰਡਾਂ ਨੂੰ ਪੂਰਾ ਕਰਨ ਲਈ ਜੰਗਲਾਤ ਨੂੰ ਵਧਾਉਣਾ, ਵਿਗੜ ਰਹੇ ਵਾਤਾਵਰਣ ਪ੍ਰਣਾਲੀ ਨੂੰ ਬਹਾਲ ਕਰਨਾ, ਅਤੇ ਜਲਵਾਯੂ ਪਰਿਵਰਤਨ ਲਈ ਲੈਂਡਸਕੇਪ ਦੀ ਲਚਕਤਾ ਨੂੰ ਵਧਾਉਣਾ ਸ਼ਾਮਲ ਹੈ।

# ਪੰਜਾਬ ਪੁਲਿਸ ਨੇ ਤਰਨਤਾਰਨ ਸੇਵਾ ਕੇਂਦਰ ਤੋਂ ਚੱਲ ਰਹੇ ਜਾਅਲੀ ਅਸਲਾ ਲਾਇਸੈਂਸ ਰੈਕੇਟ ਦਾ ਕੀਤਾ ਪਰਦਾਫਾਸ਼; ਛੇ ਜਾਅਲੀ ਅਸਲਾ ਲਾਇਸੰਸਧਾਰਕਾਂ ਸਮੇਤ ਅੱਠ ਕਾਬੂ

**➢ ਪੁਲਿਸ ਟੀਮਾਂ ਨੇ ਛੇ ਜਾਅਲੀ ਅਸਲਾ ਲਾਇਸੈਂਸ, ਸੱਤ ਹਥਿਆਰ ਅਤੇ ਜਾਅਲੀ ਦਸਤਾਵੇਜ਼ਾਂ ਦੇ ਵੇਰਵਿਆਂ ਵਾਲਾ ਲੈਪਟਾਪ ਕੀਤਾ ਬਰਾਮਦ ➢ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਪੁਲਿਸ ਸੂਬੇ ਵਿੱਚੋਂ ਸੰਗਠਿਤ ਅਪਰਾਧਾਂ ਦੇ ਖਾਤਮੇ ਲਈ ਵਚਨਬੱਧ ➢ ਸ਼ੱਕੀ ਗੰਨ ਹਾਊਸਾਂ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ: ਡੀਜੀਪੀ ਗੌਰਵ ਯਾਦਵ**

ਅੰਮ੍ਰਿਤਸਰ, 14 ਜੁਲਾਈ
--ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੂਬੇ ਵਿੱਚ ਸੰਗਠਿਤ ਅਪਰਾਧਾਂ ਨੂੰ ਖ਼ਤਮ ਕਰਨ ਲਈ ਵਿੱਢੀ ਮੁਹਿੰਮ ਦੌਰਾਨ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਜਾਅਲੀ ਅਸਲਾ ਲਾਇਸੈਂਸ ਬਣਾਉਣ ਵਾਲੇ ਗਿਰੋਹ ਦੇ ਦੋ ਮੈਂਬਰ ਅਤੇ ਛੇ ਜਾਅਲੀ ਅਸਲਾ ਲਾਇਸੰਸਧਾਰਕਾਂ ਨੂੰ ਗ੍ਰਿਫ਼ਤਾਰ ਕਰਕੇ ਇਸ ਰੈਕੇਟ ਦਾ ਪਰਦਾਫਾਸ਼ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।



ਇਹ ਰੈਕੇਟ ਤਰਨਤਾਰਨ ਸੇਵਾ ਕੇਂਦਰ ਤੋਂ ਜ਼ਿਲ੍ਹਾ ਮੈਨੇਜਰ ਸੂਰਜ ਭੰਡਾਰੀ ਜੋ ਕਿ ਹੁਣ ਫਰਾਰ ਹੈ, ਦੀ ਮਿਲੀਭੁਗਤ ਨਾਲ ਚੱਲ ਰਿਹਾ ਸੀ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਗਿਰੋਹ ਦੇ ਮੈਂਬਰਾਂ ਵਿੱਚ ਤਰਨਤਾਰਨ ਸੇਵਾ ਕੇਂਦਰ ਦਾ ਕਰਮਚਾਰੀ ਹਰਪਾਲ ਸਿੰਘ ਅਤੇ ਇੱਕ ਫੋਟੋਸਟੇਟ ਦੁਕਾਨ ਦਾ ਮਾਲਕ ਬਲਜੀਤ ਸਿੰਘ ਜਿਸ ਨੇ ਜਾਅਲੀ ਅਸਲਾ ਲਾਇਸੈਂਸ ਬਣਾਉਣ ਲਈ ਆਧਾਰ ਕਾਰਡ ਅਤੇ ਅਸਲਾ ਲਾਇਸੈਂਸ ਪ੍ਰੋਫਾਰਮਾ ਸਮੇਤ ਲੋੜੀਂਦੇ ਪਛਾਣ ਪੱਤਰਾਂ ਨਾਲ ਛੇੜਛਾੜ ਕਰਨ ਦੀ ਗੱਲ ਕਬੂਲ ਕੀਤੀ ਹੈ, ਸ਼ਾਮਲ ਹਨ। ਪੁਲਿਸ ਟੀਮਾਂ ਨੇ ਲੈਪਟਾਪ ਵੀ ਬਰਾਮਦ ਕੀਤਾ ਹੈ ਜਿਸ ਵਿੱਚ ਵੱਖ-ਵੱਖ ਸੰਪਾਦਿਤ ਦਸਤਾਵੇਜ਼ਾਂ ਦੇ ਵੇਰਵੇ ਅਤੇ ਦਸਤਾਵੇਜ਼ਾਂ ਨਾਲ ਛੇੜਛਾੜ ਕਰਨ ਲਈ ਵਰਤੇ ਜਾਂਦੇ ਆਨਲਾਈਨ ਓਪਨ ਸੋਰਸ ਸਾਫਟਵੇਅਰ ਸ਼ਾਮਲ ਹਨ।

ਇਸ ਰੈਕੇਟ ਦਾ ਪਰਦਾਫਾਸ਼ 9 ਅਪ੍ਰੈਲ, 2024 ਨੂੰ ਇਰਾਦਾ ਕਤਲ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਅੰਨਗੜ੍ਹ ਦੇ ਬੱਬਲੂ ਉਰਫ ਬੱਲੂ, ਜਿਸ ਨੇ ਪੁੱਛਗਿੱਛ ਦੌਰਾਨ ਸਹਿ-ਦੋਸ਼ੀ ਕੰਵਰਦੀਪ ਸਿੰਘ ਦੇ ਨਾਲ ਜਾਅਲੀ ਲਾਇਸੈਂਸੀ ਹਥਿਆਰ ਰੱਖਣ ਦੀ ਗੱਲ ਕਬੂਲ ਕੀਤੀ ਸੀ, ਤੋਂ ਮਿਲੀ ਜਾਣਕਾਰੀ ਉਪਰੰਤ ਹੋਇਆ।

ਡੀਜੀਪੀ ਨੇ ਦੱਸਿਆ ਕਿ ਮੁਲਜ਼ਮ ਬੱਲੂ ਦੇ ਖੁਲਾਸੇ ਤੋਂ ਬਾਅਦ ਏਡੀਸੀਪੀ ਜ਼ੋਨ-1 ਡਾ. ਦਰਪਨ ਆਹਲੂਵਾਲੀਆ ਅਤੇ ਏਸੀਪੀ ਸੈਂਟਰਲ ਸੁਰਿੰਦਰ ਸਿੰਘ ਦੀ ਨਿਗਰਾਨੀ ਹੇਠ ਥਾਣਾ ਗੇਟ ਹਕੀਮਾ ਤੋਂ ਟੀਮਾਂ ਨੇ ਜਾਂਚ ਸ਼ੁਰੂ ਕੀਤੀ ਅਤੇ ਪਤਾ ਲੱਗਾ ਕਿ ਅਸਲਾ ਲਾਇਸੈਂਸ ਡਿਪਟੀ ਕਮਿਸ਼ਨਰ ਦਫ਼ਤਰ ਤਰਨਤਾਰਨ ਤੋਂ ਤਸਦੀਕ ਕੀਤਾ ਗਿਆ ਸੀ ਪਰ ਇਸ ਸਬੰਧੀ ਸਰਕਾਰੀ ਰਿਕਾਰਡ ਵਿੱਚ ਕੋਈ ਜਾਣਕਾਰੀ ਦਰਜ ਨਹੀਂ ਸੀ।

ਉਨ੍ਹਾਂ ਕਿਹਾ ਕਿ ਤਰਨਤਾਰਨ ਦੇ ਲੋਕਾਂ ਤੋਂ ਇਲਾਵਾ ਅਪਰਾਧੀ ਪਿਛੋਕੜ ਵਾਲੇ ਅੰਮ੍ਰਿਤਸਰ ਦੇ ਵਸਨੀਕ ਵੀ ਤਰਨਤਾਰਨ ਤੋਂ ਜਾਅਲੀ ਆਧਾਰ ਕਾਰਡਾਂ ਦੇ ਆਧਾਰ 'ਤੇ ਜਾਅਲੀ ਲਾਇਸੈਂਸ ਬਣਾ ਰਹੇ ਸਨ।

ਡੀਜੀਪੀ ਗੌਰਵ ਯਾਦਵ ਨੇ ਗੰਨ ਹਾਊਸਾਂ ਦੀ ਮਿਲੀਭੁਗਤ ਨੂੰ ਨਾ ਨਕਾਰਦਿਆਂ ਕਿਹਾ ਕਿ ਪੁਲਿਸ ਟੀਮਾਂ ਅਜਿਹੇ ਗੰਨ ਹਾਊਸਾਂ ਦੀ ਭੂਮਿਕਾ ਦੀ ਜਾਂਚ ਕਰ ਰਹੀਆਂ ਹਨ ਜਿਹਨਾਂ ਨੇ ਫਰਜ਼ੀ ਲਾਈਸੈਂਸ ਹੋਣ ਦਾ ਪਤਾ ਹੁੰਦਿਆਂ ਵੀ ਬਿਨਾਂ ਆਨਲਾਈਨ ਵੈਰੀਫਿਕੇਸ਼ਨ ਕੀਤਿਆਂ ਅਸਲਾ ਵੇਚਿਆ। ਉਨ੍ਹਾਂ ਕਿਹਾ ਕਿ ਇਸ ਸਬੰਧੀ ਅਗਲੇਰੀ ਜਾਂਚ ਜਾਰੀ ਹੈ।

ਹੋਰ ਵੇਰਵੇ ਸਾਂਝੇ ਕਰਦਿਆਂ ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਰਣਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ 11 ਜੂਨ, 2024 ਨੂੰ ਐਫਆਈਆਰ ਦਰਜ ਕੀਤੀ ਗਈ ਸੀ ਅਤੇ ਪੰਜ ਹੋਰ ਜਾਅਲੀ ਅਸਲਾ ਲਾਇਸੰਸਧਾਰਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਹਨਾਂ ਵਿੱਚ ਅਭੈ ਵਾਸੀ ਸੁਲਤਾਨਵਿੰਡ ਨੂੰ ਫਰਜ਼ੀ ਤੌਰ 'ਤੇ ਜੰਡਿਆਲਾ ਰੋਡ, ਤਰਨਤਾਰਨ ਦਾ ਵਾਸੀ ਦਿਖਾਇਆ ਗਿਆ ਹੈ, ਇਸੇ ਤਰ੍ਹਾਂ ਅੰਮ੍ਰਿਤਸਰ ਦੇ ਮਨਪ੍ਰੀਤ ਨੂੰ ਤਰਨਤਾਰਨ ਦਾ ਵਸਨੀਕ, ਅੰਮ੍ਰਿਤਸਰ ਦੇ ਕੰਵਰਦੀਪ ਨੂੰ ਰੇਲਵੇ ਰੋਡ, ਤਰਨਤਾਰਨ ਅਤੇ ਅੰਮ੍ਰਿਤਸਰ ਦੇ ਰੋਹਿਤ ਨੂੰ ਤਰਨਤਾਰਨ ਦੇ ਪਿੰਡ ਕੰਗ ਦਾ ਵਸਨੀਕ ਦਿਖਾਇਆ ਗਿਆ ਹੈ, ਨੂੰ 12 ਜੂਨ 2024 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਜਦਕਿ ਸਦਰ ਤਰਨਤਾਰਨ ਦੇ ਰਹਿਣ ਵਾਲੇ ਹਰਿੰਦਰ ਨੂੰ 2 ਜੁਲਾਈ 2024 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਇਨ੍ਹਾਂ ਦੇ ਕਬਜ਼ੇ 'ਚੋਂ 6 ਜਾਅਲੀ ਅਸਲਾ ਲਾਇਸੰਸ, ਫ਼ਰਜ਼ੀ ਆਧਾਰ ਕਾਰਡ ਅਤੇ 7 ਹਥਿਆਰ ਜਿਹਨਾਂ ਵਿੱਚ .32 ਬੋਰ ਦੇ 4 ਪਿਸਤੌਲ, .32 ਬੋਰ ਦੇ 2 ਰਿਵਾਲਵਰ ਅਤੇ 1 ਡਬਲ ਬੈਰਲ ਰਾਈਫਲ ਸ਼ਾਮਲ ਹੈ, ਵੀ ਬਰਾਮਦ ਕੀਤੇ ਹਨ।

ਸੀਪੀ ਨੇ ਦੱਸਿਆ ਕਿ ਗਿਰੋਹ ਦਾ ਸਰਗਨਾ ਸੂਰਜ ਭੰਡਾਰੀ ਅਸਲਾ ਲਾਇਸੈਂਸ ਤਿਆਰ ਕਰਨ ਲਈ 1.5 ਲੱਖ ਰੁਪਏ ਪ੍ਰਤੀ ਗਾਹਕ ਫੀਸ ਲੈ ਰਿਹਾ ਸੀ, ਜਿਸ ਵਿੱਚੋਂ 5-10 ਹਜ਼ਾਰ ਰੁਪਏ ਕਮਿਸ਼ਨ ਮੁਲਜ਼ਮ ਫੋਟੋਸਟੇਟ ਦੁਕਾਨ ਦੇ ਮਾਲਕ ਬਲਜੀਤ ਨੂੰ ਦਿੱਤਾ ਜਾਂਦਾ ਸੀ, ਜਦਕਿ ਸੇਵਾ ਕੇਂਦਰ ਦੇ ਮੁਲਾਜ਼ਮ ਹਰਪਾਲ ਨੂੰ 10-20 ਹਜ਼ਾਰ ਰੁਪਏ ਮਿਲ ਰਹੇ ਸਨ।

ਉਨ੍ਹਾਂ ਅੱਗੇ ਕਿਹਾ ਕਿ ਉਹ ਕਿਊਆਰ ਕੋਡ, ਹੋਲੋਗ੍ਰਾਮ, ਸਟੈਂਪ ਅਤੇ ਡਿਜੀਟਲ ਹਸਤਾਖਰਾਂ ਨਾਲ ਛੇੜਛਾੜ ਕਰਦੇ ਸਨ। ਉਨ੍ਹਾਂ ਕਿਹਾ ਕਿ ਪੁਲਿਸ ਟੀਮਾਂ ਮੁਲਜ਼ਮ ਸੂਰਜ ਭੰਡਾਰੀ ਨੂੰ ਫੜਨ ਲਈ ਛਾਪੇਮਾਰੀ ਕਰ ਰਹੀਆਂ ਹਨ।

ਇਸ ਸਬੰਧੀ ਐਫਆਈਆਰ ਨੰ. 101 ਮਿਤੀ 11/6/24 ਨੂੰ ਅੰਮ੍ਰਿਤਸਰ ਦੇ ਥਾਣਾ ਗੇਟ ਹਕੀਮਾ ਵਿਖੇ ਭਾਰਤੀ ਦੰਡਾਵਲੀ (ਆਈਪੀਸੀ) ਦੀਆਂ ਧਾਰਾਵਾਂ 417, 420, 177, 465, 467, 469, 471, ਅਤੇ 120ਬੀ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ।

# ਪੰਜਾਬ ਸਰਕਾਰ ਨੂੰ ਨਸ਼ਾ ਤਸਕਰਾਂ ਨਾਲ ਨਾਲ ਪੁਲਿਸ਼ ਮਹਿਕਮੇ ਵਿਚਲਿਆਂ ਕਾਲੀਆਂ ਭੇਡਾਂ ਤੇ ਵੀ ਕਰਨੀ ਪਵੇਗੀ ਕਾਰਵਾਈ : ਦਲਜੀਤ ਸਿੰਘ ਨਾਭਾ

ਨਾਭਾ, 14 ਜੁਲਾਈ
--ਕੌਮੀ ਪੱਤ੍ਰਿਕਾ ਬਿਊਰੋ-

ਹਿਊਮਨ ਰਾਇਟਸ ਕੌਂਸਲ ਆਫ ਇੰਡੀਆ ਦੇ ਪ੍ਰਧਾਨ ਅਤੇ ਪੱਤਰਕਾਰ ਦਲਜੀਤ ਸਿੰਘ ਨਾਭਾ ਨੇ ਕਿਹਾ ਕਿ ਸੂਬੇ ਵਿੱਚ ਨਿਤ ਦਿਨ ਨਸ਼ੇ ਨਾਲ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ ਲੋਕਾਂ ਦੇ ਘਰ ਉਜੜ ਰਹੇ ਹਨ ਜਿਸ ਕਰਕੇ ਮਾਪੇ ਆਪਣੇ ਬੱਚਿਆਂ ਨੂੰ ਪੰਜਾਬ ਵਿੱਚ ਰਖਣ ਦੀ ਬਜਾਏ ਬਾਹਰਲੇ ਦੇਸ਼ਾਂ ਵਿੱਚ ਭੇਜਣਾ ਜ਼ਿਆਦਾ ਪਸੰਦ ਕਰਦੇ ਹਨ ਜਿਸ ਦੇ ਸਿੱਟੇ ਵਜੋ ਇਕ ਦਿਨ ਅਜਿਹਾ ਆਵੇਗਾ ਕਿ ਪੰਜਾਬ ਵਿੱਚ ਨੌਜਵਾਨ ਪੀੜੀ ਆਲੋਪ ਹੋ ਜਾਵੇਗੀ ਜੋ ਥੋੜੇ ਬਹੁਤ ਰਹਿ ਵੀ ਜਾਣਗੇ ਉਹ ਨਸ਼ੇ ਦੀ ਭੇਟ ਚੜ ਜਾਣਗੇ ਪਰ ਫਿਰ ਵੀ ਸਰਕਾਰ ਅੱਖਾਂ ਬੰਦ ਕਰਕੇ ਬੈਠੀ ਹੈ ਨਾ ਹੀ ਇਸ ਮੱਦੇ ਉਪਰ ਕੋਈ ਜ਼ਿਆਦਾ



ਗੰਭੀਰ ਨਜ਼ਰ ਨਹੀ ਆ ਰਹੀ ਪੁਲਿਸ ਵਲੋਂ ਸਰਚ ਅਪ੍ਰੇਸ਼ਨ ਤਾਂ ਜ਼ਰੂਰ ਚਲਾਏ ਜਾ ਰਹੇ ਹਨ ਪਰ ਉਹਨਾਂ ਵਿੱਚ ਵੀ ਸਰਕਾਰ ਨੂੰ ਕੋਈ ਵੱਡੀ ਕਾਮਯਾਬੀ ਨਹੀਂ ਮਿਲ ਰਹੀ ਇਸ ਦਾ ਮੁੱਖ ਕਾਰਨ ਹੈ ਕਿ ਪੁਲਿਸ ਮਹਿਕਮੇ ਦੀਆਂ ਹੀ ਕੁਝ ਕਾਲੀਆਂ ਭੇਡਾਂ ਨਸ਼ਾ ਤਸਕਰਾਂ ਨਾਲ ਮਿਲਿਆਂ ਹੋਇਆ ਹਨ ਜਿਸ ਕਰਕੇ ਨਸ਼ਾ ਤਸਕਰਾਂ ਨੂੰ ਹਰ ਤਰ੍ਹਾਂ ਦੇ ਸਰਚ ਅਪ੍ਰੇਸ਼ਨ ਬਾਰੇ ਪਹਿਲਾਂ ਹੀ ਜਾਣਕਾਰੀ ਮਿਲ ਜਾਦੀ ਹੈ ਜੇਕਰ ਪੰਜਾਬ ਸਰਕਾਰ ਸੂਬੇ ਵਿੱਚ ਨਸ਼ਿਆਂ ਤੇ ਕਾਬੂ ਪਾਉਣਾ ਚਾਹੁੰਦੀ ਹੈ ਤਾਂ ਨਸ਼ਾ ਤਸਕਰਾਂ ਦੇ ਨਾਲ ਨਾਲ ਪੁਲਿਸ਼ ਮਹਿਕਮੇ ਵਿੱਚ ਮੌਜੂਦ ਕਾਲੀਆਂ ਭੇਡਾਂ ਜੋ ਨਸ਼ਾ ਤਸਕਰਾਂ ਦੀ ਮੱਦਦ ਕਰਦੀਆਂ ਹਨ ਉਹਨਾਂ ਉੱਪਰ ਵੀ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਸਰਕਾਰ ਨੇ ਪੰਜਾਬ ਨੂੰ ਰੰਗਲਾ ਪੰਜਾਬ ਬਨਾਉਣ ਵਾਲੀ ਗੱਲ ਇਸ਼ਤਿਹਾਰਾਂ ਦੀ ਬਜਾਏ ਜ਼ਮੀਨੀ ਪੱਧਰ ਤੇ ਵੀ ਪੂਰੀ ਹੋ ਸਕੇ।

# ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ ਵਿਖੇ ਦਿੱਤੀ ਗਈ ਟਰੈਫਿਕ ਨਿਯਮਾਂ ਦੀ ਜਾਣਕਾਰੀ



ਦੇਵੀਗੜ੍ਹ, 14 ਜੁਲਾਈ
--ਕੌਮੀ ਪੱਤ੍ਰਿਕਾ ਬਿਊਰੋ-

ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ ਦੇਵੀਗੜ ਵਿਖੇ ਟਰੈਫਿਕ ਨਿਯਮਾਂ ਦੀ ਜਾਣਕਾਰੀ ਦਿੱਤੀ ਗਈ। ਇਹ ਜਾਣਕਾਰੀ ਰਿਟਾਇਰ ਸਬ ਇੰਸਪੈਕਟਰ ਸਃ ਗੁਰਜਾਪ ਸਿੰਘ (ਟਰੈਫਿਕ ਪੁਲਿਸ ਸਟੇਟ ਐਵਾਰਡੀ ) ਨੇ ਦਿੱਤੀ। ਉਹਨਾ ਨੇ ਸਭ ਤੋਂ ਪਹਿਲਾਂ ਮੁੱਢਲੀ ਸਹਾਇਤਾ ਬਾਰੇ ਜਾਣਕਾਰੀ ਦਿੱਤੀ ਕਿ ਕਿਸ ਤਰਾਂ ਮਰੀਜ਼ ਨੂੰ ਡਾਕਟਰ ਦੇ ਪਹੁੰਚਣ ਤੋਂ ਪਹਿਲਾਂ ਮੁੱਢਲੀ ਸਹਾਇਤਾ ਦੇ ਸਕਦੇ ਹਾਂ ਉਹਨਾਂ ਨੇ ਟਰੈਫਿਕ ਦੇ ਨਵੇਂ ਨਿਯਮਾਂ ਅਤੇ ਕਨੂੰਨਾਂ ਦੀ ਜਾਣਕਾਰੀ ਦਿੱਤੀ ਕਿ ਕਿਸ ਤਰ੍ਹਾਂ ਇਹਨਾਂ ਨੇ ਨਿਯਮਾਂ ਦੀ ਪਾਲਨਾ ਕਰਕੇ ਅਸੀਂ ਆਪਣਾ ਬਚਾਅ ਕਰ ਸਕਦੇ ਹਾਂ। ਉਹਨਾਂ ਨੇ ਵਿਦਿਆਰਥੀਆਂ ਨੂੰ ਅੱਗ ਲੱਗਣ ਤੇ ਅੱਗ ਬੁਝਾਊ ਯੰਤਰ ਰਾਹੀਂ ਬਚਾਅ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਉਹਨਾਂ ਨੇ ਅੱਗ ਬੁਝਾਉਣ ਦੀ ਨਵੀਂ ਤਕਨੀਕ ਬਾਰੇ ਵੀ ਵਿਦਿਆਰਥੀਆਂ ਨੂੰ ਦੱਸਿਆ।

ਇਸ ਜਾਣਕਾਰੀ ਲਈ ਸਕੂਲ ਮੈਨੇਜਮੈਂਟ ਸਃਭੁਪਿੰਦਰ ਸਿੰਘ, ਪ੍ਰੈਜੀਡੈਂਟ ਮੈਡਮ ਰਵਿੰਦਰ ਕੌਰ, ਪ੍ਰਿੰਸੀਪਲ ਮੈਡਮ ਸ਼੍ਰੀਮਤੀ ਤਰਨਦੀਪ ਕੌਰ ਅਰੋੜਾ ਮੈਡਮ ਤਜਿੰਦਰ ਕੌਰ ਵਾਲੀਆਂ ਨੇ ਉਹਨਾਂ ਦਾ ਬਹੁਤ ਧੰਨਵਾਦ ਕੀਤਾ।

# ਵਿਦਿਆਰਥੀਆਂ ਨੂੰ ਟਰੈਫਿਕ ਨੇਮਾਂ ਬਾਰੇ ਜਾਗਰੂਕ ਕੀਤਾ

ਦੇਵੀਗੜ੍ਹ, 14 ਜੁਲਾਈ
--ਕੌਮੀ ਪੱਤ੍ਰਿਕਾ ਬਿਊਰੋ-

ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ ਵਿੱਚ ਵਿਦਿਆਰਥੀਆਂ ਨੂੰ ਟਰੈਫਿਕ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸੇਵਾਮੁਕਤ ਸਬ ਇੰਸਪੈਕਟਰ ਗੁਰਜਾਪ ਸਿੰਘ ਟਰੈਫਿਕ ਪੁਲੀਸ ਸਟੇਟ ਐਵਾਰਡੀ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਵਿਦਿਆਰਥੀਆਂ ਨੂੰ ਸਭ ਤੋਂ ਪਹਿਲਾਂ ਮੁੱਢਲੀ ਸਹਾਇਤਾ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮਗਰੋਂ ਉਨ੍ਹਾਂ ਟਰੈਫਿਕ ਦੇ ਨਵੇਂ ਨਿਯਮਾਂ ਅਤੇ ਕਾਨੂੰਨਾਂ ਦੀ ਜਾਣਕਾਰੀ ਦਿੱਤੀ ਕਿ ਕਿਸ ਤਰ੍ਹਾਂ ਨਿਯਮਾਂ ਦੀ ਪਾਲਣਾ ਕਰਕੇ ਆਪਣਾ ਬਚਾਅ ਕੀਤਾ ਜਾ



ਸਕਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅੱਗ ਲੱਗਣ ਤੇ ਅੱਗ ਬੁਝਾਉਣ ਦੇ ਯੰਤਰ ਰਾਹੀਂ ਬਚਾਅ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਅੱਗ ਬੁਝਾਉਣ ਦੀ ਨਵੀਂ ਤਕਨੀਕ ਬਾਰੇ ਵੀ ਵਿਦਿਆਰਥੀਆਂ ਨੂੰ ਦੱਸਿਆ। ਇਸ ਮੌਕੇ ਟਰੈਫਿਕ ਮੁਲਾਜ਼ਮਾਂ ਨੇ ਵਿਦਿਆਰਥੀਆਂ ਨੂੰ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਦੀ ਸਹੁੰ ਵੀ ਚੁਕਾਈ। ਇਸ ਦੌਰਾਨ ਸਕੂਲ ਡਾਇਰੈਕਟਰ ਭੁਪਿੰਦਰ ਸਿੰਘ, ਪ੍ਰਧਾਨ ਰਵਿੰਦਰ ਕੌਰ, ਪ੍ਰਿੰਸੀਪਲ ਤਰਨਦੀਪ ਕੌਰ ਅਰੋੜਾ, ਤਜਿੰਦਰ ਕੌਰ ਵਾਲੀਆ ਨੇ ਟਰੈਫਿਕ ਵਿਭਾਗ ਦੇ ਮੁਲਾਜ਼ਮਾਂ ਦਾ ਬੱਚਿਆਂ ਨੂੰ ਜਾਗਰੂਕ ਕਰਨ ਲਈ ਧੰਨਵਾਦ ਵੀ ਕੀਤਾ।

# ਲੋਕਧਾਰਾ ਦੀ ਗੁੜ੍ਹਤੀ ਲੋਰੀਆਂ



ਸੁਖਦੇਵ ਮਾਦਪੁਰੀ
94630-34472

ਮਨੁੱਖ ਮਾਤਰ ਦੇ ਮਾਨਸਿਕ ਅਤੇ ਬੌਧਕ ਵਿਕਾਸ ਵਿਚ ਲੋਕਧਾਰਾ ਦੀ ਅਹਿਮ ਭੂਮਿਕਾ ਹੈ। ਇਹ ਮਨੋਰੰਜਨ ਦਾ ਮੁੱਖ ਸਾਧਨ ਹੀ ਨਹੀਂ ਬਲਕਿ ਇਸ ਰਾਹੀਂ ਸਦਾਚਾਰਕ ਅਤੇ ਨੈਤਿਕ ਕਦਰਾਂ ਕੀਮਤਾਂ ਦਾ ਸੰਚਾਰ ਵੀ ਹੁੰਦਾ ਹੈ ਅਤੇ ਜੀਵਨ ਜਾਚ ਵੀ ਆਉਂਦੀ ਹੈ। ਲੋਰੀਆਂ ਪੰਜਾਬੀ ਲੋਕਧਾਰਾ ਦਾ ਅਨਿੱਖੜਵਾਂ ਅੰਗ ਹਨ ਜੋ ਬੱਚੇ ਨੂੰ ਬਚਪਨ ਸਮੇਂ ਦਿੱਤੀਆਂ ਜਾਂਦੀਆਂ ਹਨ। ਲੋਰੀਆਂ ਨੂੰ ਲੋਕਧਾਰਾ ਦੀ ਗੁੜ੍ਹਤੀ ਵੀ ਕਹਿ ਸਕਦੇ ਹਾਂ। ਜਨਮ ਸਮੇਂ ਬਾਲਕ ਨੂੰ ਵੱਡੀ ਹਰੜ, ਸਨਾਂ, ਇੰਦ੍ਰ, ਜੌਂ, ਅਮਲਤਾਸ ਦੀ ਗੁੱਦ, ਜਵਾਇਣ, ਸੌਂਫ ਅਤੇ ਮੁਨੱਕਾ ਦਾਖ ਦੇ ਮੇਲ ਨਾਲ ਬਣਾਏ ਘੋਲ ਦੀ ਜਿਹੜੀ ਘੁੱਟ ਪਲਾਈ ਜਾਂਦੀ ਹੈ ਉਸ ਨੂੰ ਜੰਮਣ ਘੁੱਟੀ ਅਥਵਾ ਗੁੜ੍ਹਤੀ ਆਖਦੇ ਹਨ। ਇਸ ਨਾਲ ਬਾਲਕ ਦੀਆਂ ਅੰਤੜੀਆਂ ਦੀ ਸਫ਼ਾਈ ਹੋ ਜਾਂਦੀ ਹੈ। ਬਚਪਨ ਵਿਚ ਲੋਰੀਆਂ ਦੀ ਪੀਤੀ ਘੁੱਟ ਸਦਕਾ ਬੱਚਾ ਵੱਡਾ ਹੋ ਕੇ ਸਦਾ-ਸਦਾ ਲਈ ਲੋਕਧਾਰਾ ਦਾ ਰਸ ਚੱਖਣ ਲੱਗ ਜਾਂਦਾ ਹੈ।

## ਮਧੁਰ ਸੁਰ ਤੇ ਲੈਅ

ਮਾਵਾਂ ਆਪਣੇ ਬੱਚਿਆਂ ਨੂੰ ਪਰਚਾਉਣ ਲਈ ਮਧੁਰ ਸੁਰ ਅਤੇ ਲੈਅ ਵਿਚ ਜਿਹੜੇ ਗੀਤ ਗਾਉਂਦੀਆਂ ਹਨ ਉਨ੍ਹਾਂ ਨੂੰ ਲੋਰੀਆਂ ਆਖਦੇ ਹਨ। ਲੋਰੀਆਂ ਪੰਜਾਬੀ ਲੋਕ ਗੀਤਾਂ ਦਾ ਅਨਿੱਖੜਵਾਂ ਅੰਗ ਹਨ। ਇਹ ਸਾਰੇ ਸੰਸਾਰ ਦੀਆਂ ਬੋਲੀਆਂ ਵਿਚ ਉਪਲਬਧ ਹਨ। ਹਰ ਦੇਸ਼ ਦੀਆਂ ਮਾਵਾਂ ਆਪਣੇ ਛੋਟੇ ਬੱਚਿਆਂ ਨੂੰ ਲੋਰੀਆਂ ਦੇ ਕੇ ਦੁਲਾਰਦੀਆਂ ਤੇ ਪੁਚਕਾਰਦੀਆਂ ਹਨ। ਬੱਚਿਆਂ ਬਿਨਾਂ ਕਾਹਦਾ ਘਰ ? ਬੱਚਤ ਤਾਂ ਘਰਾਂ ਦੀਆਂ ਰੌਣਕਾਂ ਹੁੰਦੀਆਂ ਹਨ। ਜਿਸ ਘਰ ਵਿੱਚੋਂ ਬੱਚਿਆਂ ਦੀਆਂ ਕਲਕਾਰੀਆਂ ਸੁਣਾਈ ਨਹੀਂ ਦਿੰਦੀਆਂ ਉਹ ਘਰ ਇੱਟਾਂ ਦੀ ਚਾਰ ਦਿਵਾਰੀ ਤੋਂ ਵੱਧ ਕੁਝ ਨਹੀਂ ਹੁੰਦਾ। ਬੱਚਿਆਂ ਵਿਚ ਮਾਪਿਆਂ ਦੇ ਭਵਿੱਖ ਦੀਆਂ ਕਾਮਨਾਵਾਂ ਤੇ ਰੀਝਾਂ ਸਮੋਈਆਂ ਹੁੰਦੀਆ ਹਨ। ਇਹ ਉਹ ਅਮੁੱਲ ਸਰਮਾਇਆ ਹਨ ਜਿਨ੍ਹਾਂ ਦਾ ਧੰਨ-ਦੌਲਤ ਨਾਲ ਕੋਈ ਟਾਕਰਾ ਨਹੀ। ਬੇਔਲਾਦ ਮਾਪੇ ਔਲਾਦ ਲਈ ਝੂਰਦੇ ਹਨ। ਉਹ ਪੁੱਤਰ ਦੀ ਪ੍ਰਾਪਤੀ ਲਈ ਕੀ ਕੀ ਜ਼ਫਰ ਨਹੀਂ ਜਾਲਦੇ। ਉਹ ਮੰਨਤਾਂ ਮੰਨਦੇ, ਸਾਧਾਂ ਸੰਤਾਂ ਦੇ ਡੇਰਿਆਂ 'ਤੇ ਜਾ ਕੇ ਸੁੱਖਾਂ ਸੁੱਖਦੇ ਅਤੇ ਪੀਰਾਂ ਫ਼ਕੀਰਾਂ ਦੀਆਂ ਕਬਰਾਂ 'ਤੇ ਮੱਥੇ ਰਗੜਦੇ ਹਨ।

## ਔਰਤ ਦੀ ਜ਼ਿੰਦਗੀ

ਸਾਡੇ ਸਮਾਜ ਵਿਚ ਬਾਂਝ ਔਰਤ ਨੂੰ ਮਾੜੀ ਨਜ਼ਰ ਨਾਲ ਵੇਖਿਆ ਜਾਂਦਾ ਹੈ! ਔਰਤ ਦੀ ਜ਼ਿੰਦਗੀ ਬੱਚੇ ਨਾਲ ਜੁੜੀ ਹੋਈ ਹੈ। ਉਸ ਨੂੰ ਪਤੀ ਦਾ ਪਿਆਰ ਅਤੇ ਸਹੁਰੇ ਘਰ ਦਾ ਸਤਿਕਾਰ ਤਦ ਹੀ ਮਿਲਦਾ ਹੈ ਜੇਕਰ ਉਹਦੀ ਗੋਦੀ ਵਿਚ ਬਾਲ ਖੇਡਦਾ ਹੋਵੇ। ਵਿਆਹੇ ਜਾਣ 'ਤੇ ਕਈ ਵਰ੍ਹਿਆਂ ਮਗਰੋਂ ਕੁੜੀ ਦੇ ਮੁੰਡਾ ਜੰਮਣ ਤੇ ਸਿਆਣੀਆਂ ਬੁੜ੍ਹੀਆਂ ਅਕਸਰ ਕਹਿੰਦੀਆਂ ਹਨ, 'ਭਾਈ ਹੁਣ ਕੁੜੀ ਦਾ ਸਹੁਰੇ-ਘਰ ਵਸੇਵਾ ਹੋ ਜੂ?' ਗੋਦ ਹਰੀ ਹੋਣ ਤੇ ਔਰਤ ਇਕ ਤਰ੍ਹਾਂ ਦੀ ਵਿਸ਼ੇਸ਼ ਸੰਤੁਸ਼ਟੀ ਪ੍ਰਾਪਤ ਕਰਦੀ ਹੈ। ਇਹੋ ਕਾਰਨ ਹਨ ਕਿ ਮੰਨਤਾਂ ਨਾਲ ਪ੍ਰਾਪਤ ਕੀਤੇ ਲਾਲ ਦੀ ਬੜੀਆਂ ਰੀਝਾਂ ਨਾਲ ਪਾਲਣਾ-ਪੋਸ਼ਣਾ ਕੀਤੀ ਜਾਂਦੀ ਹੈ। ਉਸ ਦੀਆਂ ਤੋਤਲੀਆਂ ਗੱਲਾਂ ਅਤੇ ਗੁੱਝੇ ਇਸ਼ਾਰੇ ਮਾਂ ਨੂੰ ਰੁਝਾਈ ਰੱਖਦੇ ਹਨ। ਉਹ ਉਸ ਨੂੰ ਸੁਲਾਉਣ, ਦੁੱਧ ਚੁੰਘਾਉਣ, ਨਹਿਲਾਉਣ ਅਤੇ ਜਗਾਉਣ ਸਮੇਂ ਮਧੁਰ ਸੁਰ ਤੇ ਲੈ ਵਿਚ ਅਨੇਕਾਂ ਲੋਰੀਆਂ ਦਿੰਦੀ ਹੋਈ ਮਾਨਸਿਕ ਰੱਜ ਅਤੇ ਅਨੰਦ ਪ੍ਰਾਪਤ ਕਰਦੀ ਹੈ।

ਕੇਵਲ ਮਾਂ ਹੀ ਆਪਣੇ ਲਾਲ ਨੂੰ ਲੋਰੀਆਂ ਨਹੀਂ ਦਿੰਦੀ ਬਲਕਿ ਬੱਚੇ ਦੀ ਵੱਡੀ ਭੈਣ, ਦਾਦੀ, ਤਾਈ, ਚਾਚੀ, ਭੂਆ, ਨਾਨੀ, ਮਾਸੀ ਤੇ ਮਾਮੀ ਵੀ ਲਾਲ ਨੂੰ ਲਾਡ ਲਡਾਉਣ ਸਮੇਂ ਅਨੇਕ ਪ੍ਰਕਾਰ ਦੀਆਂ ਖੇਡਾਂ ਖਿਡਾਉਂਦੀਆਂ ਹੋਈਆਂ ਲੋਰੀਆਂ ਦਿੰਦੀਆਂ ਹਨ।

### ਕੱਚਾ ਮਿੱਠਾ ਖਾਣਾ

ਲੋਰੀਆਂ ਕੇਵਲ ਬੱਚੇ ਨੂੰ ਸੁਆਉਣ ਲਈ ਹੀ ਨਹੀਂ ਗਾਈਆਂ ਜਾਂਦੀਆ ਬਲਕਿ ਉਨ੍ਹਾਂ ਨੂੰ ਜਗਾਉਣ ਲਈ ਵੀ ਗਾਈਆਂ ਜਾਂਦੀਆਂ ਹਨ। ਕਈ ਵਾਰ ਕੱਚਾ ਮਿੱਠਾ ਖਾਣ ਕਰਕੇ ਬੱਚਿਆਂ ਦੀਆਂ ਅੱਖਾਂ ਤੇ ਗਿੱਡ ਜੰਮ ਜਾਂਦੀ ਹੈ ਤੇ ਸਵੇਰੇ ਉੱਠਣ ਸਮੇਂ ਖੁੱਲ੍ਹਦੀਆਂ ਨਹੀਂ, ਪੀੜ ਹੁੰਦੀ ਹੈ। ਉਹ ਰੋਂਦੇ ਹਨ ਤੇ ਰਿਹਾੜ ਕਰਦੇ ਹਨ। ਮਾਂ ਉਸ ਦੀ ਗਿੱਡ ਲਾਹੁਣ ਲਈ ਆਪਣੀਆਂ ਹਥੇਲੀਆਂ ਨੂੰ ਗਿੱਲਾ ਕਰ ਕੇ ਬੱਚੇ ਦੀਆਂ ਅੱਖਾਂ ਨੂੰ ਗਿੱਲੀ ਤਲੀ ਨਾਲ ਹੌਲੀ-ਹੌਲੀ ਪਲੋਸ ਕੇ ਗਿੱਡ ਲਾਹੁਦੀ ਹੈ ਤੇ ਬੱਚੇ ਦਾ ਧਿਆਨ ਪੀੜ ਤੋਂ ਹਟਾਉਣ ਲਈ ਇਹ ਲੋਰੀ ਗਾਉਂਦੀ ਹੈ :

ਚੀਚੀ-ਚੀਚੀ ਕੋਕੋ ਖਾਵੇ
ਦੁੱਧ ਮਲਾਈਆਂ ਕਾਕਾ ਖਾਵੇ
ਘੋੜੀ ਦਾ ਵਛੇਰਾ ਖਾਵੇ..



**ਲੋਰੀਆਂ ਪੰਜਾਬੀ ਲੋਕ ਗੀਤਾਂ ਦਾ ਅਨਿੱਖੜਵਾਂ ਅੰਗ ਹਨ। ਇਹ ਸਾਰੇ ਸੰਸਾਰ ਦੀਆਂ ਬੋਲੀਆਂ ਵਿਚ ਉਪਲੱਬਧ ਹਨ। ਹਰ ਦੇਸ਼ ਦੀਆਂ ਮਾਵਾਂ ਆਪਣੇ ਛੋਟੇ ਬੱਚਿਆਂ ਨੂੰ ਲੋਰੀਆਂ ਦੇ ਕੇ ਦੁਲਾਰਦੀਆਂ ਤੇ ਪੁਚਕਾਰਦੀਆਂ ਹਨ...**

## ਕੁਤਕੁਤਾੜੀਆਂ

ਬੱਚਾ ਕੁਤਕੁਤਾੜੀਆਂ ਕੱਢਵਾ ਕੇ ਬਹੁਤ ਖ਼ੁਸ਼ ਹੁੰਦਾ ਹੈ। ਮਾਂ ਬੱਚੇ ਨੂੰ ਮੰਜੇ ਜਾਂ ਮੰਜੀ 'ਤੇ ਪਿੱਠ ਭਰਨੇ ਪਾ ਕੇ ਉਸ ਨੂੰ ਲਾਡ ਲਡਾਉਂਦੀ ਹੋਈ ਉਸ ਦੇ ਸਰੀਰ ਦੇ ਵੱਖ-ਵੱਖ ਅੰਗਾਂ ਨੂੰ ਆਪਣੀਆਂ ਉਂਗਲਾਂ ਨਾਲ ਸਹਿਲਾਉਂਦੀ ਹੋਈ ਲੋਰੀ ਦੇ ਬੋਲ ਬੋਲਦੀ ਹੈ :

ਕਾਕੇ ਦੀ ਕੱਛ ਵਿਚ
ਗੋਹ ਬੜਗੀ
ਮੈਂ ਲੱਗੀ ਕੱਢਣ
ਇਕ ਹੋਰ ਬੜਗੀ...

ਤੇ ਨਾਲ ਹੀ ਉਹਦੀਆਂ ਬਗਲਾਂ 'ਚ ਦੋਨੋਂ ਹੱਥ ਪਾ ਕੇ ਕੁਤਕੁਤਾੜੀਆਂ ਕੱਢਦੀ ਹੈ ਤੇ ਬੱਚਾ ਖ਼ੂਬ ਖਿੜਖਿੜਾ ਕੇ ਹੱਸਦਾ ਹੈ। ਇਹ ਖੇਡ ਕਈ ਵਾਰ ਦੁਹਰਾਈ ਜਾਂਦੀ ਹੈ। ਇਸ ਖੇਡ ਨਾਲ ਸਬੰਧਿਤ ਹੋਰ ਲੋਰੀਆਂ ਹਨ :

ਇੱਥੇ ਮੇਰੀ ਖੰਡ ਸੀ
ਇੱਥੇ ਮੇਰਾ ਘਿਉ ਸੀ
ਇੱਥੇ ਮੇਰਾ ਦੁੱਧ ਸੀ
ਇੱਥੇ ਮੇਰੀ ਮਧਾਣੀ ਸੀ
ਕਾਕੇ ਦਾ ਘਰ ਲੱਭਦਿਆਂ
ਲੱਭਦਿਆਂ ਲੱਭ ਗਿਆ..



## ਖਿੜਖਿੜਾ ਕੇ ਹੱਸਣਾ

ਐਨੇ ਬੋਲ ਬੋਲਣ ਮਗਰੋਂ ਬੱਚੇ ਦੇ ਵੱਖ-ਵੱਖ ਅੰਗਾਂ ਨੂੰ ਸਹਿਲਾਉਂਦੇ ਹੋਏ ਆਖਦੇ ਹਨ। 'ਏਥੇ ਸੀ', 'ਏਥੇ ਸੀ' ਤੇ ਅੰਤ ਵਿਚ ਉਸ ਦੀਆਂ ਬਗਲਾਂ 'ਚ ਕੁਤਕੁਤਾੜੀਆਂ ਕੱਢ ਕੇ ਆਖਦੇ ਹਨ, 'ਲੱਭ ਗਿਆ ਬਾਈ ਲੱਭ ਗਿਆ', ਬੱਚਾ ਖ਼ੂਬ ਖਿੜ-ਖਿੜਾ ਕੇ ਹੱਸਦਾ ਹੋਇਆਂ ਕਿਲਕਾਰੀਆਂ ਮਾਰਦਾ ਹੈ।

ਛੋਟੇ-ਬੱਚੇ ਅਕਸਰ, 'ਝੂਟੇ ਮਾਟੇ', ਲੈਣ ਵਿਚ ਖ਼ਾਸ ਅਨੰਦ ਤੇ ਖ਼ੁਸ਼ੀ ਮਹਿਸੂਸ ਕਰਦੇ ਹਨ। ਮਾਂ ਜਾਂ ਵੱਡੀ ਭੈਣ ਬੱਚੇ ਨੂੰ ਲੈ ਕੇ ਮੰਜੇ 'ਤੇ ਸਿੱਧੀ ਪਿੱਠ ਭਰਨੇ ਲੇਟ ਜਾਂਦੀ ਹੈ। ਇਸ ਮਗਰੋਂ ਉਹ ਆਪਣੇ ਦੋਨੋਂ ਗੋਡੇ ਆਪਣੇ ਢਿੱਡ ਨਾਲ ਲਾ ਲੈਂਦੀ ਹੈ। ਬੱਚਾ ਉਹਦੇ ਪੈਰਾਂ 'ਤੇ ਬਹਿ ਕੇ ਉਹਦੇ ਦੋਵੇਂ ਗੋਡੇ ਫੜ ਲੈਂਦਾ ਹੈ। ਇਸ ਮਗਰੋਂ ਮਾਂ ਜਾਂ ਭੈਣ ਆਪਣੇ ਗੋਡਿਆਂ ਨੂੰ ਅੱਗੇ ਪਿੱਛੇ ਕਰਦੀ ਹੋਈ ਹੁਲਾਰੇ ਦਿੰਦੀ ਹੈ ਤੇ ਨਾਲ ਹੀ ਇਹ ਲੋਰੀ ਗਾਉਂਦੀ ਹੈ :

ਹੂਟੇ ਮਾਈਆਂ
ਪੀਂਘਾਂ ਚੜ੍ਹਾਈਆਂ
ਪੀਂਘਾਂ ਚੜ੍ਹਾਈਆਂ...

ਇਸ ਤਰ੍ਹਾਂ ਕਈ ਵਾਰ ਕਰਨ ਮਗਰੋਂ ਬੱਚੇ ਤੋਂ ਪੁੱਛਿਆਂ ਜਾਂਦਾ ਹੈ, 'ਦਾਦੀ ਵੇਖਣੀ ਏ ਜਾਂ ਨਾਨੀ, ਮਾਮਾ ਕਿ ਮਾਮੀ' ਆਦਿ। ਬੱਚਾ ਕਿਸੇ ਦਾ ਨਾਂ ਲੈਂਦਾ ਏ ਤਾਂ ਮਾਂ ਜਾਂ ਭੈਣ ਬੱਚੇ ਸਮੇਤ ਆਪਣੀਆਂ ਲੱਤਾਂ ਖੋਹਲ ਕੇ ਉੱਚੀਆਂ ਅਸਮਾਨ ਵੱਲ ਚੁੱਕ ਲੈਂਦੀ ਹੈ ਤੇ ਬੱਚੇ ਦਾ ਮੂੰਹ ਥੱਲੇ ਤੇ ਲੱਤਾਂ ਉਤਾਂਹ ਹੋ ਜਾਂਦੀਆਂ ਹਨ ਤੇ ਉਹ ਖਿੜਖਿੜਾ ਕੇ ਹੱਸਣ ਲੱਗ ਜਾਂਦਾ ਹੈ ਤੇ ਮਾਂ ਪੁੱਛਦੀ ਏ : 'ਮਾਮਾ ਦੇਖ ਲਿਆ' ਬੱਚਾ ਅੱਗੋਂ 'ਹਾਂ ਵੇਖ ਲਿਆ' ਆਖਦਾ ਹੈ ਤੇ ਇਸ ਮਗਰੋਂ ਬੱਚੇ ਨੂੰ ਥੱਲੇ ਲਾਹ ਲਿਆ ਜਾਂਦਾ ਹੈ। ਇਸ ਤਰ੍ਹਾਂ ਇਹ ਖੇਡ ਕਈ ਵਾਰ ਦੁਹਰਾਈ ਜਾਂਦੀ ਹੈ।

## ਮਸ਼ੀਨੀ ਸੱਭਿਅਤਾ

ਮਸ਼ੀਨੀ ਸੱਭਿਅਤਾ ਦੇ ਵਿਕਾਸ ਦੇ ਪ੍ਰਭਾਵ ਜੀਵਨ ਦੇ ਹਰ ਖੇਤਰ 'ਤੇ ਪਿਆ ਹੈ। ਲੋਰੀਆਂ ਦੇਣ ਦੀ ਪਰੰਪਰਾ ਖ਼ਤਮ ਹੁੰਦੀ ਜਾ ਰਹੀ ਹੈ। ਜਿਸ ਕਰਕੇ ਲੋਰੀਆਂ ਦੀ ਸਿਰਜਣ ਪ੍ਰਕਿਰਿਆ ਵੀ ਖ਼ਤਮ ਹੋ ਰਹੀ ਹੈ। ਇਹ ਪੰਜਾਬੀ ਲੋਕ ਸਾਹਿਤ ਦਾ ਵੱਡਮੁੱਲਾ ਭਾਗ ਹਨ ਇਨ੍ਹਾਂ ਨੂੰ ਸਾਂਭਣ ਦੀ ਅਤਿਅੰਤ ਲੋੜ ਹੈ। •

### ਲੋਕ ਸਾਹਿਤ ਦਾ ਵੱਡਮੁੱਲਾ ਭਾਗ

ਪੰਜਾਬ ਦੇ ਪਿੰਡਾਂ ਵਿਚ ਮੁੱਖ ਧੰਦਾ ਖੇਤੀਬਾੜੀ ਹੋਣ ਕਰਕੇ ਘਰ ਦਾ ਤੇ ਬਾਹਰ ਦਾ ਬਹੁਤ ਸਾਰਾ ਕੰਮ ਜਨਾਨੀਆਂ ਨੂੰ ਕਰਨਾ ਪੈਂਦਾ ਹੈ। ਕਈ ਵਾਰ ਬੱਚੇ ਮਾਵਾਂ ਨੂੰ ਕੰਮ ਕਰਨ ਵਿਚ ਅਟਕਾਰ ਪਾਉਂਦੇ ਹਨ। ਇਸ ਲਈ ਉਨ੍ਹਾਂ ਨੂੰ ਜਲਦੀ ਸੁਲਾਉਣ ਲਈ ਲੋਰੀਆਂ ਦਿੱਤੀਆਂ ਜਾਂਦੀਆਂ ਹਨ। ਇਨ੍ਹਾ ਲੋਰੀਆਂ ਵਿਚ ਵਰਤੇ ਸ਼ਬਦਾ ਦੀ ਤਰਤੀਬ ਇਸ ਤਰ੍ਹਾਂ ਹੁੰਦੀ ਏ ਕਿ ਗਾਉਣ ਸਮੇਂ ਉਹ ਅਜਿਹੀ ਮਧੁਰ ਸੁਰ ਤੇ ਲੈ ਪੈਦਾ ਕਰਦੇ ਨੇ ਜਿਸ ਨਾਲ ਬੱਚੇ ਦੀਆਂ ਅੱਖਾਂ ਤੇ ਨੀਂਦਰ ਭਾਰੂ ਹੋ ਜਾਂਦੀ ਹੈ। ਉਹ ਗੂੜ੍ਹੀ ਨੀਂਦ ਦੇ ਹੂਟੇ ਲੈਣ ਲੱਗ ਜਾਂਦਾ ਹੈ। ਇਨ੍ਹਾਂ ਲੋਰੀਆਂ ਵਿਚ ਪੰਜਾਬ ਦਾ ਜਨ ਜੀਵਨ ਓਤ-ਪੋਤ ਹੈ।

---

**ਸੋਫ਼ੀਆ ਨੇ ਫ਼ੈਸਲਾ ਕੀਤਾ ਕਿ ਜਦੋਂ ਤਕ ਔਰਤਾਂ ਨੂੰ ਵੋਟ ਦਾ ਅਧਿਕਾਰ ਨਹੀਂ ਮਿਲਦਾ, ਓਨਾ ਚਿਰ ਉਹ ਕਿਸੇ ਕਿਸਮ ਦਾ ਟੈਕਸ ਨਹੀਂ ਦੇਵੇਗੀ...**

# ਨਾਰੀਵਾਦੀ ਔਰਤ ਸੋਫ਼ੀਆ ਦਲੀਪ ਸਿੰਘ



ਡਾ. ਜੋਗਿੰਦਰ ਸਿੰਘ ਕੈਰੋਂ



### ਔਰਤਾਂ ਦੇ ਹੱਕਾਂ ਦੀ ਮੰਗ

*ਪੰਜਾਬ ਫੇਰੀ ਤੋਂ ਬਾਅਦ ਉਸ ਦੀ ਜ਼ਿੰਦਗੀ 'ਚ ਤਬਦੀਲੀ ਆ ਗਈ ਕਿਉਂਕਿ ਇਸ ਫੇਰੀ ਸਮੇਂ ਉਸ ਨੇ ਗੁਰਬਤ ਅਤੇ ਲੋਕਾਂ ਦੀ ਮੰਦਹਾਲੀ ਨੂੰ ਅੱਖੀਂ ਦੇਖਿਆ ਸੀ। ਮਨੁੱਖਾਂ ਵਿਚ ਇਹ ਨਾਬਰਾਬਰੀ ਉਸ ਨੂੰ ਚੰਗੀ ਨਹੀਂ ਸੀ ਲੱਗਦੀ। ਉਸ ਨੇ ਔਰਤਾਂ ਦੀ ਹਾਲਤ ਮਰਦਾਂ ਨਾਲੋਂ ਵੀ ਮਾੜੀ ਵੇਖੀ ਤਾਂ ਉਸ ਨੇ ਉਨ੍ਹਾਂ ਦੇ ਹੱਕਾਂ ਦੀ ਮੰਗ ਲੈ ਕੇ ਸੰਘਰਸ਼ ਸ਼ੁਰੂ ਕਰ ਦਿੱਤਾ।*

ਸੋਫ਼ੀਆ ਮਹਾਰਾਜਾ ਦਲੀਪ ਸਿੰਘ ਦੀ ਸਭ ਤੋਂ ਛੋਟੀ ਧੀ ਸੀ ਜਾਂ ਕਹਿ ਲਿਆ ਜਾਵੇ ਕਿ ਇਹ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਸੀ। ਇਸ ਦਾ ਜਨਮ 8 ਅਗਸਤ, 1876 ਇੰਗਲੈਂਡ ਵਿਚ ਹੋਇਆ ਸੀ। ਇਸ ਦੀ ਮਾਤਾ ਦਾ ਨਾਂ ਬਾਂਬਾ ਮੂਲਰ ਸੀ। ਇਸ ਦਾ ਪੂਰਾ ਨਾਂ ਸੋਫ਼ੀਆ ਅਲੈਗਜ਼ੈਂਡਰਾ ਸੀ। ਮਾਂ ਦੀ ਮੌਤ ਤੋਂ ਬਾਅਦ ਇਸ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਮਲਿਕਾ ਵਿਕਟੋਰੀਆ ਨੇ ਆਪਣੇ ਸਿਰ ਲੈ ਲਈ ਸੀ। ਜਦ ਸੋਫ਼ੀਆ ਕੁਝ ਵੱਡੀ ਹੋਈ ਤਾਂ ਉਸ ਨੇ ਆਪਣੇ ਸ਼ੌਕ ਪਾਲਣੇ ਸ਼ੁਰੂ ਕਰ ਦਿੱਤੇ, ਜਿਸ ਕਰਕੇ ਉਹ ਅਖ਼ਬਾਰਾਂ ਵਾਲਿਆਂ ਦੀ ਨਜ਼ਰੇ ਚੜ੍ਹ ਗਈ। ਅਖ਼ਬਾਰਾਂ ਵਿਚ ਸਭ ਤੋਂ ਵੱਧ ਰੌਲਾ-ਰੱਪਾ ਉਸ ਦੇ ਸਾਈਕਲ ਚਲਾਉਣ ਬਾਰੇ ਪਿਆ ਕਿਉਂਕਿ ਉਸ ਸਮੇਂ ਉੱਚੇ ਵਰਗ ਦੀਆਂ ਕੁੜੀਆਂ ਸਾਈਕਲ ਨਹੀਂ ਸਨ ਚਲਾਉਂਦੀਆਂ। ਸੋਫ਼ੀਆ ਤਾਂ ਚੰਗੀ ਘੋੜਸਵਾਰੀ ਵੀ ਕਰ ਲੈਂਦੀ ਸੀ। ਉਸ ਨੂੰ ਫੋਟੋਗ੍ਰਾਫ਼ੀ ਦਾ ਵੀ ਸ਼ੌਕ ਸੀ। ਉਸ ਦੀਆਂ ਭੈਣਾਂ ਨੂੰ ਉਸ ਦੇ ਸ਼ੌਕ ਚੰਗੇ ਨਹੀ ਸਨ ਲੱਗਦੇ। ਪੰਜਾਬ ਫੇਰੀ ਤੋਂ ਬਾਅਦ ਉਸ ਦੀ ਜ਼ਿੰਦਗੀ ਵਿਚ ਬਹੁਤ ਤਬਦੀਲੀ ਆ ਗਈ ਕਿਉਂਕਿ ਇਸ ਫੇਰੀ ਸਮੇਂ ਉਸ ਨੇ ਗੁਰਬਤ ਅਤੇ ਲੋਕਾਂ ਦੀ ਮੰਦਹਾਲੀ ਨੂੰ ਅੱਖੀਂ ਦੇਖਿਆ ਸੀ। ਮਨੁੱਖਾਂ ਵਿਚ ਇਹ ਨਾਬਰਾਬਰੀ ਉਸ ਨੂੰ ਚੰਗੀ ਨਹੀਂ ਸੀ ਲੱਗਦੀ। ਉਸ ਨੇ ਔਰਤਾਂ ਦੀ ਹਾਲਤ ਮਰਦਾਂ ਨਾਲੋਂ ਵੀ ਮਾੜੀ ਵੇਖੀ ਤਾਂ ਉਸ ਨੇ ਔਰਤਾਂ ਦੇ ਹੱਕਾਂ ਦੀ ਮੰਗ ਲੈ ਕੇ ਸੰਘਰਸ਼ ਸ਼ੁਰੂ ਕਰ ਦਿੱਤਾ। ਇਹ ਉਹ ਸਮਾਂ ਸੀ ਜਦ ਅਮਰੀਕਾ ਵਿਚ ਵੀ ਔਰਤਾਂ ਲਈ ਵੋਟਾਂ ਦੇ ਅਧਿਕਾਰਾਂ ਦੀ ਗੱਲ ਚੱਲ ਰਹੀ ਸੀ। ਇਸੇ ਸਮੇਂ ਹੀ ਬਰਤਾਨੀਆਂ ਵਿਚ ਵੀ ਐਨੀ ਬੇਸੰਟ ਨੇ ਔਰਤਾਂ ਦੇ ਹੱਕਾਂ ਦੀ ਜੰਗ ਸ਼ੁਰੂ ਕਰ ਦਿੱਤੀ ਸੀ। ਉਸ ਦੇ ਪ੍ਰਭਾਵ ਅਧੀਨ ਸੋਫ਼ੀਆ ਨੇ ਮਰਦਮਸ਼ੁਮਾਰੀ ਦੇ ਕਾਗ਼ਜ਼ ਉੱਪਰ ਕੁਝ ਵੀ ਭਰਨ ਤੋਂ ਇਨਕਾਰ ਕਰ ਦਿੱਤਾ। ਸਗੋਂ ਉਸ ਨੇ ਕਾਗਜ਼ਾਂ ਉੱਪਰ ਇਹ ਲਿਖ ਦਿੱਤਾ ਕਿ ਜਦੋਂ ਇਸ ਦੇਸ਼ ਵਿਚ ਔਰਤਾਂ ਦੀ ਕੋਈ ਔਕਾਤ ਹੀ ਨਹੀਂ ਤਾਂ ਮਰਦਮਸ਼ੁਮਾਰੀ ਦੇ ਕਾਗ਼ਜ਼ ਭਰਵਾਉਣ ਦੀ ਕੀ ਤੁਕ ਹੈ। ਉਸ ਨੇ ਉਸ ਫਾਰਮ ਦੇ ਹੇਠਾਂ ਆਪਣਾ ਨਾਂ ਲਿਖ ਕੇ ਦਸਤਖ਼ਤ ਵੀ ਕਰ ਦਿੱਤੇ। ਇਸ ਤੋਂ ਬਾਅਦ ਨਾਰੀਵਾਦੀ ਲਹਿਰ ਹੋਰ ਵੀ ਜ਼ੋਰ ਫੜਦੀ ਗਈ। ਉਸ ਦੇ ਸ਼ਾਹੀ ਖ਼ਾਨਦਾਨ ਨਾਲ ਸਬੰਧ ਹੋਣ ਕਰਕੇ ਇਸ ਲਹਿਰ ਵਿਚ ਹੋਰ ਵੀ ਬਹੁਤ ਸਾਰੀਆਂ ਔਰਤਾਂ ਸ਼ਾਮਲ ਹੋ ਗਈਆਂ ਜਿਨ੍ਹਾਂ ਵਿਚ ਕੁਝ ਉੱਚੇ ਖ਼ਾਨਦਾਨਾਂ ਦੀਆਂ ਔਰਤਾਂ ਵੀ ਸ਼ਾਮਿਲ ਸਨ। ਉਸ ਦੇ ਪ੍ਰਭਾਵ ਨਾਲ ਹੋਰ ਕਈ ਔਰਤਾਂ ਨੇ ਔਰਤਾਂ ਦੀ ਬਰਾਬਰੀ ਦੀ ਲਹਿਰ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ, ਨਾਲ ਹੀ ਉਨ੍ਹਾਂ ਨੇ ਇਹ ਫ਼ੈਸਲਾ ਕੀਤਾ ਕਿ ਜਿੰਨਾ ਚਿਰ ਔਰਤਾਂ ਵੋਟ ਦਾ ਅਧਿਕਾਰ ਨਹੀਂ ਮਿਲਦਾ, ਓਨਾ ਚਿਰ ਉਹ ਕਿਸੇ ਕਿਸਮ ਦਾ ਨਾ ਟੈਕਸ ਹੀ ਦੇਣਗੀਆਂ ਅਤੇ ਨਾ ਹੀ ਕੋਈ ਜ਼ੁਰਮਾਨਾ। ਜਦੋਂ ਵੀ ਔਰਤਾਂ ਦੇ ਹੱਕਾਂ ਦੀ ਲਹਿਰ ਦੀ ਹਮਾਇਤ ਵਿਚ ਕੋਈ ਜਲੂਸ ਵਗ਼ੈਰਾ ਨਿਕਲਦਾ ਤਾਂ ਉਹ ਆਪਣੀ ਬੱਘੀ ਉੱਪਰ ਔਰਤਾਂ ਦੇ ਹੱਕਾਂ ਬਾਰੇ ਵੱਖ-ਵੱਖ ਕਿਸਮ ਦੇ ਪੋਸਟਰ ਲਗਾ ਕੇ ਜਲੂਸ ਦੇ ਨਾਲ ਜਾਂਦੀ। ਟੈਕਸ ਨਾ ਭਰਨ ਦੇ ਵਿਰੁੱਧ ਭੂਮਿਕਾ ਨਿਭਾਉਣ ਕਰਕੇ ਉਸ ਨੂੰ ਅਦਾਲਤ ਵੱਲੋਂ ਕਈ ਵਾਰ ਜ਼ੁਰਮਾਨਾ ਕੀਤਾ ਗਿਆ ਪਰੰਤੂ ਉਸ ਨੇ ਇਹ ਜ਼ੁਰਮਾਨੇ ਭਰਨ ਤੋਂ ਵੀ ਇਨਕਾਰ ਕਰ ਦਿੱਤਾ। ਜੱਜ ਨੇ ਉਸ ਦੀ ਜਾਇਦਾਦ ਕੁਰਕ ਕਰ ਕੇ ਜ਼ੁਰਮਾਨਾ ਵਸੂਲਣ ਦੇ ਹੁਕਮ ਜਾਰੀ ਕਰ ਦਿੱਤੇ ਪਰ ਉਸ ਦਾ ਜਵਾਬ ਸੀ ਮੈਂ ਓਨਾ ਚਿਰ ਨਾ ਟੈਕਸ ਦਿਆਂਗੀ ਨਾ ਕੋਈ ਜ਼ੁਰਮਾਨਾ, ਜਿੰਨਾ ਚਿਰ ਸਰਕਾਰ ਦੇ ਖ਼ਰਚਿਆਂ ਵਿਚ ਮੇਰੀ ਰਾਇ ਸ਼ੁਮਾਰ ਨਾ ਹੋਵੇ। ਕੁਰਕੀ ਵਾਲੇ ਉਸ ਦੇ ਗਲ਼ੇ ਦਾ ਹਾਰ ਤੇ ਉਸ ਦੀਆਂ ਸੋਨੇ ਦੀਆਂ ਚੂੜੀਆਂ ਲੈ ਗਏ। ਜਦੋਂ ਉਨ੍ਹਾਂ ਨੇ ਇਨ੍ਹਾਂ ਚੀਜ਼ਾਂ ਦੀ ਨਿਲਾਮੀ ਰੱਖੀ ਤਾਂ ਉਨ੍ਹਾਂ ਨੂੰ ਕੋਈ ਵੀ ਖ਼ਰੀਦਣ ਲਈ ਨਾ ਆਇਆ। ਫੇਰ ਉਸ ਦੀ ਇਕ ਸਹੇਲੀ ਨੇ ਉਹ ਹਾਰ ਅਤੇ ਚੂੜੀਆਂ ਖ਼ਰੀਦ ਲਈਆਂ ਅਤੇ ਸੋਫ਼ੀਆ ਨੂੰ ਵਾਪਸ ਕਰ ਦਿੱਤੀਆਂ। ਜਦੋਂ ਸੰਸਾਰ ਜੰਗ ਛਿੜੀ ਤਾਂ ਔਰਤਾਂ ਨੇ ਵੋਟ ਪਾਉਣ ਦੇ ਅਧਿਕਾਰਾਂ ਦੀ ਲਹਿਰ ਬੰਦ ਕਰ ਦਿੱਤਾ ਅਤੇ ਸੋਫ਼ੀਆ ਜੰਗ ਵਿਚ ਜ਼ਖ਼ਮੀ ਹੋਏ ਫ਼ੌਜੀਆਂ ਦੀ ਸੇਵਾ-ਸੰਭਾਲ ਵਿਚ ਲੱਗ ਗਈ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਗੋਰੇ ਅਫ਼ਸਰਾਂ ਨੇ ਇਹ ਹੁਕਮ ਦੇ ਦਿੱਤਾ ਕਿ ਭਾਰਤੀ ਜ਼ਖ਼ਮੀਆਂ ਦੀ ਸੇਵਾ-ਸੰਭਾਲ ਗੋਰੀਆਂ ਔਰਤਾਂ ਨਹੀਂ ਕਰਨਗੀਆਂ। ਸੋਫ਼ੀਆ ਨੂੰ ਇਹ ਹੁਕਮ ਬੜਾ ਬੁਰਾ ਲੱਗਿਆ ਤੇ ਉਹ ਆਪ ਨਰਸਾਂ ਵਾਲੀ ਵਰਦੀ ਪਾ ਕੇ ਜ਼ਖ਼ਮੀਆਂ ਦੀ ਸੇਵਾ ਵਿਚ ਲੱਗ ਗਈ। ਸਰਕਾਰ ਸੋਫ਼ੀਆ ਦੀਆਂ ਕਾਰਵਾਈਆਂ ਉੱਪਰ ਡਾਹਢੀ ਔਖੀ ਸੀ। ਪਰੰਤੂ ਉਸ ਕਹਿ ਕੁਝ ਨਹੀਂ ਸੀ ਸਕਦੀ। ਜੇਕਰ ਪੁਲਿਸ ਉਸ ਨੂੰ ਗ੍ਰਿਫ਼ਤਾਰ ਵੀ ਕਰ ਲੈਂਦੀ ਪਰ ਫੇਰ ਜਲਦੀ ਹੀ ਛੱਡ ਦਿੰਦੀ। ਇਸ ਨਾਰੀਵਾਦੀ ਔਰਤ ਦਾ 25 ਅਗਸਤ, 1947 ਨੂੰ ਦਿਹਾਂਤ ਹੋ ਗਿਆ। ਮਰਨ ਤੋਂ ਪਹਿਲਾਂ ਉਹ ਭਾਰਤ ਲੜਕੀਆਂ ਦੇ ਸਕੂਲਾਂ ਲਈ ਕਾਫ਼ੀ ਪੈਸਾ ਦਾਨ ਕਰ ਗਈ। •

---

# ਵਿਰਸੇ ਦਾ ਮੁੱਢ ਹੁੰਦੇ ਨੇ ਸਾਂਝੇ ਪਰਿਵਾਰ

ਪਰਿਵਾਰ ਸਮਾਜ ਦੀ ਮੁੱਢਲੀ ਇਕਾਈ ਹੈ ਅਤੇ ਮਨੁੱਖ ਇਕ ਸਮਾਜਿਕ ਪ੍ਰਾਣੀ ਜੋ ਸਾਮਜ ਵਿਚ ਰਹਿਕੇ ਹੀ ਵਿਕਾਸ ਕਰਦਾ ਹੈ। ਤੇਜ਼ ਤਕਨੀਕੀ ਅਤੇ ਆਰਥਿਕ ਵਿਕਾਸ ਦੇ ਯੁੱਗ ਵਿਚ ਅਸੀ ਅੱਗੇ ਤਾਂ ਬਹੁਤ ਨਿਕਲ ਆਏ ਹਾਂ ਪਰ ਨਾਲ ਹੀ ਆਪਣੀ ਭਾਈਚਾਰਕ ਸਾਂਝ ਨੂੰ ਬਹੁਤ ਪਿੱਛੇ ਛੱਡ ਆਏ ਹਾਂ। ਸਾਂਝੇ ਪਰਿਵਾਰ ਹੁਣ ਬੀਤੇ ਸਮੇਂ ਦੀ ਬਾਤ ਬਣਕੇ ਰਹਿ ਗਏ ਹਨ। ਦੁੱਖ ਸੁੱਖ ਜ਼ਿੰਦਗੀ ਦਾ ਹਿੱਸਾ ਹਨ।

ਪਹਿਲਾਂ ਜਦ ਕਦੀ ਦੁੱਖ ਦੀ ਘੜੀ ਅਉਂਦੀ ਤਾਂ ਸਾਂਝਾ ਪਰਿਵਾਰ ਇੰਨਾਂ ਦੁੱਖਾਂ ਦਾ ਮੁਕਾਬਲਾ ਰਲ ਕੇ ਕਰਦਾ ਅਤੇ ਖ਼ੁਸ਼ੀਆਂ ਦੇ ਸਮੇਂ ਸਾਰੇ ਮਿਲ ਕੇ ਅਨੰਦ ਮਾਣਦੇ। ਸਾਂਝੇ ਪਰਿਵਾਰ ਸਾਡੇ ਵਿਰਸੇ ਦਾ ਮੁੱਢ ਸਨ, ਜਿੱਥੇ ਦਾਦਾ-ਦਾਦੀ, ਮਾਤਾ-ਪਿਤਾ, ਤਾਇਆ-ਤਾਈ, ਚਾਚਾ-ਚਾਚੀ ਸਾਰੇ ਇਕੱਠੇ ਮਿਲ ਕੇ ਰਹਿੰਦੇ ਸਨ। ਪਹਿਲਾਂ ਸਾਂਝੇ ਪਰਿਵਾਰਾਂ ਵਿਚ ਔਰਤਾਂ-ਮਰਦ ਇਕ ਦੂਜੇ ਦੀ ਘਰ ਅਤੇ ਖੇਤ ਦੇ ਕੰਮਾਂ ਵਿਚ ਮੋਢੇ ਨਾਲ ਮੋਢਾ ਜੋੜ ਕੇ ਮੱਦਦ ਕਰਵਾਉਂਦੇ ਸਨ। ਸਾਡੇ ਖਾਣ-ਪੀਣ, ਕੱਪੜਿਆਂ ਅਤੇ ਹੋਰ ਚੀਜ਼ਾ ਵਸਤਾਂ ਦੀ ਸਾਂਝ ਆਮ ਹੀ ਹੁੰਦੀ ਸੀ।

ਭਾਵੇਂ ਕਿ ਉੱਨਤੀ ਅਤੇ ਤਰੱਕੀ ਹਰੇਕ ਸਮਾਜ ਲਈ ਜ਼ਰੂਰੀ ਹੈ ਪਰ ਇਸ ਦੇ ਨਾਲ-ਨਾਲ ਪਰਿਵਾਰਕ ਸਾਂਝ ਤੇ ਆਪਸੀ ਰਿਸ਼ਤਿਆਂ ਨੂੰ ਵੀ ਸਾਂਭਣਾ ਜ਼ਰੂਰੀ ਹੈ। ਜਿਵੇਂ-ਜਿਵੇਂ ਮਨੁੱਖ ਨੇ ਵੱਧ ਪੜ੍ਹਾਈ ਅਤੇ ਤਰੱਕੀ ਕਰ ਲਈ ਹੈ ਉਸੇ ਤਰ੍ਹਾਂ ਹੀ ਉਹ ਸਾਂਝੇ ਪਰਿਵਾਰਾਂ ਤੋ ਟੁੱਟਦਾ-ਟੁੱਟਦਾ ਇਕੱਲੇਪਨ ਤੇ ਸੀਮਤ ਹੋ ਕੇ ਰਹਿ ਗਿਆ ਹੈ। ਸੂਚਨਾ ਤਕਨਾਲੋਜੀ ਦੇ ਵਧੇ ਸਾਧਨ ਮਨੁੱਖ ਲਈ ਭਾਵੇਂ ਬਹੁਤ ਉਪਯੋਗੀ ਹਨ ਪਰ ਇਨ੍ਹਾਂ ਦੇ ਵਿਸਥਾਰ ਨੇ ਸਾਡੇ ਆਪਸੀ ਸਬੰਧਾਂ ਵਿਚ ਪਿਆਰ ਨੂੰ ਵਧਾਉਣ ਦੀ ਥਾਂ ਘਟਾ ਦਿੱਤਾ ਹੈ। ਮਨੁੱਖ ਪੈਸੇ ਦੀ ਦੌੜ ਵਿਚ ਇਸ ਕਦਰ ਭੱਜ ਰਿਹਾ ਹੈ ਕਿ ਉਹ ਆਪਣੇ ਸੱਭਿਆਚਾਰ, ਭਾਈਚਾਰਕ ਸਾਂਝ, ਰਿਸ਼ਤੇ-ਨਾਤੇ ਭੁੱਲ ਗਿਆਂ ਹੈ। ਉਸ ਦੀ ਪੈਸੇ ਦੀ ਹੋੜ੍ਹ ਨੇ ਘਰਾਂ ਵਿਚ ਵੰਡੀਆਂ ਪਾ ਦਿੱਤੀਆਂ ਹਨ। ਵੱਧ ਰਹੀ ਪਦਾਰਥਵਾਦੀ ਸੋਚ ਨੇ ਪਰਿਵਾਰਕ ਸਾਂਝਾਂ ਵਿਚ ਤਰੇੜਾਂ ਪੈਦਾ ਕਰ ਦਿੱਤੀਆ ਹਨ। ਹੱਥੀ ਕੰਮ ਕਰਨ ਦੀ ਥਾਂ ਹੁਣ ਮਸ਼ੀਨਾਂ ਨੇ ਲੈ ਲਈ ਹੈ। ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਅਤੇ ਉਹ ਸਮਾਜ ਵਿਚ ਰਹਿਕੇ ਹੀ ਵਿਕਾਸ ਕਰਦਾ ਹੈ ਪਰ ਇਸ ਮਸ਼ੀਨੀ ਵਿਕਾਸ ਨੇ ਲੱਗਦਾ ਹੈ ਕਿ ਮਨੁੱਖ ਨੂੰ ਵੀ ਮਸ਼ੀਨ ਬਣਾ ਦਿੱਤਾ ਹੈ। ਇਸ ਤਕਨੀਕੀ ਵਿਕਾਸ ਦੇ ਯੁੱਗ ਵਿਚ ਮਨੁੱਖ ਇਕੱਲੇਪਨ ਦਾ ਸ਼ਿਕਾਰ ਹੋ ਕੇ ਰਹਿ ਗਿਆ ਹੈ। ਇਸ ਪਸਰ ਰਹੇ ਇਕੱਲੇਪਣ ਨਾਲ ਮਨੁੱਖ ਵਿਚ ਸਹਿਨਸ਼ੀਲਤਾ ਘੱਟ ਰਹੀ ਹੈ ਤੇ ਘਬਰਾਹਟ ਵੱਧ ਰਹੀ ਹੈ। ਸਾਡੇ ਮਨ ਅੰਦਰਲਾ ਚੈਨ ਖ਼ਤਮ ਹੋ ਰਿਹਾ ਹੈ, ਸਬਰ, ਸੁੱਖ, ਸ਼ਾਂਤੀ ਖੰਭ ਲਾ ਕੇ ਉੱਡ ਗਏ ਹਨ। ਸਾਡੇ ਕੋਲ ਐਸ਼ੋ ਆਰਾਮ ਦੇ ਬਥੇਰੇ ਸਾਧਨ ਹੋਣ ਦੇ ਬਾਵਜੂਦ ਅੰਦਰੂਨੀ ਸੰਤੁਸ਼ਟੀ ਕਿਤੇ ਨਜ਼ਰ ਨਹੀ ਆ ਰਹੀ, ਛੋਟੇ ਪਰਿਵਾਰਾਂ ਵਿਚ ਵੀ ਝਗੜੇ-ਕਲੇਸ਼ ਵੱਧ ਰਹੇ ਹਨ। ਬਜ਼ੁਰਗ ਇਕੱਲਤਾ ਦਾ ਸੰਤਾਪ ਭੋਗ ਰਹੇ ਹਨ ਕਿਉਂਕਿ ਅੱਜ ਦੀ ਨਵੀਂ ਪੀੜ੍ਹੀ ਉਨ੍ਹਾਂ ਦੀ ਰਹਿਣੀ-ਬਹਿਣੀ ਤੇ ਸਲਾਹਾਂ ਨੂੰ ਪਸੰਦ ਨਹੀ ਕਰਦੀ। ਬਿਰਧ ਆਸ਼ਰਮਾਂ ਵਿਚ ਵਾਧਾ ਹੋ ਰਿਹਾ ਹੈ। ਪਹਿਲਾਂ ਬੱਚੇ ਜਿੱਥੇ ਦਾਦਾ-ਦਾਦੀ ਤੋਂ ਰਾਤ ਸਮੇਂ ਗੋਦੀ ਵਿਚ ਬੈਠ ਕੇ ਬਾਤਾਂ ਤੇ ਕਹਾਣੀਆਂ ਸੁਣ ਦੇ ਅਤੇ ਗੋਦ ਦੀ ਨਿੱਘ ਵਿਚ ਹੀ ਸੌਂ ਜਾਂਦੇ ਸੀ। ਅੱਜ ਦੇ ਬੱਚੇ ਇਸ ਅਨੰਦ ਨੂੰ ਮਾਨਣ ਤੋ ਸੱਖਣੇ ਹਨ।

ਦੁਨੀਆਂ ਭਰ ਵਿਚ ਪਰਿਵਾਰਾਂ ਨੇ ਆਪਣੇ ਢਾਂਚੇ ਦੇ ਸਬੰਧ ਵਿਚ ਪਿਛਲੇ ਕਈ ਦਹਾਕਿਆ ਦੌਰਾਨ ਅਤੇ ਸੰਸਾਰਕ ਰੁਝਾਨਾਂ ਅਤੇ ਜਨ-ਵਿਗਿਆਨ ਦੀ ਤਬਦੀਲੀ ਦੇ ਰੂਪ ਵਿਚ ਕਾਫ਼ੀ ਤਬਦੀਲੀ ਕੀਤੀ ਹੈ ਪਰ ਪਰਿਵਾਰ ਅਜੇ ਵੀ ਸਮਾਜ ਦੀ ਮੁੱਢਲੀ ਇਕਾਈ ਹੀ ਮੰਨਿਆ ਜਾਂਦਾ ਹੈ।

ਕਈ ਸੰਸਥਾਵਾਂ ਪਰਿਵਾਰਕ ਮੁੱਦਿਆਂ ਬਾਰੇ ਜਾਗਰੂਕਤਾ ਵਧਾਉਣ ਲਈ ਕੰਮ ਕਰ ਰਹੀਆਂ ਹਨ ਅਤੇ ਲੋਕਾਂ ਦੁਆਰਾ ਵੱਖ-ਵੱਖ ਪ੍ਰਭਾਵਾਂ ਦੇ ਗਿਆਨ ਨੂੰ ਵਧਾਉਂਦਾ ਹੈ ਜਿਸ ਨਾਲ ਪਰਿਵਾਰ ਪ੍ਰਭਾਵਿਤ ਹੋ ਸਕਦੇ ਹਨ। ਇਸ ਨਾਲ ਪਰਿਵਾਰਾਂ ਨਾਲ ਸਬੰਧਿਤ ਮੁੱਦਿਆਂ ਬਾਰੇ ਜਾਗਰੂਕਤਾ ਫੈਲਾਉਣ ਅਤੇ ਪਰਿਵਾਰਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਆਰਥਿਕ, ਜਨਸੰਖਿਅਕ ਅਤੇ ਸਮਾਜਿਕ ਪ੍ਰਕਿਰਿਆਵਾਂ ਦੇ ਗਿਆਨ ਨੂੰ ਵਧਾਉਣ ਦਾ ਮੌਕਾ ਮਿਲਦਾ ਹੈ।



ਪਿਆਰ, ਸਾਦਗੀ, ਮਿਲਵਰਤਣ, ਆਪਸੀ ਭਾਈਚਾਰਕ ਸਾਂਝ ਵਾਲੇ ਸਾਂਝੇ ਪਰਿਵਾਰਾਂ ਨੂੰ ਸੰਭਾਲਣ ਲਈ ਜ਼ਰੂਰੀ ਹੈ ਕਿ ਬਜ਼ੁਰਗਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇ। ਮੋਬਾਈਲ ਦੀ ਵਰਤੋ ਲੋੜ ਅਨੁਸਾਰ ਹੀ ਕੀਤੀ ਜਾਵੇ ਤੇ ਵੱਧ ਤੋ ਵੱਧ ਸਮਾਂ ਪਰਿਵਾਰ ਨਾਲ ਗੱਲਾਂ ਕਰ ਕੇ ਬਤੀਤ ਕੀਤਾ ਜਾਵੇ। ਲੋੜ ਹੈ ਆਪਸੀ ਪਿਆਰ, ਸਾਂਝ ਨੂੰ ਬਰਕਰਾਰ ਰੱਖੀਏ ਤਾਂ ਕਿ ਟੁੱਟ ਰਹੀ ਭਾਈਚਾਰਕ ਸਾਂਝ, ਰਿਸ਼ਤਿਆਂ ਨੂੰ ਬਚਾ ਸਕੀਏ।

• ਲਖਵੀਰ ਸਿੰਘ
98556-00701

---

# ਚੇਤਿਆਂ 'ਚੋਂ ਵਿਸਰ ਗਿਆ ਲੋਕ-ਨਾਟ ਖਿਉੜੇ

ਡਾ. ਪ੍ਰਿਤਪਾਲ ਸਿੰਘ ਮਹਿਰੋਕ

ਪੰਜਾਬੀ ਲੋਕਧਾਰਾ ਵਿਚ ਲੋਕ ਨਾਟ ਦੇ ਜਿਨ੍ਹਾਂ ਰੂਪਾਂ ਤੇ ਵੰਨਗੀਆਂ ਨੇ ਲੋਕ ਮਨਾਂ ਵਿਚ ਆਪਣਾ ਸਨਮਾਨਯੋਗ ਸਥਾਨ ਬਣਾਈ ਰੱਖਿਆ ਹੈ ਉਨ੍ਹਾਂ ਵਿਚ ਖਿਉੜੇ ਦਾ ਲੋਕ ਨਾਟ ਬਹੁਤ ਘੱਟ ਜਾਣਿਆ ਜਾਂਦਾ ਹੈ। ਕਹਿੰਦੇ ਹਨ ਪਹਿਲੇ ਸਮਿਆਂ ਵਿਚ ਖਿਉੜੇ ਦਾ ਮਹੱਤਵ ਜ਼ਰੂਰ ਬਣਿਆ ਰਿਹਾ ਹੈ। ਸਵਾਲਾਂ ਜਵਾਬਾਂ ਦੇ ਲਹਿਜੇ ਵਿਚ ਲੋਕ ਧੁਨਾਂ ਉੱਪਰ ਗਾਏ ਜਾਣ ਵਾਲੇ ਵਿਸ਼ੇਸ਼ ਵੰਨਗੀ ਦੇ ਲੋਕ ਗੀਤਾਂ ਦੇ ਗਾਇਨ ਤੇ ਖੇਡੇ ਜਾਣ ਵਾਲੇ ਲੋਕ ਨਾਟ ਦੇ ਸੁਮੇਲ ਨੂੰ ਖਿਉੜੇ ਕਿਹਾ ਜਾਂਦਾ ਸੀ। ਵਿਆਹ ਦੇ ਮੌਕੇ 'ਤੇ ਔਰਤਾਂ ਦੀਆਂ ਦੋ ਟੋਲੀਆਂ ਆਹਮੋ ਸਾਹਮਣੇ ਬੈਠ ਕੇ ਹੇਕਾਂ ਲਗਾ-ਲਗਾ ਕੇ ਲੋਕ ਗੀਤ ਗਾਉਂਦੀਆਂ ਸਨ ਤੇ ਨਾਟਕ ਵੀ ਖੇਡਦੀਆਂ ਸਨ। ਲੋਕ ਗੀਤਾਂ ਰਾਹੀਂ ਸਵਾਲਾਂ ਜਵਾਬਾਂ ਦਾ ਸਿਲਸਿਲਾ ਚੱਲਦਾ ਰਹਿੰਦਾ ਸੀ ਤੇ ਲੋਕ ਨਾਟ ਉਸਰਦਾ ਜਾਂਦਾ ਸੀ। ਲੋਕ ਨਾਟ ਖੇਡਦਿਆਂ ਔਰਤ ਕਲਾਕਾਰ ਇਕ ਤੋਂ ਵੱਧ ਪਾਤਰਾਂ ਦਾ ਸਵਾਂਗ ਵੀ ਰਚ ਲੈਂਦੀਆਂ ਸਨ। ਵਿਆਹ ਦੇ ਚਾਵਾਂ ਮਲ੍ਹਾਰਾਂ ਵਾਲੇ ਮੌਕੇ ਅਤੇ ਖ਼ੁਸ਼ੀਆਂ ਵਾਲੇ ਹੋਰ ਸ਼ੁਭ ਅਵਸਰਾਂ 'ਤੇ ਵੀ ਖਿਉੜੇ ਖੇਡੇ/ ਗਾਏ ਜਾਂਦੇ ਸਨ।

ਖਿਉੜੇ ਦਾ ਲੋਕ ਨਾਟ ਖੇਡਣ ਵਾਸਤੇ ਬੜੇ ਅਜੀਬ ਤੇ ਵਿਲੱਖਣ ਕਿਸਮ ਦੇ ਸਥਾਨ ਨੂੰ ਰੰਗਮੰਚ ਵਜੋਂ ਵਰਤਿਆ ਜਾਂਦਾ ਸੀ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ, "ਆਹਮੋ ਸਾਹਮਣੇ ਸਥਿਤ ਦੋ ਮਕਾਨਾਂ ਦੀਆਂ ਛੱਤਾਂ ਜਾਂ ਚੌਤਰਿਆਂ ਉੱਤੇ ਦੋ ਟੋਲੀਆਂ ਵਿਚ ਬੈਠ ਕੇ ਔਰਤਾਂ ਨਾਟਕੀ ਸੰਵਾਦ ਉਚਾਰਦੀਆਂ ਸਨ। ਵਾਰਤਾਲਾਪਾਂ ਦਾ ਕੁਝ ਭਾਗ ਲੋਕ ਧੁਨਾਂ ਵਿਚ ਗਾ ਕੇ ਪੇਸ਼ ਕੀਤਾ ਜਾਂਦਾ ਸੀ।' (ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਪੰਨਾ 1194)



### ਨਾਟਕੀ ਸੰਵਾਦ

*'ਖਿਉੜਾ' ਲੋਕ ਨਾਟ ਖੇਡਣ ਵਾਸਤੇ ਬੜੇ ਅਜੀਬ ਤੇ ਵਿਲੱਖਣ ਕਿਸਮ ਦੇ ਸਥਾਨ ਨੂੰ ਰੰਗਮੰਚ ਵਜੋਂ ਵਰਤਿਆ ਜਾਂਦਾ ਸੀ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ,'ਆਹਮੋ-ਸਾਹਮਣੇ ਸਥਿਤ ਦੋ ਮਕਾਨਾਂ ਦੀਆਂ ਛੱਤਾਂ ਜਾਂ ਚੌਤਰਿਆਂ ਉੱਤੇ ਦੋ ਟੋਲੀਆਂ ਵਿਚ ਬੈਠ ਕੇ ਔਰਤਾਂ ਨਾਟਕੀ ਸੰਵਾਦ ਉਚਾਰਦੀਆਂ ਸਨ। ਵਾਰਤਾਲਾਪਾਂ ਦਾ ਕੁਝ ਭਾਗ ਲੋਕ ਧੁਨਾਂ ਵਿਚ ਗਾ ਕੇ ਪੇਸ਼ ਕੀਤਾ ਜਾਂਦਾ ਸੀ।'*

ਲੋਕ ਨਾਟ ਖੇਡਣ ਵਾਲੀਆਂ ਔਰਤਾਂ ਇਕ ਦੂਜੀ ਨੂੰ ਸੰਬੋਧਿਤ ਕਰ ਕੇ ਆਪਣੇ-ਆਪਣੇ ਹਿੱਸੇ ਦਾ ਨਾਟਕੀ ਸੰਵਾਦ ਉਚਾਰਦੀਆਂ/ ਅਲਾਪਦੀਆਂ ਸਨ। ਉਚਾਰੇ ਜਾਣ ਵਾਲੇ ਸੰਵਾਦਾਂ ਦੇ ਕੁਝ ਹਿੱਸੇ ਨੂੰ ਵਿਚ-ਵਿਚਾਲੇ ਲੋਕ ਗੀਤਾਂ ਦੀਆਂ ਧੁਨਾਂ ਉੱਪਰ ਗਾ ਕੇ ਉਹ ਜਚਵੇਂ-ਫੱਬਵੇਂ ਅੰਦਾਜ਼ ਵਿਚ ਪ੍ਰਸਤੁਤ ਕਰਦੀਆਂ ਸਨ ਤੇ ਲੋਕ ਗੀਤਾਂ ਰਾਹੀਂ ਸਵਾਲ-ਜਵਾਬ ਕਰਨ ਦਾ ਖ਼ੁਸ਼ਗਵਾਰ ਮਾਹੌਲ ਸਿਰਜ ਲਿਆ ਜਾਂਦਾ ਸੀ। ਇਸ ਲੋਕ ਨਾਟ ਦੌਰਾਨ ਕਈ ਵਾਰ ਕਈ ਥਾਈਂ ਅਜਿਹੇ ਮੌਕਿਆਂ ਦੀ ਸਿਰਜਣਾ ਵੀ ਕੀਤੀ ਜਾਂਦੀ ਸੀ ਜਦੋਂ ਨਾਇਕਾ ਕਿਸੇ ਘਰ ਦੀ ਖਿੜਕੀ ਵਿਚ ਬੈਠ ਕੇ, ਟਿਕ-ਟਿਕੀ ਲਗਾ ਕੇ, ਬੜੀਆਂ ਸੱਧਰਾਂ ਨਾਲ ਆਪਣੇ ਪ੍ਰੇਮੀ ਦੀ ਉਡੀਕ ਕਰ ਰਹੀ ਹੁੰਦੀ ਸੀ। ਕਈ ਵਾਰ ਉਸ ਦਾ ਪ੍ਰੀਤਮ ( ਜੋ ਕਦੇ ਕਦਾਈਂ ਦਰਸ਼ਕਾਂ ਵਿਚ ਬੈਠਾ ਹੁੰਦਾ ਸੀ ) ਉੱਠ ਕੇ ਉਸ ਵੱਲ ਬੜੀਆਂ ਹਸਰਤ ਭਰੀਆਂ ਨਿਗਾਹਾਂ ਨਾਲ ਵੇਖਦਿਆਂ ਹੋਇਆਂ ਉਸ ਵੱਲ ਵਧਦਾ ਸੀ ਤੇ ਉਸ ਨਾਲ ਪਿਆਰ ਭਰੇ ਮਿੱਠੜੇ ਬੋਲਾਂ ਦੀ ਸਾਂਝ ਪਾਉਂਦਾ ਸੀ।



ਚਾਨਣੀਆਂ ਰਾਤਾਂ ਵਿਚ ਦੇਰ ਰਾਤ ਗਈ ਤੱਕ ਇਹ ਲੋਕ ਨਾਟ ਚੱਲਦਾ ਰਹਿੰਦਾ ਸੀ। ਕਹਿੰਦੇ ਹਨ ਪੁਰਾਣੇ ਵੇਲਿਆਂ ਵਿਚ ਬਹੁਤਾ ਕਰ ਕੇ ਅੰਮ੍ਰਿਤਸਰ ਤੇ ਲਾਹੌਰ ਵਿਚ ਖਿਉੜੇ ਖੇਡਣ ਦਾ ਚਲਨ ਵਧੇਰੇ ਪਾਇਆ ਜਾਂਦਾ ਸੀ। ਸਮੇਂ ਦੇ ਪਹੀਏ ਨੇ ਬੇਰੋਕ ਘੁੰਮਦਿਆਂ ਰਹਿਣਾ ਹੈ। ਵਕਤ ਦੇ ਬਦਲਣ ਨਾਲ ਬਹੁਤ ਕੁਝ ਨੇ ਬਦਲ ਜਾਣਾ ਹੁੰਦਾ ਹੈ। ਬਹੁਤ ਕੁਝ ਗੁਆਚ ਜਾਂਦਾ ਹੈ। ਲੋਕ ਨਾਟ ਵੀ ਲੋਪ ਹੁੰਦੇ ਜਾ ਰਹੇ ਹਨ। ਖਿਉੜੇ ਦਾ ਲੋਕ ਨਾਟ ਲੋਕ ਚੇਤਿਆਂ ਵਿੱਚੋਂ ਵੀ ਆਪਣਾ ਨਾਂ, ਰੂਪ, ਰਚਨਾ, ਸੁਭਾਅ, ਸਥਾਨ ਆਦਿ ਬਹੁਤੇ ਕੁਝ ਨੂੰ ਲਗਪਗ ਗਵਾ ਚੁੱਕਿਆ ਹੈ। ਲੋਕ ਨਾਟ ਪਰੰਪਰਾ ਬਾਰੇ ਕਾਫ਼ੀ ਖੋਜ ਕਾਰਜ ਹੋਇਆ ਹੈ। ਕਈ ਹੋਰ ਲੋਕ ਨਾਟਾਂ ਉੱਪਰ ਤੇ ਖਿਉੜੇ ਲੋਕ ਨਾਟ ਉੱਪਰ ਬਹੁਤਾ ਕੰਮ ਨਹੀਂ ਹੋਇਆ। ਇਸ ਦਿਸ਼ਾ ਵੱਲ ਹੋਰ ਖੋਜ ਕਾਰਜ ਕਰਨ/ਕਰਵਾਉਣ ਵਾਸਤੇ ਸੰਸਾਧਨ ਜੁਟਾਉਣ ਦੀ ਲੋੜ ਹੈ ਜਿਨ੍ਹਾਂ ਨੂੰ ਆਧਾਰ ਬਣਾ ਕੇ ਖੋਜਾਰਥੀ ਨਿੱਠ ਕੇ ਕੰਮ ਕਰ ਸਕਣ। •

98885-10185

# ਹਰਿਆਣਾ ਨੇ ਕਰਨਾਲ ਜਿਲ੍ਹੇ ਵਿਚ 10.59 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ 9 ਓਡੀਆਰ ਸੜਕਾਂ ਦੇ ਸੁਧਾਰ ਨੂੰ ਦਿੱਤੀ ਮੰਜੂਰੀ

**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਜਿਲ੍ਹਾ ਕਰਨਾਲ ਦੀ 9 ਓਡੀਆਰ ਸੜਕਾਂ ਦੀ ਵਿਸ਼ੇਸ਼ ਮੁਰੰਮਤ ਅਤੇ ਸੁਧਾਰ ਨੂੰ ਪ੍ਰਸਾਸ਼ਨਿਕ ਮੰਜੂਰੀ ਦਿੱਤੀ ਹੈ। ਇਸ ਪਰਿਯੋਜਨਾ 'ਤੇ 10.59 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਆਵੇਗੀ।

ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਇਕ ਸਰਕਾਰ ਬੁਲਾਰੇ ਨੇ ਦਸਿਆ ਕਿ 1.04 ਕਰੋੜ ਰੁਪਏ ਦੀ ਲਾਗਤ ਨਾਲ ਕਰਨਾਲ-ਕੈਥਲ ਰੋਡ ਤੋਂ ਪਿੰਡ ਪਿੰਗਲੀ ਨਰੂਖੇੜੀ ਤਕ 4.151 ਕਿਲੋਮੀਟਰ ਤਕ ਸੜਕ ਦਾ ਚੌੜੀਕਰਣ ਅਤੇ ਮਜਬੂਤੀਕਰਣ ਕੀਤਾ ਜਾਵੇਗੀ। ਇਸੀ ਤਰ੍ਹਾ ਨਾਲ 1.24 ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਕਾਛਵਾ ਤੋਂ ਡੇਰਾ ਪੁਰਬਿਆਨ ਰੋਡ ਤਕ 2.250 ਕਿਲੋਮੀਟਰ ਤਕ ਸੜਕ ਦਾ ਚੌੜਾਕਰਣ ਅਤੇ ਮਜਬੂਤੀਕਰਣ ਤੇ 85.22 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਸ਼ਾਹਪੁਰ ਤੋਂ ਪਿੰਡ ਕਲਾਮਪੁਰ ਰੋਡ ਤਕ 1.650 ਕਿਲੋਮੀਟਰ ਤਕ ਚੌੜੀਕਰਣ ਅਤੇ ਮਜਬੂਤੀਕਰਣ ਸ਼ਾਮਿਲ ਹੈ। ਇਸੀ ਤਰ੍ਹਾ 1.58 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਪਿੰਡ ਡਾਬਰੀ ਕਲਾਮਪੁਰ ਪਹੁੰਚ ਮਾਰਗ ਦਾ ਮਜਬੂਤੀਕਰਣ, 95.91 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਕਲਾਮਪੁਰ ਤੋਂ ਕਾਛਵਾ ਤਕ 3.400 ਕਿਲੋਮੀਟਰ ਲੰਬੀ ਸੜਕ ਦਾ ਮਜਬੂਤੀਕਰਣ ਕੀਤਾ ਜਾਵੇਗਾ।

ਇਸ ਤੋਂ ਇਲਾਵਾ, ਕਰਨਾਲ ਜਿਲ੍ਹੇ ਵਿਚ 2.19 ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਕਾਛਵਾ ਤੋਂ ਜਰੀਫਾਬਾਦ ਤਕ 4.320 ਕਿਲੋਮੀਟਰ ਲੰਬੀ ਸੜਕ ਦਾ ਚੌੜੀਕਰਣ ਅਤੇ ਮਜਬੂਤੀਕਰਣ, 1.13 ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਘੋਘੜੀਪੁਰ ਤੋਂ ਪਿੰਗਲੀ ਤਕ 2.300 ਕਿਲੋਮੀਟਰ ਲੰਬੀ ਸੜਕ ਦਾ ਮਜਬੂਤੀਕਰਣ ਕੀਤਾ ਜਾਵੇਗ।

ਇਸ ਤਰ੍ਹਾਂ ਨਾਲ 1.34 ਕਰੋੜ ਰੁਪਏ ਦੀ ਲਾਗਤ ਤੋਂ ਪਿੰਡ ਕਾਛਵਾ ਤੋਂ ਬਹਿਲੋਲਪੁਰ ਤਕ 4.100 ਕਿਲੋਮੀਟਰ ਲੰਬੀ ਸੜਕ, 22.78 ਲੱਖ ਰੁਪਏ ਦੀ ਲਾਗਤ ਨਾਲ ਕਰਨਾਲ-ਕਾਛਵਾ - ਸਾਬਲੀ-ਕੌਲ ਸੜਕ ਤੋਂ ਪੁੰਡਰਕ ਤਕ 1.100 ਕਿਲੋਮੀਟਰ ਲੰਬੀ ਸੜਕ ਦਾ ਚੌੜੀਕਰਣ ਅਤੇ ਮਜਬੂਤੀਕਰਣ ਕੀਤਾ ਜਾਵੇਗਾ।

# ਹਰਿਆਣਾ ਕਰਮਚਾਰੀ ਚੋਣ ਕਮਿਸ਼ਨ ਨੇ ਉਮੀਦਵਾਰਾਂ ਦੇ ਹਿੱਤ ਵਿਚ ਕੀਤਾ ਫੈਸਲਾ

**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਕਰਮਚਾਰੀ ਚੋਣ ਕਮਿਸ਼ਨ ਨੇ ਸੂਬੇ ਵਿਚ ਗਰੁੱਪ-ਡੀ ਅਸਾਮੀਆਂ 'ਤੇ ਭਰਤੀਆਂ ਦੀ ਪ੍ਰਕ੍ਰਿਆ ਨੂੰ ਅੱਗੇ ਵਧਾਉਂਦੇ ਹੋਏ ਇਕ ਵਾਰ ਫਿਰ ਉਮੀਦਵਾਰਾਂ ਦੇ ਹਿੱਤ ਵਿਚ ਫੈਸਲਾ ਲੈਂਦੇ ਹੋਏ ਗਰੁੱਪ-ਡੀ ਅਸਾਮੀਆਂ ਲਈ ਕਰੈਕਸ਼ਨ ਪੋਰਟਲ ਦੀ ਮਿਤੀ 13 ਜੁਲਾਈ ਤਕ ਵਧਾਉਣ ਦਾ ਫੈਸਲਾ ਕੀਤਾ ਹੈ। ਹੁਣ ਉਮੀਦਵਾਰ 13 ਜੁਲਾਈ ਰਾਤ 12 ਵਜੇ ਤਕ ਆਪਣੀ ਕੈਟੇਗਰੀ ਵਿਚ ਬਦਲਾਅ ਕਰ ਪਾਉਂਗੇ।

ਕਮਿਸ਼ਨ ਦੇ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਕਮਿਸ਼ਨ ਵੱਲੋਂ ਜੁਲਾਈ ਨੂੰ ਹਾਈ ਕੋਰਟ ਦੇ ਫੈਸਲੇ ਅਨੁਸਾਰ ਸੀਈਟੀ ਗਰੁੱਪ-ਡੀ ਸਟੇਜ-1 ਦਾ ਸੋਧ ਨਤੀਜਾ ਜਾਰੀ ਕੀਤਾ ਗਿਆ ਸੀ, ਜਿਸ ਵਿਚ ਸਮਾਜਿਕ -ਆਰਥਿਕ ਮਾਨਦੰਡ ਦੇ ਨੰਬਰਾਂ ਦਾ ਲਾਭ ਦਿੱਤੇ ਬਿਨ੍ਹਾਂ ਉਮੀਦਵਾਰ ਦੇ ਸਿਰਫ ਸੀਈਟੀ ਨੰਬਰਾਂ ਦੇ ਆਧਾਰ 'ਤੇ ਮੈਰਿਟ ਸੂਚੀ ਤਿਆਰ ਕੀਤੀ ਗਈ। ਇਸ ਦੇ ਬਾਅਦ ਉਮੀਦਵਾਰਾਂ ਦੀ ਸਹੂਲਤ ਤਹਿਤ ਸ਼੍ਰੇਣੀਆਂ ਵਿਚ ਬਦਲਾਅ ਲਈ 6 ਜੁਲਾਈ ਤੋਂ 8 ਜੁਲਾਈ ਤਕ ਕਰੈਕਸ਼ਨ ਪੋਰਟਲ ਖੋਲਿਆ ਗਿਆ ਸੀ। ਹੁਣ ਵੀ ਕੁੱਝ ਉਮੀਦਵਾਰ ਇਸ ਸਹੂਲਤ ਦੀ ਵਰਤੋ ਕਰਨ ਤੋਂ ਵਾਂਝੇ ਰਹਿ ਗਏ , ਇਸ ਲਈ ਕਮਿਸ਼ਨ ਨੇ ਇਕ ਵਾਰ ਫਿਰ 13 ਜੁਲਾਈ ਤਕ ਮਿੱਤੀ ਨੂੰ ਵਧਾਉਣ ਦਾ ਫੈਸਲਾ ਕੀਤਾ ਹੈ।

ਬੁਲਾਰੇ ਨੇ ਦਸਿਆ ਕਿ ਉਮੀਦਵਾਰ https://groupdcorrection.hryssc.com ਪੋਰਟਲ 'ਤੇ ਲਾਗਿਨ ਕਰ ਕੇ ਆਪਣੇ ਵੈਧ ਦਸਤਾਵੇਜ ਅਪਲੋਡ ਕਰ ਕੇ ਕੈਟੇਗਰੀ ਠੀਕ ਕਰ ਪਾਉਣਗੇ। ਇਹ ਪੋਰਟਲ ਮਿਤੀ 13 ਜੁਲਾਈ 2024 (ਰਾਤ 11:59) ਤਕ ਖੁਲਿਆ ਰਹੇਗਾ, ਉਸ ਦੇ ਬਾਅਦ ਲਿੰਕ ਉਪਲਬਧ ਨਹੀਂ ਹੋਵੇਗਾ।

# ਵਿਦਿਆਰਥੀਆਂ ਨੂੰ ਹੁਣ ਬੱਸ-ਪਾਸ ਸਹੂਲਤ 150 ਕਿਲੋਮੀਟਰ ਤਕ ਮਿਲੇਗੀ : ਅਸੀਮ ਗੋਇਲ

➢ ਪਹਿਲਾਂ ਸਿਰਫ 60 ਕਿਲੋਮੀਟਰ ਤਕ ਬਣਦੇ ਸਨ ਪਾਸ ➢ ਵਿਦਿਆਰਥੀਆਂ ਦੇ ਹਿੱਤ ਵਿਚ ਚੁਕਿਆ ਗਿਆ ਵੱਡਾ ਕਦਮ ➢ ਛਮਾਹੀ ਆਧਾਰ 'ਤੇ ਜਾਰੀ ਕੀਤੇ ਜਾਣਗੇ ਬੱਸ ਪਾਸ

**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਟ੍ਰਾਂਸਪੋਰਟ ਮੰਤਰੀ ਸ੍ਰੀ ਅਸੀਮ ਗੋਇਲ ਨੇ ਐਲਾਨ ਕੀਤਾ ਕਿ ਸੂਬੇ ਦੇ ਸਰਕਾਰੀ ਅਤੇ ਮਾਨਤਾ ਪ੍ਰਾਪਤ ਵਿਦਿਅਕ ਸੰਸਥਾਨਾਂ ਵਿਚ ਪੜਣ ਵਾਲੇ ਵਿਦਿਆਰਥੀਆਂ ਲਈ ਹੁਣ ਬੱਸ-ਪਾਸ ਦੀ ਸਹੂਲਤ ਨੂੰ 60 ਕਿਲੋਮੀਟਰ ਤੋਂ ਵਧਾ ਕੇ 150 ਕਿਲੋਮੀਟਰ ਕਰ ਦਿੱਤਾ ਹੈ।

ਰਾਜ ਵਿਚ ਸਥਿਤ ਅਜਿਹੇ ਸਕੂਲ/ਕਾਲਜ/ਸੰਸਥਾਨਾਂ ਵਿਚ ਪੜਣ ਵਾਲੇ ਰਾਜ ਦੇ ਸਾਰੇ ਵਿਦਿਆਰਥੀਆਂ ਨੂੰ ਰਿਆਇਤੀ ਬੱਸ ਪਾਸ ਜਾਰੀ ਕੀਤੇ ਜਾਣਗੇ, ਜੋ ਸੰਸਥਾਨ ਸੂਬਾ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਹੈ/ਰਾਜ ਵਿਚ ਕਿਸੇ ਯੂਨੀਵਰਸਿਟੀ ਜਾਂ ਬੋਰਡ ਤੋਂ ਏਫੀਲੀਏਟ ਹੈ। ਸਰਕਾਰ ਦੇ ਇਸ ਫੈਸਲੇ ਨਾਲ ਪੂਰੇ ਸੂਬੇ ਦੇ ਲੱਖਾਂ ਵਿਦਿਆਰਥੀ ਨੂੰ ਲਾਭ ਮਿਲੇਗਾ, ਇਸ ਫੈਸਲੇ ਨੂੰ ਵਿਦਿਆਰਥੀਆਂ ਦੇ ਹਿੱਤ ਵਿਚ ਲਿਆ ਗਿਆ ਇਕ ਬਹੁਤ ਵੱਡਾ ਫੈਸਲਾ ਮੰਨਿਆ ਜਾ ਰਿਹਾ ਹੈ।

ਟ੍ਰਾਂਸਪੋਰਟ ਮੰਤਰੀ ਨੇ ਦਸਿਆ ਕਿ ਟ੍ਰਾਂਸਪੋਰਟ ਵਿਭਾਗ ਵੱਲੋਂ ਵਿਦਿਅਕ ਸੰਸਥਾਨ ਤੋਂ ਵੱਧ ਤੋਂ ਵੱਧ 150 ਕਿਲੋਮੀਟਰ ਦੀ ਸੀਮਾ ਤਕ ਬੱਸ ਪਾਸ ਜਾਰੀ ਕੀਤੇ ਜਾਣਗੇ, ਜੋ ਕਿ ਪਹਿਲਾਂ ਸਿਰਫ 60 ਕਿਲੋਮੀਟਰ ਤਕ ਹੀ ਜਾਰੀ ਹੁੰਦੇ ਸਨ। ਇਹ ਬੱਸ-ਪਾਸ ਸਕੂਲ/ਕਾਲਜ/ਸੰਸਥਾ ਅਧਿਕਾਰੀਆਂ ਦੀ ਸਿਫਾਰਿਸ਼ 'ਤੇ ਛਮਾਹੀ ਆਧਾਰ 'ਤੇ ਜਾਰੀ ਕੀਤੇ ਜਾਣਗੇ।

ਉੱਧਰ, ਟ੍ਰਾਂਸਪੋਰਟ ਵਿਭਾਗ ਵੱਲੋਂ ਜਾਰੀ ਪੱਤਰ ਅਨੁਸਾਰ ਜੋ ਵੀ ਸਕੂਲ/ਕਾਲਜ/ਸੰਸਥਾ ਆਦਿ ਆਪਣੇ ਵਿਦਿਆਰਥੀਆਂ ਦਾ ਬੱਸ ਪਾਸ ਬਨਵਾਉਣਾ ਚਾਹੁੰਦਾ ਹੈ ਉਨ੍ਹਾਂ ਨੂੰ ਆਪਣੇ ਸੰਸਥਾਨ ਦਾ ਮਾਨਤਾ/ਏਫਲੀਏਸ਼ਨ ਪ੍ਰਮਾਣ ਪੱਤਰ ਦੀ ਤਸਦੀਕ ਕਾਪੀ ਸਮੇਤ ਵਿਦਿਆਰਥੀਆਂ ਦੀ ਸੂਚੀ ਸਬੰਧਿਤ ਰੋਡਵੇਜ ਡਿਪੋ ਨੂੰ ਉਪਲਬਧ ਕਰਵਾਉਣੀ ਹੋਵੇਗੀ। ਇਹ ਪ੍ਰਮਾਣ ਪੱਤਰ ਕਿਸੇ ਸਮਰੱਥ ਅਧਿਕਾਰੀ ਵੱਲ ਜਾਰੀ ਕੀਤਾ ਜਾਣਾ ਚਾਹੀਦਾ ਹੈ। ਬਾਅਦ ਵਿਚ ਜਾਂਚ -ਪੜਤਾਲ ਕਰ ਕੇ ਡਿਪੋ ਦੇ ਮਹਾਪ੍ਰਬੰਧਕ ਜਾਂ ਉਨ੍ਹਾਂ ਦੇ ਵੱਲੋਂ ਨਿਯੁਕਤ ਅਧਿਕਾਰੀ ਵੱਲੋਂ ਸੂਚੀ ਦੇ ਅਨੁਸਾਰ ਬੱਸ-ਪਾਸ ਜਾਰੀ ਕੀਤੇ ਜਾਣਗੇ। ਵਿਭਾਗ ਦੇ ਪੱਤਰ ਵਿਚ ਇਹ ਵੀ ਕਿਹਾ ਕਿ ਬੱਸ-ਪਾਸ ਦਾ ਡਿਜਾਇਨ/ਫਾਰਮੇਟ ਉਹੀ ਰਹੇਗਾ, ਹਾਲਾਂਕਿ ਸਰਲ-ਪਹਿਚਾਣ ਦੇ ਲਈ ਪਾਸ ਦਾ ਰੰਗ ਬਦਲਿਆ ਜਾ ਸਕਦਾ ਹੈ।

# ਥਾਨੇਸਰ ਦੇ ਸ਼ਹਿਰੀ ਤੇ ਗ੍ਰਾਮੀਣ ਖੇਤਰ ਦੀ ਹਰੇਕ ਸੜਕ ਦਾ ਹੋਵੇਗਾ ਨਿਰਮਾਣ - ਸੁਭਾਸ਼ ਸੁਧਾ

**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸ਼ਹਿਰੀ ਸਥਾਨਕ ਸਰਕਾਰ ਰਾਜ ਮੰਤਰੀ ਸ੍ਰੀ ਸੁਭਾਸ਼ ਸੁਧਾ ਨੇ ਥਾਨੇਸਰ ਵਿਧਾਨਸਭਾ ਖੇਤਰ ਵਿਚ 2 ਕਰੋੜ 18 ਲੱਖ 81 ਹਜਾਰ ਰੁਪਏ ਦੀ ਲਾਗਤ ਨਾਲ ਵਾਰਡ ਨੰਬਰ 18, 20 ਅਤੇ 24 ਵਿਚ ਬਨਣ ਵਾਲੀਆਂ 21 ਸੜਕਾਂ ਦਾ ਨੀਂਹ ਪੱਥਰ ਕਰ ਖੇਤਰਵਾਸੀਆਂ ਨੂੰ ਸੌਗਾਤ ਦਿੱਤੀ।

ਉਨ੍ਹਾਂ ਨੇ ਕਿਹਾ ਕਿ ਥਾਨੇਸਰ ਵਿਧਾਨਸਭਾ ਖੇਤਰ ਵਿਚ ਅਜਿਹਾ ਕੋਈ ਵੀ ਪਿੰਡ ਤੇ ਸ਼ਹਿਰ ਨਹੀਂ ਬਚੇਗਾ ਜਿੱਥੇ ਸੜਕਾਂ ਦੇ ਟੈਂਡਰ ਨਾ ਲੱਗੇ ਹੋਣ। ਸਾਰੀ ਥਾਵਾਂ 'ਤੇ ਟੈਂਡਰ ਲਗਾ ਕੇ ਖੇਤਰਵਾਸੀਆਂ ਨੂੰ ਚੰਗੀ ਸੜਕਾਂ ਤੇ ਹ ਮੁੱਢਲੀ ਸਹੂਲਤਾਂ ਉਪਲਬਧ ਕਰਵਾਈ ਜਾਣਗੀਆਂ। ਉਨ੍ਹਾਂ ਨੇ ਕਿਹਾ ਕਿ ਸਥਾਨਕ ਲਾਂ ਦੀ ਸੜਕਾਂ ਨੂੰ ਬਨਵਾਉਣ ਦੀ ਮੰਗ ਆ ਰਹੀ ਸੀ, ਜਿਸ ਨੂੰ ਪੂਰਾ ਕਰਨ ਦਾ ਕੰਮ ਕੀਤਾ ਗਿਆ ਹੈ।

ਉਨ੍ਹਾਂ ਨੇ ਕਿਹਾ ਕਿ ਕਰੀਬ ਥਾਨੇਸਰ ਸ਼ਹਿਰ ਵਿਚ 10 ਲੱਖ ਰੁਪਏ ਦੀ ਲਾਗਤ ਨਾਲ ਟ੍ਰੈਫਿਕ ਲਾਇਟ ਲਗਾਈ ਜਾਵੇਗੀ। ਇਸ ਤੋਂ ਇਲਾਵਾ, ਪਾਰਕਾਂ ਦਾ ਸੁੰਦਰੀਕਰਣ ਕਰਵਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ, ਕੰਮਿਊਨਿਟੀ ਭਵਨਾਂ ਨੂੰ ਅਪਗ੍ਰੇਡ ਅਤੇ ਏਅਰ ਕੰਡੀਸ਼ਨ ਬਨਾਉਣ ਦਾ ਕੰਮ ਕੀਤਾ ਜਾ ਰਿਹਾ ਹੈ।

ਰਾਜ ਮੰਤਰੀ ਨੇ ਕਿਹਾ ਕਿ ਥਾਨੇਸਰ ਖੇਤਰ ਦੇ ਲਈ ਨਾਇਟ ਸਵੀਪਿੰਗ ਮਸ਼ੀਨ ਦਾ ਟੈਂਡਰ ਵੀ 15 ਜੁਲਾਈ ਨੂੰ ਖੁੱਲ ਜਾਵੇਗਾ, ਜਿਸ ਦੇ ਬਾਅਦ ਇੱਥੇ ਰਾਤ ਦੇ ਸਮੇਂ ਸਵੀਪਿੰਗ ਮਸ਼ੀਨ ਰਾਹੀਂ ਸੜਕਾਂ ਦੀ ਸਫਾਈ ਦਾ ਕੰਮ ਹੋ ਸਕੇਗਾ। ਉਨ੍ਹਾਂ ਨੇ ਕਿਹਾ ਕਿ ਅੱਗੇ ਵੀ ਵਿਕਾਸ ਦੀ ਦ੍ਰਿਸ਼ਟੀ ਨਾਲ ਇੱਥੇ ਅਨੇਕਾਂ ਵਿਕਾਸ ਕੰਮ ਕਰਵਾਏ ਜਾਣਗੇ, ਜਿਸ ਨਾਲ ਕੁਰੂਕਸ਼ੇਤਰ ਜਿਲ੍ਹਾ ਵਿਕਾਸ ਦੀ ਦ੍ਰਿਸ਼ਟੀ ਨਾਲ ਹੋਰ ਵਿਕਸਿਤ ਅਤੇ ਸੁੰਦਰ ਬਣੇਗਾ।

# ਪੀਜੀਟੀ ਸੰਸਕ੍ਰਿਤ ਦੇ 46 ਅਹੁਦਿਆਂ ਦਾ ਨਤੀਜਾ ਜਾਰੀ

**ਚੰਡੀਗੜ੍ਹ, 13 ਜੁਲਾਈ**
**-ਪ੍ਰੈਸ ਕੀ ਤਾਕਤ ਬਿਊਰੋ**

ਹਰਿਆਣਾ ਦੇ ਕਰਮਚਾਰੀ ਚੋਣ ਕਮਿਸ਼ਨ ਵੱਲੋਂ ਐਸਐਲਪੀ (ਸੀ) 3263/2023 ਵਿਚ ਸੁਪਰੀਮ ਕੋਰਟ ਦੇ 22 ਅਪ੍ਰੈਲ, 2024 ਨੂੰ ਦਿੱਤੇ ਗਏ ਆਦੇਸ਼ ਦੀ ਪਾਲਣਾ ਵਿਚ ਇਸ਼ਤਿਹਾਰ ਗਿਣਤੀ 4/2015 ਕੈਟੇਗਰੀ ਗਿਣਤੀ 16 ਤਹਿਤ ਬਾਕੀ ਬਚੇ ਹੋਏ 46 ਅਹੁਦਿਆਂ ਦਾ ਨਤੀਜਾ ਜਾਰੀ ਕਰ ਦਿੱਤਾ ਗਿਆ ਹੈ।

ਕਮਿਸ਼ਨ ਦੇ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਇਨ੍ਹਾਂ 46 ਅਹੁਦਿਆਂ ਵਿੱਚੋਂ 45 ਅਹੁਦਿਆਂ ਦੇ ਵਿਰੁੱਧ ਉਮੀਦਵਾਰਾਂ ਦੀ ਨਿਯੁਕਤੀ ਲਈ ਅਨੁਸ਼ੰਸਾ ਕਰ ਦਿੱਤੀ ਗਈ ਹੈ ਅਤੇ ਇਕ ਜਨਰਲ ਅਹੁਦਾ ਦਾ ਨਤੀਜਾ ਸੀਡਬਲਿਊਪੀ ਗਿਣਤੀ 1213/2024 ਦੀ ਪਾਲਣਾ ਵਿਚ ਪੈਂਡਿੰਗ ਰੱਖ ਲਿਆ ਗਿਆ ਹੈ।

# ਦੇਸ਼ ਦੇ ਪ੍ਰਸਿੱਦ ਧਾਰਮਿਕ ਤੀਰਥ ਸਥਾਨਾਂ ਦੇ ਸ਼ਰਧਾਲੂਆਂ ਨੂੰ ਕਰਵਾਏ ਜਾ ਰਹੇ ਹਨ ਫਰੀ ਦਰਸ਼ਨ - ਸੁਭਾਸ਼ ਸੁਧਾ

**ਚੰਡੀਗੜ੍ਹ, 13 ਜੁਲਾਈ**
**-ਪ੍ਰੈਸ ਕੀ ਤਾਕਤ ਬਿਊਰੋ**

ਦੇ ਸ਼ਹਿਰੀ ਸਥਾਨਕ ਸਰਕਾਰ ਰਾਜ ਮੰਤਰੀ ਸ੍ਰੀ ਸੁਭਾਸ਼ ਸੁਧਾ ਨੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਅੱਜ ਕੁਰੂਕਸ਼ੇਤਰ ਤੋਂ ਅਯੋਧਿਆ ਧਾਮ ਲਈ ਯਾਤਰੀਆਂ ਦੀ ਬੱਸ ਨੂੰ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ 'ਤੇ ਮੰਤਰੀ ਨੇ ਬੱਸ ਵਿਚ ਜਾ ਕੇ ਸ਼ਰਧਾਲੂਆਂ ਨਾਲ ਗਲਬਾਤ ਕੀਤੀ ਅਤੇ ਸ੍ਰੀ ਸੁਭਾਸ਼ ਸੁਧਾ ਨੇ ਕਿਹਾ ਕਿ ਤੀਰਥ ਸਥਾਨਾਂ ਦੇ ਦਰਸ਼ਨ ਕਰਨ ਨਾਲ ਪੁੰਨ ਦੀ ਪ੍ਰਾਪਤੀ ਹੁੰਦੀ ਹੈ। ਉਨ੍ਹਾਂ ਨੇ ਦਸਿਆ ਕਿ ਮੁੱਖ ਮੰਤਰੀ ਤੀਰਥ ਯੋਜਨਾ ਦੇ ਤਹਿਤ ਸ਼ਰਧਾਲੂਆਂ ਨੂੰ ਫਰੀ ਹਰਿਆਣਾ ਰੋਡਵੇਜ ਦੀ ਏਸੀ ਬੱਸ ਰਾਹੀਂ ਅਯੋਧਿਆ ਧਾਮ ਦੀ ਯਾਤਰਾ ਕਰਵਾਈ ਜਾ ਰਹੀ ਹੈ।

ਉਨ੍ਹਾਂ ਨੇ ਦਸਿਆ ਕਿ ਇਸ ਤੋਂ ਪਹਿਲਾਂ ਥਾਨੇਸਰ ਤੋਂ ਸ਼ਰਧਾਲੂਆਂ ਦੀ ਮੰਗ 'ਤੇ ਸ੍ਰੀ ਖਾਟੂ ਸ਼ਾਮ ਤੀਰਥ , ਮਥੁਰਾ ਤੇ ਹੋਰ ਤੀਰਥ ਸਥਾਨਾਂ ਦੇ ਲਈ ਵੀ ਬੱਸ ਚਲਾਈ ਗਈ ਹੈ।

ਉਨ੍ਹਾਂ ਨੇ ਦਸਿਆ ਕਿ ਸ਼ਰਧਾਲੂਆਂ ਦੇ ਲਈ ਯਾਤਰਾ ਨਾਲ ਸਬੰਧਿਤ ਪੂਰੀ ਵਿਵਸਥਾ ਕੀਤੀ ਗਈ ਹੈ ਤਾਂ ਜੋ ਉਨ੍ਹਾਂ ਨੂੰ ਰਸਤੇ ਵਿਚ ਕਿਸੇ ਤਰ੍ਹਾ ਦੀ ਕੋਈ ਪਰੇਸ਼ਾਨੀ ਨਾ ਹੋਵੇ।

# ਪਿੰਡ ਟਾਟਕੀ ਵਾਸੀਆਂ ਵੱਲੋਂ ਜਨ ਸਿਹਤ ਵਿਭਾਗ ਖ਼ਿਲਾ.ਫ ਨਾਅਰੇਬਾਜ਼ੀ



**ਸ਼ਾਹਬਾਦ ਮਾਰਕੰਡਾ, 13 ਜੁਲਾਈ**
**-ਪ੍ਰੈਸ ਕੀ ਤਾਕਤ ਬਿਊਰੋ**

ਪਿਛਲੇ ਸਾਲ ਤੋਂ ਪਿੰਡ ਟਾਟਕੀ ਵਿੱਚ ਪੀਣ ਵਾਲੇ ਪਾਣੀ ਦੀ ਕਿੱਲਤ ਤੋਂ ਲੋਕ ਬੇਹੱਦ ਪ੍ਰੇਸ਼ਾਨ ਹਨ। ਅੱਜ ਉਨ੍ਹਾਂ ਦੇ ਸਬਰ ਦਾ ਬੰਨ੍ਹ ਟੁੱਟ ਗਿਆ। ਇਸ ਦੌਰਾਨ ਰੋਹ ਵਿੱਚ ਆਏ ਪਿੰਡ ਵਾਸੀਆਂ ਨੇ ਅੱਜ ਜਨ ਸਿਹਤ ਵਿਭਾਗ ਦੇ ਖ਼ਿਲਾ.ਫ ਨਾਆਰੇਬਾਜ਼ੀ ਕੀਤੀ ਤੇ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾ.ਫ ਕਾਰਵਾਈ ਦੀ ਮੰਗ ਕੀਤੀ।

ਜ਼ਿਕਰਯੋਗ ਹੈ ਕਿ ਪਿੰਡ ਟਾਟਕੀ ਵਿਚ ਜਨ ਸਿਹਤ ਵਿਭਾਗ ਦਾ ਟਿਊਬਵੈੱਲ ਪਿਛਲੇ ਸਾਲ ਤੋਂ ਬੰਦ ਪਿਆ ਹੈ ਤੇ ਹੁਣ ਪਿੰਡ ਵਿਚ ਪੀਣ ਵਾਲੇ ਪਾਣੀ ਦੀ ਸਹੂਲਤ ਲਈ ਲਾਏ ਜਾ ਰਹੇ ਦੂਜੇ ਟਿਊਬਵੈੱਲ ਦੀ ਉਸਾਰੀ ਦਾ ਕੰਮ ਮੱਠੀ ਰਫਤਾਰ ਨਾਲ ਚਲ ਰਿਹਾ ਹੈ। ਇਸ ਮੌਕੇ ਸੁਦੇਸ਼ ਰਾਣੀ, ਸੰਤੋਸ਼ ਰਾਣੀ, ਰੇਸ਼ਮੀ, ਸੀਮਾ ਰਾਣੀ, ਅੰਗੂਰੀ, ਹਰਜੀਤ, ਊਸ਼ਾ , ਬਲਕਾਰ ਸਿੰਘ, ਗੁਲਾਬ ਸਿੰਘ, ਸੂਰਤ ਸਿੰਘ ,ਬੀਰ ਸਿੰਘ, ਸਾਬਕਾ ਸਰਪੰਚ ਫਕੀਰ ਸਿੰਘ, ਸਿੰਘ ਰਾਮ ਨੇ ਦੋਸ਼ ਲਾਇਆ ਹੈ ਕਿ ਜਨ ਸਿਹਤ ਵਿਭਾਗ ਦਾ ਸਰਕਾਰੀ ਟਿਊਬਵੈੱਲ ਪਿਛਲੇ ਸਾਲ ਤੋਂ ਖਰਾਬ ਹੋਣ ਕਾਰਨ ਪਿੰਡ ਵਾਸੀ ਪੀਣ ਵਾਲੇ ਪਾਣੀ ਨੂੰ ਤਰਸ ਰਹੇ ਹਨ।

ਇਸ ਕਾਰਨ ਪਿੰਡ ਵਾਸੀਆਂ ਨੂੰ ਆਪਣੇ ਘਰੇਲੂ ਕੰਮਾਂ ਲਈ ਕਿਸਾਨਾਂ ਦੇ ਟਿਊਬਵੈੱਲਾਂ 'ਤੇ ਹੀ ਨਿਰਭਰ ਰਹਿਣਾ ਪੈ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਇਸ ਸਬੰਧੀ ਕਈ ਵਾਰ ਟਿਊਬਵੈੱਲ ਅਪਰੇਟਰ ਤੇ ਹੋਰ ਵਿਭਾਗੀ ਅਧਿਕਾਰੀਆਂ ਨੂੰ ਅਪੀਲ ਕਰ ਚੁੱਕੇ ਹਨ ਪਰ ਕਿਸੇ ਨੇ ਇੱਧਰ ਧਿਆਨ ਦਾ ਨਾ ਦਿੱਤਾ।

ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਨਵੇਂ ਬੋਰ ਵਿਚ ਬਜਰੀ ਪੂਰੀ ਤਰ੍ਹਾਂ ਨਾ ਭਰੇ ਜਾਣ ਕਰਕੇ ਬਜਰੀ ਕਾਫੀ ਹੇਠਾਂ ਡਿੱਗ ਚੁੱਕੀ ਹੈ , ਜਿਸ ਕਰਕੇ ਕਦੇ ਵੀ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ। ਜਨ ਸਿਹਤ ਵਿਭਾਗ ਦਾ ਟਿਊਬਵੈਲ ਬੰਦ ਹੋਣ ਕਰਕੇ ਅੱਤ ਦੀ ਗਰਮੀ ਵਿੱਚ ਪਿੰਡ ਵਾਸੀ ਪਾਣੀ ਨੂੰ ਤਰਸ ਰਹੇ ਹਨ। ਲੋਕਾਂ ਨੇ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਪਿੰਡ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਦਾ ਹੱਲ ਕੀਤਾ ਜਾਏ । ਇਸ ਮੌਕੇ ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਹੱਲ ਨਾ ਕੀਤਾ ਗਿਆ ਤਾਂ ਉਹ ਧਰਨਾ ਦੇਣ ਲਈ ਮਜਬੂਰ ਹੋਣਗੇ ,ਜਿਸ ਦੀ ਜਿੰਮੇਵਾਰੀ ਪ੍ਰਸ਼ਾਸ਼ਨ ਦੀ ਹੋਵੇਗੀ।

ਜਨ ਸਿਹਤ ਵਿਭਾਗ ਦੇ ਐੱਸਡੀਓ ਸੁਨੀਲ ਕੁਮਾਰ ਨੇ ਕਿਹਾ ਕਿ ਉਨ੍ਹਾਂ ਨੇ ਦੋ ਦਿਨ ਪਹਿਲਾਂ ਹੀ ਚਾਰਜ ਸੰਭਾਲਿਆ ਹੈ। ਉਨ੍ਹਾਂ ਕਿਹਾ ਕਿ ਟੈਂਕੀ ਵਿੱਚ ਲਾਏ ਗਏ ਨਵੇਂ ਟਿਊਬਵੈੱਲ ਵਿੱਚ ਕੰਪਰੈਸ਼ਰ ਲਾਉਣ ਲਈ ਠੇਕੇਦਾਰ ਨੂੰ ਕਿਹਾ ਗਿਆ ਹੈ। ਟਿਊਬਵੈਲ ਵਿੱਚ ਹੋਰ ਬਜਰੀ ਪਾਉਣ ਲਈ ਵੀ ਕਿਹਾ ਗਿਆ ਹੈ ਤੇ ਛੇਤੀ ਹੀ ਨਵਾਂ ਟਿਊਬਵੈੱਲ ਚਾਲੂ ਕਰ ਦਿੱਤਾ ਜਾਵੇਗਾ ਤਾਂ ਜੋ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਸਮੱਸਿਆ ਤੋਂ ਨਿਜਾਤ ਮਿਲ ਸਕੇ।

# ਕੈਂਪ ਦੌਰਾਨ ਕਈ ਸਮੱਸਿਆਵਾਂ ਦਾ ਮੌਕੇ 'ਤੇ ਹੱਲ



**ਰਤੀਆ, 13 ਜੁਲਾਈ**
**-ਪ੍ਰੈਸ ਕੀ ਤਾਕਤ ਬਿਊਰੋ**

ਇੱਥੇ ਵਿਧਾਇਕ ਲਕਸ਼ਮਣ ਨਾਪਾ ਅਤੇ ਐੱਸਡੀਐੱਮ ਜਗਦੀਸ਼ ਚੰਦਰ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੀਟਿੰਗ ਕਰਕੇ ਕੈਂਪ ਵਿੱਚ ਆਏ ਸ਼ਹਿਰੀਆਂ ਦੀਆਂ ਸਮੱਸਿਆਵਾਂ ਸੁਣੀਆਂ। ਉਨ੍ਹਾਂ ਇਨ੍ਹਾਂ ਮੁਸ਼ਕਲਾਂ ਦੇ ਜਲਦੀ ਹੱਲ ਲਈ ਅਧਿਕਾਰੀਆਂ ਨੂੰ ਆਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸਮਾਧ ਕੈਂਪ ਵਿੱਚ ਸ਼ਿਕਾਇਤਾਂ ਲੈ ਕੇ ਪੁੱਜਣ ਵਾਲੇ ਨਾਗਰਿਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਨਤੀਜੇ ਸਾਕਾਰਾਤਮਕ ਆ ਰਹੇ ਹਨ। ਇਹੀ ਕਾਰਨ ਹੈ ਕਿ ਡੇਰੇ ਵਿੱਚ ਰੋਜ਼ਾਨਾ ਪਹੁੰਚਣ ਵਾਲੇ ਲੋਕਾਂ ਦੀ ਗਿਣਤੀ ਵੱਧ ਰਹੀ ਹੈ। ਵਿਧਾਇਕ ਲਕਸ਼ਮਣ ਨਾਪਾ ਨੇ ਕੈਂਪ ਵਿੱਚ ਆਏ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਅਤੇ ਉਨ੍ਹਾਂ ਦਾ ਨਿਪਟਾਰਾ ਕੀਤਾ ਅਤੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਿਹੜੀਆਂ ਸ਼ਿਕਾਇਤਾਂ ਅਜੇ ਤੱਕ ਪੈਂਡਿੰਗ ਪਈਆਂ ਹਨ, ਉਨ੍ਹਾਂ ਦਾ ਨਿਪਟਾਰਾ ਛੇਤੀ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਪਰਿਵਾਰ ਪਛਾਣ ਪੱਤਰ, ਪੈਨਸ਼ਨ, ਆਧਾਰ ਕਾਰਡ, ਪਰਿਵਾਰਕ ਸ਼ਨਾਖਤੀ ਕਾਰਡ, ਰਾਸ਼ਨ ਕਾਰਡ ਅਤੇ ਹੋਰ ਰੋਜ਼ਾਨਾ ਦੀਆਂ ਸਮੱਸਿਆਵਾਂ ਲੈ ਕੇ ਲੋਕ ਕੈਂਪ ਵਿੱਚ ਪਹੁੰਚਦੇ ਹਨ। ਕਈ ਵਾਰ ਅਧਿਕਾਰੀ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਨਿਰਧਾਰਤ ਸਮੇਂ ਤੋਂ ਵੱਧ ਸਮਾਂ ਲਗਾ ਦਿੰਦੇ ਹਨ। ਵਿਧਾਇਕ ਨੇ ਕਿਹਾ ਕਿ ਜ਼ਿਲ੍ਹਾ ਅਤੇ ਬਲਾਕ ਪੱਧਰ 'ਤੇ ਲਗਾਏ ਜਾ ਰਹੇ ਇਹ ਕੈਂਪ ਸ਼ਹਿਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕਾਰਗਰ ਸਾਬਤ ਹੋ ਰਹੇ ਹਨ। ਕੈਂਪ ਵਿੱਚ ਸਮੱਸਿਆਵਾਂ ਦਾ ਮੌਕੇ 'ਤੇ ਹੀ ਨਿਪਟਾਰਾ ਹੋਣ ਕਾਰਨ ਲੋਕਾਂ ਦਾ ਸਰਕਾਰ ਤੇ ਪ੍ਰਸ਼ਾਸਨ 'ਤੇ ਭਰੋਸਾ ਵਧਿਆ ਹੈ। ਇਸ ਮੌਕੇ ਸਮਾਧ ਕੈਂਪ ਵਿੱਚ ਪ੍ਰਾਪਤ ਹੋਈਆਂ 19 ਸਮੱਸਿਆਵਾਂ ਵਿੱਚੋਂ 9 ਦਾ ਮੌਕੇ 'ਤੇ ਹੀ ਹੱਲ ਕੀਤਾ ਗਿਆ। ਉਨ੍ਹਾਂ ਨੇ ਕੈਂਪ ਵਿੱਚ ਨਾਗਰਿਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਹਰਿਆਣਾ ਸਰਕਾਰ ਅਤੇ ਪ੍ਰਸ਼ਾਸਨ ਦਾ ਧੰਨਵਾਦ ਕੀਤਾ। ਇਸ ਮੌਕੇ ਡੀਐੱਸਪੀ ਸੰਜੇ ਬਿਸ਼ਨੋਈ, ਤਹਿਸੀਲਦਾਰ ਵਿਜੇ ਕੁਮਾਰ, ਬੀਡੀਪੀਓ ਹਨੀਸ਼ ਕੁਮਾਰ, ਏਬੀਪੀਓ ਰਣਧੀਰ ਸਿੰਘ, ਜੇਈ ਅਮਨਦੀਪ, ਐਨਪੀਏ ਜੇਈ ਹਵਾਸਿੰਘ, ਛੋਟੂ ਰਾਮ, ਮੈਨੇਜਰ ਕਮਲਦੀਨ, ਡਿਪਟੀ ਸੁਪਰਡੈਂਟ ਓਮਪ੍ਰਕਾਸ਼, ਬਿੱਟੂ ਪਹਿਲਵਾਨ, ਪ੍ਰਮੋਦ ਬਾਂਸਲ, ਰਵਿੰਦਰ ਲਾਂਬਾ, ਸੁਖਪਾਲ ਲਾਂਬਾ ਅਤੇ ਸਬੰਧਤ ਵਿਭਾਗ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

# ਉਜਾੜੇ ਦਾ ਸ਼ਿਕਾਰ ਸਿੱਖ ਪਰਿਵਾਰਾਂ ਤੱਕ ਪਹੁੰਚੀ ਸ਼੍ਰੋਮਣੀ ਕਮੇਟੀ

**ਕਰਨਾਲ, 13 ਜੁਲਾਈ**
**-ਪ੍ਰੈਸ ਕੀ ਤਾਕਤ ਬਿਊਰੋ**



ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਕਰਨਾਲ ਜ਼ਿਲ੍ਹੇ ਦੇ ਅਮੂਪੁਰ ਪਿੰਡ ਵਿਖੇ ਦੇਸ਼ ਵੰਡ ਸਮੇਂ ਲਹਿੰਦੇ ਪੰਜਾਬ ਤੋਂ ਉੱਜੜ ਕੇ ਵਸੇ ਚਾਰ ਸਿੱਖ ਪਰਿਵਾਰਾਂ ਦੇ ਘਰ ਢਾਹੁਣ ਦੀ ਕਾਰਵਾਈ ਦਾ ਨੋਟਿਸ ਲੈਂਦਿਆਂ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫ਼ਦ ਨੇ ਇੱਥੇ ਪੁੱਜ ਕੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕੀਤੀ। ਜ਼ਿਕਰਯੋਗ ਹੈ ਕਿ ਬੀਤੇ ਕੱਲ੍ਹ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਸਬੰਧੀ ਕਮੇਟੀ ਗਠਤ ਕੀਤੀ ਸੀ, ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਮਸਾਣਾ, ਜੂਨੀਅਰ ਮੀਤ ਪ੍ਰਧਾਨ ਗੁਰਬਖ਼ਸ਼ ਸਿੰਘ ਖ਼ਾਲਸਾ, ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਤੇਜਿੰਦਰਪਾਲ ਸਿੰਘ ਲਾਡਵਾ ਸ਼ਾਮਲ ਹਨ। ਵਫ਼ਦ ਨੇ ਅੱਜ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕਰਨ ਮਗਰੋਂ ਭਰੋਸਾ ਦਿੱਤਾ ਕਿ ਸਿੱਖ ਸੰਸਥਾ ਉਨ੍ਹਾਂ ਦੇ ਨਾਲ ਹੈ ਅਤੇ ਸਰਕਾਰੀ ਧੱਕੇਸ਼ਾਹੀ ਤੇ ਜਬਰ ਦਾ ਡਟਵਾਂ ਵਿਰੋਧ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਨੇ ਪੀੜਤ ਚਾਰ ਸਿੱਖ ਪਰਿਵਾਰਾਂ ਨੂੰ ਮੁੱਢਲੇ ਤੌਰ 'ਤੇ ਇੱਕ-ਇੱਕ ਲੱਖ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਅਤੇ ਹਰਿਆਣਾ ਸਰਕਾਰ ਨੂੰ ਇਨ੍ਹਾਂ ਪਰਿਵਾਰਾਂ ਨਾਲ ਇਨਸਾਫ਼ ਕਰਨ ਲਈ ਆਖਿਆ। ਇਸ ਮੌਕੇ ਹਰਭਜਨ ਸਿੰਘ ਮਸਾਣਾ ਨੇ ਸਮੁੱਚੀਆਂ ਸਿੱਖ ਸੰਸਥਾਵਾਂ ਤੇ ਜਥੇਬੰਦੀਆਂ ਨੂੰ ਇਨ੍ਹਾਂ ਪਰਿਵਾਰਾਂ ਦੀ ਵੱਧ ਤੋਂ ਵੱਧ ਮਦਦ ਕਰਨ ਦੀ ਅਪੀਲ ਕੀਤੀ। ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਹਰਿਆਣਾ ਦੀ ਭਾਜਪਾ ਸਰਕਾਰ ਦੀ ਨਿੰਦਾ ਕਰਦਿਆਂ ਕਿਹਾ ਕਿ ਸਰਕਾਰ ਦੀ ਇਸ ਕਾਰਵਾਈ ਨਾਲ ਸਿੱਖਾਂ ਦੇ ਮਨਾਂ ਅੰਦਰ ਭਾਰੀ ਰੋਸ ਹੈ। ਇਸ ਕਾਰਵਾਈ ਨਾਲ ਭਾਜਪਾ ਦੀ ਸਿੱਖ ਵਿਰੋਧੀ ਨੀਤੀ ਇਕ ਵਾਰ ਫਿਰ ਉਜਾਗਰ ਹੋਈ ਹੈ। ਇਸ ਮੌਕੇ ਉਨ੍ਹਾਂ ਪ੍ਰਧਾਨ ਮੰਤਰੀ ਨੂੰ ਵੀ ਇਸ ਸਬੰਧੀ ਧਿਆਨ ਦੇਣ ਦੀ ਗੱਲ ਕਹੀ। ਉਨ੍ਹਾਂ ਇਸ ਮਾਮਲੇ ਵਿੱਚ ਹਰਿਆਣਾ ਸਰਕਾਰ ਵੱਲੋਂ ਨਾਮਜ਼ਦ ਗੁਰਦੁਆਰਾ ਕਮੇਟੀ ਜੋ ਕਿ ਘਟਨਾ ਵਾਲੀ ਥਾਂ ਤੋਂ ਕੁਝ ਦੂਰ ਕੁਰੂਕਸ਼ੇਤਰ ਵਿੱਚ ਕਾਰਜਸ਼ੀਲ ਹੈ, ਦੇ ਨੁਮਾਇੰਦਿਆਂ ਦੀ ਕਈ ਦਿਨ ਬੀਤ ਜਾਣ ਮਗਰੋਂ ਵੀ ਅਮੂਪੁਰ ਵਿੱਚ ਪੀੜਤ ਪਰਿਵਾਰਾਂ ਨੂੰ ਮਿਲਣ ਨਾ ਪਹੁੰਚਣ ਦੀ ਨਿਖੇਧੀ ਕੀਤੀ। ਪੀੜਤ ਪਰਿਵਾਰਾਂ ਵਿੱਚੋਂ ਬੂਟਾ ਸਿੰਘ ਨੇ ਦੱਸਿਆ ਕਿ ਉਹ ਚਾਰ ਭਰਾ ਹਨ ਤੇ ਉਨ੍ਹਾਂ ਦਾ ਪਰਿਵਾਰ ਦੇਸ਼ ਵੰਡ ਉਪਰੰਤ ਲਹਿੰਦੇ ਪੰਜਾਬ ਤੋਂ ਉੱਜੜ ਕੇ ਅਮੂਪੁਰ ਪਿੰਡ ਦੀ ਇਸ ਥਾਂ 'ਤੇ ਪਿਛਲੇ 70 ਸਾਲਾਂ ਤੋਂ ਵਸਿਆ ਹੋਇਆ ਹੈ, ਪਰ ਅਚਾਨਕ 26 ਜੂਨ ਨੂੰ ਸਰਕਾਰ ਦੇ ਅਧਿਕਾਰੀਆਂ ਨੇ ਪੁਲੀਸ ਦੇ ਸਹਿਯੋਗ ਨਾਲ ਉਨ੍ਹਾਂ ਨਾਲ ਧੱਕਾ ਕਰਦਿਆਂ ਚਾਰੇ ਪਰਿਵਾਰਾਂ ਦੇ ਘਰਾਂ 'ਤੇ ਬੁਲਡੋਜ਼ਰ ਚਲਾ ਕੇ ਢਹਿ-ਢੇਰੀ ਕਰ ਦਿੱਤੇ। ਇਸ ਮੌਕੇ ਹਰਿਆਣਾ ਸਿੱਖ ਮਿਸ਼ਨ ਦੇ ਇੰਚਾਰਜ ਸੁਖਵਿੰਦਰ ਸਿੰਘ, ਗੁਰਮਤਿ ਸੰਗੀਤ ਅਕੈਡਮੀ ਸ਼ੇਖੂਪੁਰਾ ਕਰਨਾਲ ਦੇ ਇੰਚਾਰਜ ਪ੍ਰਤਾਪ ਸਿੰਘ, ਸੁਰਿੰਦਰ ਸਿੰਘ ਰਾਮਗੜ੍ਹੀਆ ਮੌਜੂਦ ਸਨ।

# ਹਰਿਆਣਾ ਦੇ ਲੋਕ ਭਾਜਪਾ ਸਰਕਾਰ ਤੋਂ ਦੁਖੀ: ਅਸ਼ੋਕ ਮਹਿਤਾ

**ਨਰਾਇਣਗੜ੍ਹ, 13 ਜੁਲਾਈ**
**-ਪ੍ਰੈਸ ਕੀ ਤਾਕਤ ਬਿਊਰੋ**



ਹਰਿਆਣਾ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੀਨੀਅਰ ਆਗੂ ਅਤੇ ਹਰਿਆਣਾ ਦੇ ਸਾਬਕਾ ਸੂਚਨਾ ਕਮਿਸ਼ਨਰ ਅਸ਼ੋਕ ਮਹਿਤਾ ਨੇ ਸਹਿਜਾਦਪੁਰ ਵਿੱਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਰਿਆਣਾ ਨੰਬਰ ਇਕ ਸੂਬਾ ਅੱਜ ਜੰਗਲ ਰਾਜ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਅੱਜ ਸੂਬੇ ਦੇ ਲੋਕ ਭਾਜਪਾ ਸਰਕਾਰ ਤੋਂ ਦੁਖੀ ਹਨ ਅਤੇ ਭਾਜਪਾ ਸਰਕਾਰ ਤੋਂ ਆਜ਼ਾਦੀ ਚਾਹੁੰਦੇ ਹਨ। ਅਸ਼ੋਕ ਮਹਿਤਾ ਨੇ ਕਿਹਾ ਕਿ ਸਰਕਾਰ ਨੇ ਪ੍ਰਾਪਰਟੀ ਆਈਡੀ ਦੇ ਨਾਂ 'ਤੇ ਲੋਕਾਂ ਨੂੰ ਦੋ ਸਾਲ ਤੱਕ ਕਤਾਰਾਂ ਵਿੱਚ ਖੜ੍ਹਾ ਕਰਕੇ ਕਰੋੜਾਂ ਰੁਪਏ ਦਾ ਘਪਲਾ ਕੀਤਾ ਹੈ।

ਉਨ੍ਹਾਂ ਦੋਸ਼ ਲਾਇਆ ਕਿ ਅੱਜ ਹਰਿਆਣਾ ਦੇ ਸ਼ਹਿਰੀ ਨਗਰ ਨਿਗਮ ਵਿਭਾਗ ਭ੍ਰਿਸ਼ਟਾਚਾਰ ਦਾ ਅੱਡਾ ਬਣ ਚੁੱਕੇ ਹਨ। ਉਨ੍ਹਾਂ ਕਿਹਾ ਕਿ ਅੱਜ ਕਿਸਾਨ ਤੇ ਲੋਕ ਪੋਰਟਲ ਤੋਂ ਨਾਖੁਸ਼ ਹਨ ਅਤੇ ਪਰਿਵਾਰ ਦੇ ਸ਼ਨਾਖਤੀ ਕਾਰਡ ਲਾਗੂ ਹੋਣ ਤੋਂ ਆਮ ਲੋਕ ਬਹੁਤ ਪ੍ਰੇਸ਼ਾਨ ਹਨ। ਉਨ੍ਹਾਂ ਕਿ ਕਿ ਜੇ ਹਰਿਆਣਾ ਵਿੱਚ ਕਾਂਗਰਸ ਦੀ ਸਰਕਾਰ ਬਣਦੀ ਹੈ ਤਾਂ ਸਭ ਤੋਂ ਪਹਿਲਾਂ ਪ੍ਰਾਪਰਟੀ ਆਈਡੀ, ਪਰਿਵਾਰਕ ਸ਼ਨਾਖਤੀ ਕਾਰਡ ਅਤੇ ਪੋਰਟਲ ਨੂੰ ਖ਼ਤਮ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਸੂਬੇ ਵਿੱਚ ਨਿੱਤ ਦਿਨ ਵਾਪਰ ਰਹੀਆਂ ਜਬਰ-ਜਨਾਹ, ਕਤਲ, ਲੁੱਟ-ਖੋਹ ਅਤੇ ਚੋਰੀ ਦੀਆਂ ਘਟਨਾਵਾਂ ਕਾਰਨ ਸੂਬੇ ਦੇ ਵਪਾਰੀਆਂ ਅਤੇ ਆਮ ਲੋਕਾਂ ਵਿੱਚ ਸਰਕਾਰ ਪ੍ਰਤੀ ਭਾਰੀ ਗੁੱਸੇ ਦੇ ਨਾਲ-ਨਾਲ ਸਹਿਮ ਦਾ ਮਾਹੌਲ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਲੋਕਾਂ ਨੇ ਭਾਜਪਾ ਸਰਕਾਰ ਤੋਂ ਆਜ਼ਾਦੀ ਦਿਵਾਉਣ ਲਈ ਕਾਂਗਰਸ ਦੀ ਸਰਕਾਰ ਬਣਾਉਣ ਦਾ ਮਨ ਬਣਾ ਲਿਆ ਹੈ। ਇਸ ਮੌਕੇ ਅੰਕੁਰ, ਮਹਿਤਾ, ਓਮ ਪ੍ਰਕਾਸ਼ ਪਾਲ, ਬਿੱਲੂ ਗਰੇਵਾਲ, ਸਤੀਸ਼ ਕੁਮਾਰ ਆਦਿ ਹਾਜ਼ਰ ਸਨ।

# ਪ੍ਰਾਈਵੇਟ ਬੱਸ ਪਰਮਿਟ ਦੇਣ ਤੇ ਕੇਂਦਰੀ ਵਰਕਸ਼ਾਪ ਬੰਦ ਕਰਨ ਖ਼ਿਲਾ.ਫ ਰੋਸ ਮੁਜ਼ਾਹਰਾ

**ਸਿਰਸਾ, 13 ਜੁਲਾਈ**
**-ਪ੍ਰੈਸ ਕੀ ਤਾਕਤ ਬਿਊਰੋ**




ਰੋਡਵੇਜ਼ ਮੁਲਾਜ਼ਮਾਂ ਨੇ ਨਿੱਜੀ ਬੱਸ ਪਰਮਿਟ ਦਿੱਤੇ ਜਾਣ ਅਤੇ ਹਿਸਾਰ ਤੇ ਕਰਨਾਲ ਦੀ ਕੇਂਦਰੀ ਵਰਕਸ਼ਾਪ ਬੰਦ ਕੀਤੇ ਜਾਣ ਦੇ ਵਿਰੋਧ 'ਚ ਬੱਸ ਅੱਡੇ ਦੇ ਮੁੱਖ ਗੇਟ 'ਤੇ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਦੀ ਅਗਵਾਈ ਰੋਡਵੇਜ਼ ਮੁਲਾਜ਼ਮ ਯੂਨੀਅਨ ਦੇ ਆਗੂ ਪ੍ਰਿਥਵੀ ਸਿੰਘ ਰਾਹਰ, ਰਿਛਪਾਲ ਸਿੰਘ ਸੰਧੂ ਅਤੇ ਭੀਮ ਸਿੰਘ ਨੇ ਸਾਂਝੇ ਤੌਰ 'ਤੇ ਕੀਤੀ। ਬੱਸ ਅੱਡੇ ਦੇ ਮੁੱਖ ਗੇਟ 'ਤੇ ਰੋਡਵੇਜ਼ ਦੇ ਪ੍ਰਦਰਸ਼ਨਕਾਰੀ ਮੁਲਾਜ਼ਮਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ 3658 ਪ੍ਰਾਈਵੇਟ ਬੱਸ ਪਰਮਿਟ ਦੇ ਰਹੀ ਹੈ। ਇਸ ਦੇ ਨਾਲ ਹੀ ਹਿਸਾਰ ਤੇ ਕਰਨਾਲ ਦੀ ਕੇਂਦਰੀ ਵਰਕਸ਼ਾਪ ਨੂੰ ਬੰਦ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਰੋਡਵੇਜ਼ ਮੁਲਾਜ਼ਮ ਰੋਡਵੇਜ਼ ਦੇ ਬੇੜੇ 'ਚ ਨਵੀਆਂ ਬੱਸਾਂ ਸ਼ਾਮਲ ਕਰਨ ਦੀ ਲੰਮੇ ਸਮੇਂ ਤੋਂ ਮੰਗ ਕਰ ਰਹੇ ਸਨ ਜਿਸ ਨੂੰ ਸਰਕਾਰ ਨੇ ਅਣਗੌਲਿਆਂ ਕਰਕੇ ਨਿੱਜੀ ਬੱਸ ਪਰਮਿਟ ਦੇਣ ਨੂੰ ਪਹਿਲ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਤੇ ਮੁਲਾਜ਼ਮ ਆਗੂਆਂ ਵਿਚਾਲੇ ਪਹਿਲਾਂ ਹੋਈ ਗੱਲਬਾਤ ਦੌਰਾਨ ਸਰਕਾਰ ਨੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਮਨ ਲਿਆ ਸੀ ਪਰ ਹੁਣ ਸਰਕਾਰ ਮੁਲਾਜ਼ਮਾਂ ਨਾਲ ਧੋਖਾ ਕਰ ਰਹੀ ਹੈ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮੁਲਾਜ਼ਮਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਮੁਲਾਜ਼ਮ ਟਰਾਂਸਪੋਰਟ ਮੰਤਰੀ ਅਸੀਮ ਗੋਇਲ ਦਾ ਅੰਬਾਲਾ ਸਥਿਤ ਉਨ੍ਹਾਂ ਦੇ ਕੈਂਪ ਦਫ਼ਤਰ ਦਾ ਘਿਰਾਓ ਕਰਨਗੇ। ਜਿਸ ਵਿੱਚ ਸਿਰਸਾ ਸਮੇਤ ਪੂਰੇ ਹਰਿਆਣਾ ਤੋਂ ਵੱਡੀ ਗਿਣਤੀ 'ਚ ਮੁਲਾਜ਼ਮ ਹਿੱਸਾ ਲੈਣਗੇ। ਇਸ ਮੌਕੇ 'ਤੇ ਆਤਮਾਰਾਮ ਬੈਨੀਵਾਲ, ਸਤਪਾਲ ਸਿੰਘ ਰਾਣੀਆ, ਲਾਡੂਰਾਮ, ਸ਼ੇਰ ਸਿੰਘ ਖੋਡ, ਸੁਰਿੰਦਰ ਸਿੰਘ, ਸ਼ੈਲੇਂਦਰ ਕੁਮਾਰ ਆਦਿ ਸਮੇਤ ਕਈ ਰੋਡਵੇਜ਼ ਮੁਲਾਜ਼ਮ ਹਾਜ਼ਰ ਸਨ।

# ਡੇਢ ਸੌ ਕਿਲੋਮੀਟਰ ਤੱਕ ਬਣ ਸਕਣਗੇ ਵਿਦਿਆਰਥੀਆਂ ਦੇ ਬੱਸ ਪਾਸ

**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਟਰਾਂਸਪੋਰਟ ਮੰਤਰੀ ਅਸੀਮ ਗੋਇਲ ਨੇ ਐਲਾਨ ਕੀਤਾ ਕਿ ਸੂਬੇ ਦੇ ਸਰਕਾਰੀ ਅਤੇ ਮਾਨਤਾ ਪ੍ਰਾਪਤ ਵਿਦਿਅਕ ਅਦਾਰਿਆਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਹੁਣ ਬੱਸ-ਪਾਸ ਦੀ ਸਹੂਲਤ ਨੂੰ 60 ਕਿਲੋਮੀਟਰ ਤੋਂ ਵਧਾ ਕੇ 150 ਕਿਲੋਮੀਟਰ ਕਰ ਦਿੱਤਾ ਗਿਆ ਹੈ। ਇਹ ਬੱਸ ਪਾਸ ਸਕੂਲ, ਕਾਲਜ, ਸੰਸਥਾ ਅਧਿਕਾਰੀਆਂ ਦੀ ਸਿਫਾਰਿਸ਼ 'ਤੇ ਛਮਾਹੀ ਆਧਾਰ 'ਤੇ ਜਾਰੀ ਕੀਤੇ ਜਾਣਗੇ। ਟਰਾਂਸਪੋਰਟ ਵਿਭਾਗ ਦੇ ਅਧਿਕਾਰੀ ਨੇ ਕਿਹਾ ਕਿ ਸੂਬੇ ਵਿੱਚ ਮਾਨਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਨੂੰ ਵਿਦਿਆਰਥੀਆਂ ਦੇ ਬੱਸ ਪਾਸ ਲਈ ਆਪਣੇ ਅਦਾਰੇ ਦੇ ਪ੍ਰਮਾਣ ਪੱਤਰ ਦੀ ਤਸਦੀਕ ਕਾਪੀ ਸਣੇ ਪਾੜ੍ਹਿਆਂ ਦੀ ਸੂਚੀ ਸਬੰਧਤ ਰੋਡਵੇਜ਼ ਡੀਪੂ ਨੂੰ ਦੇਣੀ ਹੋਵੇਗੀ।

# ਤਿੰਨ ਨੌਜਵਾਨ ਜਿਊਂਦੇ ਸੜੇ

**ਪਿਹੋਵਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਹਾਈਵੇਅ-152 ਡੀ 'ਤੇ ਪਿੰਡ ਸੰਧੋਲਾ ਨੇੜੇ ਟੋਲ ਪਲਾਜ਼ਾ ਤੋਂ ਕਰੀਬ ਤਿੰਨ ਕਿਲੋਮੀਟਰ ਦੂਰ ਇੱਕ ਟਰਾਲੇ ਨਾਲ ਟਕਰਾਉਣ ਮਗਰੋਂ ਕਾਰ ਨੂੰ ਲੱਗੀ ਅੱਗ ਕਾਰਨ ਕਾਰ 'ਚ ਸਵਾਰ ਤਿੰਨ ਨੌਜਵਾਨ ਜਿਊਂਦੇ ਸੜ ਗਏ ਜਦਕਿ ਚੌਥਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਸੂਚਨਾ ਮਿਲਣ ਤੋਂ ਬਾਅਦ ਪੁਲੀਸ ਅਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪਹੁੰਚ ਗਈਆਂ ਜਿਨ੍ਹਾਂ ਨੇ ਕਾਫੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ। ਪ੍ਰਾਪਤ ਜਾਣਕਾਰੀ ਅਨੁਸਾਰ ਗੌਰਵ (20), ਆਦਿਤਿਆ (21), ਨਿਤਿਸ਼ (18) ਅਤੇ ਆਸ਼ੀਸ਼ ਕਾਰ ਵਿੱਚ ਹਿਮਾਚਲ ਵੱਲ ਜਾ ਰਹੇ ਸਨ। ਇਸ ਦੌਰਾਨ ਪਬਨਾਵਾ ਤੋਂ ਪਹਿਲਾਂ ਟੌਲ ਪਲਾਜ਼ੇ ਤੋਂ ਤਿੰਨ ਕਿਲੋਮੀਟਰ ਦੂਰ ਕਾਰ ਸਾਹਮਣਿਓਂ ਆ ਰਹੇ ਟਰਾਲੇ ਨਾਲ ਟਕਰਾ ਗਈ।

# ਈਡੀ ਵੱਲੋਂ .ਫਰਜ਼ੀ ਫਰਮ ਮਾਮਲੇ 'ਚ ਕਈ ਥਾਵਾਂ 'ਤੇ ਛਾਪੇ

**ਸਿਰਸਾ, 13 ਜੁਲਾਈ**
**-ਪ੍ਰੈਸ ਕੀ ਤਾਕਤ ਬਿਊਰੋ**



ਈਡੀ ਨੇ ਅੱਜ ਇਥੇ ਅੱਧੀ ਦਰਜਨ ਤੋਂ ਵੱਧ ਫਰਮਾਂ ਦੇ ਟਿਕਾਣਿਆਂ 'ਤੇ ਛਾਪਾ ਮਾਰਿਆ। ਇਹ ਛਾਪਾ ਫ਼ਰਜ਼ੀ ਫਰਮਾ ਬਣਾ ਕੇ ਸਰਕਾਰ ਨੂੰ ਕਥਿਤ ਤੌਰ 'ਤੇ ਕਰੋੜਾਂ ਰੁਪਏ ਦਾ ਚੂਨਾ ਲਾਉਣ ਦੇ ਮਾਮਲੇ 'ਚ ਮਾਰਿਆ ਗਿਆ ਹੈ।

ਸੂਤਰਾਂ ਨੇ ਦੱਸਿਆ ਹੈ ਕਿ ਈਡੀ ਦੀ ਟੀਮ ਅੱਜ ਸਵੇਰੇ ਸਿਰਸਾ ਪਹੁੰਚੀ। ਕਰੀਬ 40 ਵਾਹਨਾਂ ਵਿੱਚ ਆਏ ਈਡੀ ਦੇ ਅਧਿਕਾਰੀਆਂ ਨੇ ਸੱਤ ਟੀਮਾਂ ਬਣਾਈਆਂ।

ਮਗਰੋਂ ਪਦਮ ਬਾਂਸਲ, ਮਹੇਸ਼ ਬਾਂਸਲ, ਵਰਿੰਦਰ ਗੁਪਤਾ ਅਤੇ ਕੁਝ ਹੋਰ ਲੋਕਾਂ ਦੇ ਟਿਕਾਣਿਆਂ 'ਤੇ ਛਾਪੇ ਮਾਰੇ ਗਏ। ਸੁਰੱਖਿਆ ਲਈ ਈਡੀ ਦੇ ਨਾਲ ਸੀਆਰਪੀਐੱਫ ਤੇ ਪੁਲੀਸ ਦੇ ਜਵਾਨ ਵੀ ਮੌਜੂਦ ਸਨ।

ਈਡੀ ਦੀ ਟੀਮ ਨੇ ਸਿਰਸਾ ਦੇ ਐਫ ਬਲਾਕ ਵਿੱਚ ਪਦਮ ਬਾਂਸਲ ਦੇ ਘਰ ਛਾਪਾ ਮਾਰਿਆ। ਉਸ ਸਮੇਂ ਪਦਮ ਬਾਂਸਲ ਅਤੇ ਉਨ੍ਹਾਂ ਦਾ ਪਰਿਵਾਰ ਘਰ 'ਚ ਹੀ ਮੌਜੂਦ ਸੀ। ਮਗਰੋਂ ਟੀਮ ਨੇ ਅਨਾਜ ਮੰਡੀ, ਜਨਤਾ ਭਵਨ ਰੋਡ, ਅਗਰਸੇਨ ਕਲੋਨੀ, ਨੰਦਨ ਵਾਟਿਕਾ, ਹੁੱਡਾ ਸੈਕਟਰ ਸਿਰਸਾ, ਹਾਊਸਿੰਗ ਬੋਰਡ ਕਲੋਨੀ ਵਿੱਚ ਸਥਿਤ ਕਈ ਘਰਾਂ ਵਿੱਚ ਛਾਪੇ ਮਾਰੇ। ਇਸ ਦੌਰਾਨ ਕਿਸੇ ਨੂੰ ਘਰ ਦੇ ਅੰਦਰ ਨਹੀਂ ਦਾਖਲ ਹੋਣ ਦਿੱਤਾ ਨਾ ਹੀ ਕਿਸੇ ਨੂੰ ਬਾਹਰ ਜਾਣ ਦਿੱਤਾ ਗਿਆ। ਇਸ ਦੌਰਾਨ ਈਡੀ ਦੇ ਅਧਿਕਾਰੀ ਮੀਡੀਆ ਤੋਂ ਦੂਰ ਰਹੇ।

ਜ਼ਿਕਰਯੋਗ ਹੈ ਕਿ ਫਰਜ਼ੀ ਫਰਮ ਮਾਮਲੇ 'ਚ ਪਦਮ ਬਾਂਸਲ, ਮਹੇਸ਼ ਬਾਂਸਲ ਅਤੇ ਕੁਝ ਹੋਰ ਵਿਅਕਤੀ ਜੇਲ੍ਹ ਜਾ ਚੁੱਕੇ ਹਨ।

ਇਨ੍ਹਾਂ 'ਚੋਂ ਪਦਮ ਬਾਂਸਲ ਫਿਲਹਾਲ ਜ਼ਮਾਨਤ 'ਤੇ ਬਾਹਰ ਹੈ। ਹੁਣ ਤੱਕ ਦੀ ਜਾਂਚ ਵਿੱਚ ਕਈ ਮੁਲਜ਼ਮਾਂ ਦੇ ਨਾਂ ਸਾਹਮਣੇ ਆ ਚੁੱਕੇ ਹਨ।

# ਟਰੈਕਟਰ ਨੇ ਮੋਟਰਸਾਈਕਲ ਨੂੰ ਮਾਰੀ ਟੱਕਰ, ਇੱਕ ਜ਼ਖ਼ਮੀ

**ਰਤੀਆ, 13 ਜੁਲਾਈ**
**-ਪ੍ਰੈਸ ਕੀ ਤਾਕਤ ਬਿਊਰੋ**

ਪਿੰਡ ਮੜ੍ਹ ਵਿਚ ਹੋਏ ਸੜਕ ਹਾਦਸੇ ਦੇ ਮਾਮਲੇ ਨੂੰ ਲੈ ਕੇ ਸਦਰ ਥਾਣਾ ਪੁਲੀਸ ਨੇ ਦੁਰਘਟਨਾ ਵਿੱਚ ਜ਼ਖ਼ਮੀ ਹੋਏ ਸੁਲਖਾਨ ਸਿੰਘ ਦੇ ਬਿਆਨਾਂ ਦੇ ਅਧਾਰ ਤੇ ਅਣਪਛਾਤੇ ਟਰੈਕਟਰ ਡਰਾਈਵਰ ਖ਼ਿਲਾ.ਫ ਕੇਸ ਦਰਜ ਕੀਤਾ ਹੈ। ਸ਼ਿਕਾਇਤਕਰਤਾ ਨੇ ਪੁਲੀਸ ਅਧਿਕਾਰੀ ਨੂੰ ਦੱਸਿਆ ਕਿ ਬੀਤੀ ਸ਼ਾਮ ਜਦੋਂ ਉਹ ਮੋਟਰਸਾਇਕਲ ਰਾਹੀਂ ਪਿੰਡ ਨਾਗਪੁਰ ਤੋਂ ਆਪਣੇ ਘਰ ਮੜ੍ਹ ਜਾ ਰਿਹਾ ਸੀ ਤਾਂ ਪਿੰਡ ਦੇ ਨਹਿਰੀ ਪੁਲ ਕੋਲ ਦੂਜੇ ਪਾਸਿਓਂ ਆਏ ਟਰੈਕਟਰ ਮੋਟਰਸਾਈਕਲ ਵਿੱਚ ਟੱਕਰ ਮਾਰ ਦਿੱਤੀ। ਇਸ ਕਾਰਨ ਉਹ ਸੜਕ 'ਤੇ ਡਿੱਗ ਗਿਆ ਅਤੇ ਜ਼ਖ਼ਮੀ ਹੋ ਗਿਆ।

ਉਸ ਨੇ ਦੱਸਿਆ ਕਿ ਜਿਸ ਮੌਕੇ ਦੁਰਘਟਨਾ ਹੋਈ ਸੀ, ਉਹ ਸਬੰਧਤ ਟਰੈਕਟਰ ਦਾ ਨੰਬਰ ਨੋਟ ਨਹੀਂ ਕਰ ਸਕਿਆ ਸੀ ਪਰ ਡਰਾਈਵਰ ਨੂੰ ਪਛਾਣ ਸਕਦਾ ਹੈ। ਪੁਲੀਸ ਨੇ ਸਬੰਧਤ ਟਰੈਕਟਰ ਡਰਾਈਵਰ ਖ਼ਿਲਾ.ਫ ਕੇਸ ਕੇਸ ਦਰਜ ਕੀਤਾ ਹੈ।

ਸ਼ਿਕਾਇਤਕਰਤਾ ਨੇ ਪੁਲੀਸ ਅਧਿਕਾਰੀ ਨੂੰ ਦੱਸਿਆ ਕਿ ਬੀਤੀ ਸ਼ਾਮ ਜਦੋਂ ਉਹ ਮੋਟਰਸਾਇਕਲ ਰਾਹੀਂ ਪਿੰਡ ਨਾਗਪੁਰ ਤੋਂ ਆਪਣੇ ਘਰ ਮੜ੍ਹ ਜਾ ਰਿਹਾ ਸੀ ਤਾਂ ਪਿੰਡ ਦੇ ਨਹਿਰੀ ਪੁਲ ਕੋਲ ਦੂਜੇ ਪਾਸਿਓਂ ਆਏ ਟਰੈਕਟਰ ਮੋਟਰਸਾਈਕਲ ਵਿੱਚ ਟੱਕਰ ਮਾਰ ਦਿੱਤੀ। ਇਸ ਕਾਰਨ ਉਹ ਸੜਕ 'ਤੇ ਡਿੱਗ ਗਿਆ ਅਤੇ ਜ਼ਖ਼ਮੀ ਹੋ ਗਿਆ।

ਉਸ ਨੇ ਦੱਸਿਆ ਕਿ ਜਿਸ ਮੌਕੇ ਦੁਰਘਟਨਾ ਹੋਈ ਸੀ, ਉਹ ਸਬੰਧਤ ਟਰੈਕਟਰ ਦਾ ਨੰਬਰ ਨੋਟ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸ੍ਰੀ ਲਾਲ ਚੰਦ ਕਟਾਰੂਚੱਕ ਨੇ ਜਿਲ੍ਹੇ ਅੰਦਰ ਸੰਭਾਵਿਤ ਹੜ੍ਹਾਂ ਨੂੰ ਲੈ ਕੇ ਕੀਤੇ ਪ੍ਰਬੰਧਾਂ ਦਾ ਜਾਇਜਾ ਲੈਣ ਲਈ ਬਮਿਆਲ ਅਤੇ ਨਰੋਟ ਜੈਮਲ ਸਿੰਘ ਖੇਤਰਾਂ ਦਾ ਕੀਤਾ ਵਿਸੇਸ ਦੋਰਾ

**ਪਠਾਨਕੋਟ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਜੀ ਵੱਲੋਂ ਜ਼ਿਲਾ ਪਠਾਨਕੋਟ ਦੇ ਅਧੀਨ ਵਿਧਾਨ ਸਭਾ ਹਲਕਾ ਭੋਆ ਦੇ ਅਧੀਨ ਆਉਦੇ ਬਲਾਕ ਬਮਿਆਲ ਅਤੇ ਨਰੋਟ ਜੈਮਲ ਸਿੰਘ ਦੇ ਹੜ੍ਹ ਪ੍ਰਭਾਵਿੱਤ ਖੇਤਰ ਸਰੋਟਾ, ਖੋਜਕੀਚੱਕ ਕੁਲੀਆਂ ਅਤੇ ਪਹਾੜੀਪੁਰ ਖੇਤਰਾਂ ਦਾ ਵਿਸੇਸ ਤੋਰ ਤੇ ਦੋਰਾ ਕੀਤਾ ਅਤੇ ਹੜ੍ਹਾਂ ਤੋਂ ਬਚਾਓ ਲਈ ਕੀਤੇ ਜਾ ਰਹੇ ਅਗੇਤੇ ਪ੍ਰਬੰਧਾਂ ਦਾ ਜਾਇਜਾ ਲਿਆ ਗਿਆ। ਇਸ ਮੋਕੇ ਤੇ ਉਨ੍ਹਾਂ ਦੇ ਨਾਲ ਸਰਵਸ੍ਰੀ ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਰਾਜੇਸ ਸਿੰਘ ਬਲਾਕ ਪ੍ਰਧਾਨ, ਦਲਬੀਰ ਸਿੰਘ, ਸਰਪੰਚ ਦਨਵਾਲ ਬਲਬੀਰ ਸਿੰਘ, ਸਰਪੰਚ ਸਰੋਟਾ ਦਿਲਾਬਰ ਸਿੰਘ, ਮੱਖਨੂੰ, ਪ੍ਰਦੀਪ ਸਿੰਘ ਫਰਵਾਲ, ਸਰਦਾਰੀ ਲਾਲ, ਰਾਧਾ ਸਰਮਾ, ਤਰਸੇਮ ਖੋਜਕੀਚੱਕ, ਵਿਪਨ ਭਾਰਤੀ, ਸਰਪੰਚ ਉਦੀਪੁਰ ਐਮਾਂ ਗਨੇਸ ਰਾਜ ਅਤੇ ਹੋਰ ਪਾਰਟੀ ਕਾਰਜਕਰਤਾ ਵੀ ਹਾਜਰ ਸਨ।

ਜ਼ਿਕਰਯੋਗ ਹੈ ਕਿ ਅੱਜ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਹੜ੍ਹ ਪ੍ਰਭਾਵਿੱਤ ਖੇਤਰ ਬਮਿਆਲ ਦੇ ਪਿੰਡ ਸਰੋਟਾ, ਖੋਜਕੀਚੱਕ ਕੁੱਲੀਆਂ ਅਤੇ ਪਹਾੜੀਪੁਰ ਵਿਖੇ ਪਹੁੰਚੇ ਜਿੱਥੇ ਪਹੁੰਚ ਕੇ ਉਹਨਾਂ ਨੇ ਜਿਹੜੇ ਖੇਤਰ ਪਿਛਲੇ ਸਾਲ ਉਜ ਦਰਿਆ ਵਿੱਚ ਆਏ ਹੜ੍ਹ ਦੇ ਕਾਰਨ ਪ੍ਰਭਾਵਿੱਤ ਹੋਏ ਸਨ ਉਨ੍ਹਾਂ ਪਿੰਡਾਂ ਦਾ ਜਾਇਜਾ ਲਿਆ। ਪਿੰਡ ਸਰੋਟਾ ਵਿਖੇ ਪਹੁੰਚਣ ਤੇ ਉਨ੍ਹਾਂ ਨਰੇਗਾ ਅਧੀਨ ਕਰੇਟ ਬਣਾਉਂਣ ਦਾ ਕਾਰਜ ਕਰ ਰਹੀਆਂ ਮਹਿਲਾਵਾਂ ਨੂੰ ਮਿਲੇ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ। ਕੈਬਨਿਟ



ਮੰਤਰੀ ਪੰਜਾਬ ਵੱਲੋਂ ਉਜ ਦਰਿਆ ਦੇ ਨਾਲ ਲੱਗਦੇ ਖੇਤਰਾਂ ਤੇ ਚੱਲ ਰਹੇ ਅਗੇਤੇ ਬਚਾਓ ਕੰਮਾਂ ਦਾ ਜਾਇਜ਼ਾ ਲਿਆ। ਉਨ੍ਹਾਂ ਵੱਲੋਂ ਪਿੰਡ ਸਰੋਟਾ ਦੇ ਨਾਲ ਲਗਦੇ ਉਜ ਦਰਿਆ ਤੇ ਚਲ ਰਹੇ ਵਿਕਾਸ ਕਾਰਜਾਂ ਨੂੰ ਲੈ ਕੇ ਅਧਿਕਾਰੀਆਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਜਿਨਾਂ ਜਲਦੀ ਹੋ ਸਕਦਾ ਹੈ ਕਰੇਟ ਲਗਾਉਣ ਦਾ ਬਾਕੀ ਰਹਿ ਗਿਆ ਕੰਮ ਨਿਰਧਾਰਿਤ ਸਮੇਂ ਦੇ ਅੰਦਰ ਪੂਰਾ ਕੀਤਾ ਜਾਵੇ ਤਾਂ ਜੋ ਲੋਕ ਉਜ ਦਰਿਆ ਵਿੱਚ ਆਉਣ ਵਾਲੇ ਪਾਣੀ ਦੇ ਪ੍ਰਭਾਵ ਤੋਂ ਬਚਾਇਆ ਜਾ ਸਕੇ। ਇਥੇ ਗੱਲਬਾਤ ਕਰਦਿਆਂ ਕਿਸਾਨਾਂ ਨੇ ਦੱਸਿਆ ਕਿ ਉਜ ਦਰਿਆ ਦਾ ਰੁੱਖ ਬਦਲਣ ਕਰਕੇ ਉਹਨਾਂ ਦੀ ਖੇਤੀ ਵਾਲੀ ਜਮੀਨ ਉਜ ਦਰਿਆ ਦੀ ਭੇਟ ਚੜ ਗਈ ਹੈ ਜਿਸ ਦੇ ਕਾਰਨ ਉਹਨਾਂ ਦਾ ਕਾਫੀ ਨੁਕਸਾਨ ਹੋਇਆ ਹੈ। ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਜੀ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕੀ ਜਿਹੜੇ ਸੰਭਾਵਿੱਤ ਹੜ੍ਹ ਪ੍ਰਭਾਵਿੱਤ ਖੇਤਰਾਂ ਵਿੱਚ ਕਰੇਟ ਲਗਾਉਣ ਦਾ ਕੰਮ ਰਹਿ ਗਿਆ ਹੈ ਉਸ ਨੂੰ ਜਲਦੀ ਪੂਰਾ ਕੀਤਾ ਜਾਵੇਗਾ। ਉਹਨਾਂ ਇਸ ਮੌਕੇ ਤੇ ਵਿਭਾਗੀ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਸਮੇਂ ਰਹਿੰਦਿਆਂ ਹੀ ਕਰੇਟਾ ਦੇ ਕੰਮ ਨੂੰ ਮੁਕੰਮਲ ਕਰ ਲਿਆ ਜਾਵੇ ਤਾਂ ਜੋ ਕਿਸਾਨਾਂ ਦੀ ਵਾਹੀ ਯੋਗ ਜਮੀਨ ਦਾ ਹੋਰ ਨੁਕਸਾਨ ਨਾ ਹੋ ਸਕੇ।ਇਸ ਤੋਂ ਬਾਅਦ ਕੈਬਨਿਟ ਮੰਤਰੀ ਪੰਜਾਬ ਪਿੰਡ ਖੋਜਕੀ ਚੱਕ ਕੁੱਲੀਆਂ ਵਿਖੇ ਪਹੁੰਚੇ ਅਤੇ ਪਿੰਡ ਵਾਸੀਆਂ ਨਾਲ ਗੱਲਬਾਤ ਕੀਤੀ ਇੱਥੇ ਉਹਨਾਂ ਵੱਲੋਂ ਪਿੰਡਾਂ ਦਾ ਦੌਰਾ ਵੀ ਕੀਤਾ ਗਿਆ ਅਤੇ ਪਿੰਡ ਵਾਸੀਆਂ ਨੇ ਉਹਨਾਂ ਨੂੰ ਪਿੰਡ ਦੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ। ਲੋਕਾਂ ਵੱਲੋਂ ਦੱਸਿਆ ਗਿਆ ਕਿ ਪਿੰਡ ਦੇ ਨਾਲ ਲੱਗਦੇ ਉਜ ਦਰਿਆ ਦੇ ਪਾਣੀ ਦੀ ਮਾਰ ਦਾ ਖਮਿਆਜਾ ਪਿੰਡ ਵਾਸੀਆਂ ਨੂੰ ਝੱਲਣਾ ਪੈਂਦਾ ਹੈ। ਜਿਸ ਦੇ ਚਲਦਿਆਂ ਉਹਨਾਂ ਦੇ ਘਰਾਂ ਦੇ ਵਿੱਚ ਦਰਾਰਾਂ ਆ ਚੁੱਕੀਆਂ ਹਨ ਅਤੇ ਕਿਸੇ ਵੀ ਟਾਈਮ ਘਰਾਂ ਦੇ ਡਿੱਗਣ ਦਾ ਡਰ ਬਣਿਆ ਰਹਿੰਦਾ ਹੈ। ਇਸ ਤੋਂ ਇਲਾਵਾ ਪਿੰਡ ਵਾਸੀਆਂ ਨੇ ਪਿੰਡ ਦੀਆਂ ਹੋਰ ਸਮੱਸਿਆਵਾਂ ਤੋਂ ਕੈਬਨਿਟ ਮੰਤਰੀ ਪੰਜਾਬ ਨੂੰ ਜਾਣੂ ਕਰਵਾਇਆ ਉਹਨਾਂ ਭਰੋਸਾ ਦਿੱਤਾ ਕਿ ਜਲਦੀ ਹੀ ਇਹਨਾਂ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ ਤਾਂ ਜੋ ਲੋਕਾਂ ਨੂੰ ਕਿਸੇ ਪ੍ਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੇ।ਜ਼ਿਕਰ ਯੋਗ ਹੈ ਕਿ ਇਸ ਤੋਂ ਬਾਅਦ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਹਿੰਦ-ਪਾਕ ਸਰਹੱਦ ਦੇ ਨਾਲ ਲਗਦੇ ਪਿੰਡ ਪਹਾੜੀਪੁਰ ਵਿਖੇ ਪਹੁੰਚੇ ਅਤੇ ਹਿੰਦ ਭਾਰਤ ਪਾਕ ਦੇ ਨਾਲ ਲੱਗਦੇ ਉਜ ਦਰਿਆ ਦਾ ਵੀ ਨਿਰੀਖਣ ਕੀਤਾ। ਉਹਨਾਂ ਨੇ ਪਹਾੜੀਪੁਰ ਪੋਸਟ ਦੇ ਨਾਲ ਉਜ ਦਰਿਆ ਤੇ ਚੱਲ ਰਹੇ ਕਰੇਟਾਂ ਦੇ ਵਿਕਾਸ ਕਾਰਜ ਨੂੰ ਦੇਖਣ ਤੋਂ ਬਾਅਦ ਕਾਰਜ ਕਰਵਾ ਰਹੇ ਠੇਕੇਦਾਰ ਅਤੇ ਵਿਭਾਗੀ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਕੰਮ ਵਿੱਚ ਦੇਰੀ ਨਾ ਕੀਤੀ ਜਾਵੈ ਅਤੇ ਕਾਰਜ ਦੋਰਾਨ ਗੁਣਵੱਤਾ ਦਾ ਵਿਸੇਸ ਧਿਆਨ ਰੱਖਿਆ ਜਾਵੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਆਉਣ ਵਾਲੇ ਇੱਕ ਹਫਤੇ ਦੇ ਅੰਦਰ ਅੰਦਰ ਪਹਾੜੀਪੁਰ ਵਿਖੇ ਜੋ ਕਰੇਟਾ ਦਾ ਕੰਮ ਚੱਲ ਰਿਹਾ ਹੈ ਉਸ ਨੂੰ ਮੁਕੰਮਲ ਕੀਤਾ ਜਾਵੇ।ਉਹਨਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਦੇ ਜਿਹੜੇ ਇਲਾਕੇ ਸੰਭਾਵਿਤ ਹੜ੍ਹਾਂ ਦੀ ਮਾਰ ਹੇਠ ਆਉਂਦੇ ਹਨ ਉੱਥੇ ਇਸ ਵਾਰ ਅਗੇਤੇ ਪ੍ਰਬੰਧ ਕੀਤੇ ਗਏ ਹਨ।

ਜਿਲ੍ਹਾ ਪ੍ਰਸਾਸਨਿਕ ਅਧਿਕਾਰੀਆਂ ਵੱਲੋਂ ਕਿਸੇ ਵੀ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਦੇ ਲਈ ਅਗੇਤੇ ਪ੍ਰਬੰਧ ਕੀਤੇ ਗਏ ਹਨ ਅਧਿਕਾਰੀਆਂ ਦੀਆਂ ਡਿਊਟੀਆਂ ਵੀ ਲਗਾ ਦਿੱਤੀਆਂ ਗਈਆਂ ਹਨ। ਉਨ੍ਹਾਂ ਲੋਕਾਂ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਦੇ ਆਦੇਸ਼ਾਂ ਅਨੁਸਾਰ ਪੂਰੇ ਪੰਜਾਬ ਅੰਦਰ ਸੰਭਾਵਿਤ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਅੰਦਰ ਵਿਸ਼ੇਸ਼ ਦੌਰੇ ਕਰਕੇ ਚੱਲ ਰਹੇ ਵਿਕਾਸ ਕਾਰਜਾਂ ਵਿੱਚ ਅਤੇ ਬਚਾਓ ਕਾਰਜਾਂ ਵਿੱਚ ਤੇਜ਼ੀ ਲਿਆਉਣ ਲਈ ਕਿਹਾ ਗਿਆ ਹੈ ਤਾਂ ਜੋ ਜਨਤਾ ਨੂੰ ਕਿਸੇ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਏ।

# 4 ਲੇਬਰ ਕੌਡਜ ਤੇ 3 ਫ਼ੌਜਦਾਰੀ ਕਾਨੂੰਨਾਂ ਦੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਗਈਆਂ



**ਮਾਛੀਵਾੜਾ ਸਾਹਿਬ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸੀ.ਡੀ.ਪੀ.ਓ. ਦਫਤਰ ਵਿੱਚ ਆਂਗਨਵਾੜੀ ਯੂਨੀਅਨ ਬਲਾਕ ਮਾਛੀਵਾੜਾ ਦੀ ਪ੍ਰਧਾਨ ਚਰਨਜੀਤ ਕੌਰ ਪੂੰਨੀਆਂ ਦੀ ਅਗਵਾਈ ਹੇਠ ਇਕ ਭਰਵੀਂ ਮੀਟਿੰਗ ਕੀਤੀ ਗਈ,ਜਿਸ ਵਿੱਚ ਵੱਡੀ ਗਿਣਤੀ ਵਿੱਚ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਸ਼ਾਮਿਲ ਹੋਈਆਂ।

ਇਸ ਮੀਟਿੰਗ ਵਿੱਚ ਯੂਨੀਅਨ ਵੱਲੋਂ 13 ਜੁਲਾਈ ਨੂੰ ਮੰਗ ਦਿਵਸ ਮਨਾਉਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਪ੍ਰਧਾਨ ਚਰਨਜੀਤ ਕੌਰ ਪੂੰਨੀਆਂ ਵੱਲੋਂ ਸਾਰੀਆਂ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਲੁਧਿਆਣਾ ਵਿਖੇ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ। ਇਸ ਤੋਂ ਇਲਾਵਾ ਪ੍ਰਧਾਨ ਚਰਨਜੀਤ ਕੌਰ ਪੂੰਨੀਆਂ ਨੇ ਕਿਹਾ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਸੰਨ 2014 ਤੋਂ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਦੀ ਕੰਮਕਾਜ ਦੀ ਸਥਿਤੀ ਨੂੰ ਸੁਧਾਰਨ ਲਈ ਵਾਅਦਾ ਕੀਤਾ ਗਿਆ ਸੀ। ਪਰ ਅਜੇ ਤੱਕ ਉਹਨਾਂ ਵੱਲੋਂ ਇਸ ਵੱਲ ਕੋਈ ਜਿਆਦਾ ਧਿਆਨ ਨਹੀਂ ਦਿੱਤਾ ਗਿਆ। ਉਹਨਾਂ ਕਿਹਾ ਕਿ ਆਂਗਣਵਾੜੀ ਵਰਕਰਾਂ ਵੱਲੋਂ ਹੁਣ ਤੱਕ ਅਣਗਿਣਤ ਸੰਘਰਸ਼ ਕੀਤੇ ਗਏ ਤੇ ਰੈਲੀਆਂ ਕੀਤੀਆਂ ਗਈਆਂ ਪਰ ਕੇਂਦਰ ਸਰਕਾਰ ਦੇ ਕੰਨ ਤੇ ਜੂੰ ਨਹੀਂ ਸਰਕੀ ਤੇ ਹੁਣ ਵੀ ਜੇ ਕੇਂਦਰ ਸਰਕਾਰ ਨੇ ਉਹਨਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਉਹ ਇਸ ਸੰਘਰਸ਼ ਨੂੰ ਵੱਡੇ ਪੱਧਰ ਤੇ ਲੈ ਕੇ ਜਾਣਗੀਆਂ।

ਇਸ ਤੋਂ ਇਲਾਵਾ ਅੱਜ ਉਹਨਾਂ ਮਜ਼ਦੂਰ ਵਿਰੋਧੀ 4 ਲੇਬਰ ਕੋਡਜ਼ ਤੇ ਤਿੰਨ ਫ਼ੌਜਦਾਰੀ ਕਾਨੂੰਨਾਂ ਨੂੰ ਲਾਗੂ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਅਤੇ 4 ਲੇਬਰ ਕੋਡਜ ਤਿੰਨ ਫ਼ੌਜਦਾਰੀ ਕਾਨੂੰਨਾਂ ਜਲਦੀ ਤੋਂ ਜਲਦੀ ਵਾਪਸ ਲਿਆ ਜਾਣਾ ਚਾਹੀਦਾ ਹੈ। ਸਮੂਹ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੇ ਇਹਨਾਂ ਕਾਨੂੰਨਾਂ ਦੀਆਂ ਕਾਪੀਆਂ ਸਾੜ ਕੇ ਕੇਂਦਰ ਸਰਕਾਰ ਖਿਲਾਫ ਨਾਅਰੇਬਾਜ਼ੀ ਵੀ ਕੀਤੀ।

ਇਸ ਮੌਕੇ ਪ੍ਰਧਾਨ ਚਰਨਜੀਤ ਕੌਰ ਪੂਨੀਆਂ ਤੋਂ ਇਲਾਵਾ ਪ੍ਰੈਸ ਸਕੱਤਰ ਕੁਲਵਿੰਦਰ ਕੌਰ ਭੰਗੂ, ਪਰਮਿੰਦਰ ਕੌਰ, ਸੁਖਜਿੰਦਰ ਕੌਰ, ਸ਼ਿੰਦਰਪਾਲ ਕੌਰ, ਮੀਨਾ ਰਾਣੀ, ਹਰਜਿੰਦਰ ਕੌਰ, ਕੁਲਵਿੰਦਰ ਕੌਰ, ਬਲਵੀਰ ਕੌਰ, ਮਨਦੀਪ ਕੌਰ, ਸਰਬਜੀਤ ਕੌਰ, ਰਜਿੰਦਰਪਾਲ ਕੌਰ, ਅਮਨਦੀਪ ਕੌਰ ਤੋਂ ਇਲਾਵਾ ਹੋਰ ਵਰਕਰਾਂ ਤੇ ਹੈਲਪਰਾਂ ਮੌਜੂਦ ਸਨ।

# ਰਣਧੀਰ ਸਿੰਘ ਧੀਰਾ ਨੇ ਆਸਟ੍ਰੇਲੀਆ ਦੀ ਸਵਰਗ ਰੂਪੀ ਧਰਤੀ ਤੇ ਕਈ ਏਕੜ ਵਿੱਚ ਫੈਲਿਆ ਆਪਣਾ ਬਾਗਬਾਨੀ ਦਾ ਫਾਰਮ ਸਥਾਪਤ ਕੀਤਾ

**ਨਿਊ ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀਆਂ ਨੇ ਆਪਣੀ ਮਿਹਨਤ ਦੇ ਬਲਬੂਤੇ ਵਿਦੇਸ਼ੀ ਧਰਤੀ ਤੇ ਵੀ ਨਿਵੇਕਲੀਆਂ ਪੈੜਾਂ ਪਾਈਆਂ ਹਨ। ਪੰਜਾਬੀ ਜਿਥੇ ਜਿਥੇ ਵੀ ਗਏ, ਉਥੇ ਧਾਰਮਿਕ, ਸਮਾਜਿਕ ਤੇ ਰਾਜਨੀਤਕ ਖੇਤਰ ਵਿੱਚ ਆਪਣੀ ਪਹਿਚਾਣ ਤੇ ਕਾਰੋਬਾਰ ਦੇ ਝੰਡੇ ਗੱਡ ਕੇ ਆਪਣੀ ਕੌਮ, ਪਰਿਵਾਰ ਤੇ ਦੇਸ਼ ਪੰਜਾਬ ਦਾ ਨਾਂਅ ਚਮਕਾਇਆ ਹੈ। ਅਜਿਹੀ ਹੀ ਇੱਕ ਮਾਣਮੱਤੀ ਸ਼ਖ਼ਸੀਅਤ ਦੇ ਮਾਲਕ ਯੂਥ ਆਗੂ ਰਣਧੀਰ ਸਿੰਘ ਧੀਰਾ (ਖਰੜ) ਨਿਊ ਚੰਡੀਗੜ੍ਹ ਹਨ, ਜਿਨਾ ਨੇ ਹਲਕਾ ਖਰੜ ਵਿੱਚ ਰੀਅਲ ਅਸਟੇਟ ਦੇ ਖੇਤਰ ਵਿੱਚ ਚੰਗਾ ਨਾਮਣਾ ਖੱਟਿਆ ਤੇ ਆਸਟ੍ਰੇਲੀਆ ਦੀ ਸਵਰਗ ਰੂਪੀ ਧਰਤੀ ਤੇ ਕਈ ਏਕੜ ਵਿੱਚ ਫੈਲਿਆ ਆਪਣਾ ਬਾਗਬਾਨੀ ਦਾ ਫਾਰਮ ਸਥਾਪਤ ਕੀਤਾ ਹੈ। ਇਸ ਫਾਰਮ ਦਾ ਉਦਘਾਟਨ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਖਰੜ ਤੋਂ ਇੰਚਾਰਜ ਰਣਜੀਤ ਸਿੰਘ ਰਾਣਾ ਗਿੱਲ ਵੱਲੋਂ ਕੀਤਾ ਗਿਆ। ਸ਼ੈਪਟਨ (ਆਸਟਰੇਲੀਆ ) ਵਿਖੇ ਧੀਰਾ ਐਪਲ ਫਾਰਮ ਦੇ ਉਦਘਾਟਨ ਮੌਕੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਰਾਣਾ ਗਿੱਲ ਨੇ ਕਿਹਾ ਕਿ ਇਹ ਮੇਰੇ ਲਈ ਖੁਸ਼ੀ ਤੇ ਮਾਣ ਵਾਲੀ ਗੱਲ ਹੈ।

ਉਨ੍ਹਾਂ ਪਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਕੀਤੀ ਕਿ ਨੌਜਵਾਨ ਆਗੂ ਰਣਧੀਰ ਸਿੰਘ ਧੀਰਾ ਤੇ ਸਮੂਹ ਪਰਿਵਾਰ ਨੂੰ ਕਾਰੋਬਾਰ ਵਿੱਚ ਹੋਰ ਤਰੱਕੀਆਂ ਬਖਸ਼ੇ। ਯੂਥ ਆਗੂ ਧੀਰਾ ਨੇ ਇਸ ਖੁਸ਼ੀ ਭਰੇ ਮੌਕੇ ਆਖਿਆ ਕਿ ਵਿਦੇਸ਼ ਵਿੱਚ ਫਾਰਮ ਹਾਊਸ ਬਣਾਉਣ ਦਾ ਸੁਪਨਾ ਪਰਮਾਤਮਾ ਦੀ ਮਿਹਰ ਸਦਕਾ ਪੂਰਾ ਹੋਇਆ ਹੈ.

ਉਨ੍ਹਾਂ ਪੰਜਾਬ ਦੇ ਸਮੁੱਚੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੇ ਹੋਰ ਮਾੜੀਆਂ ਅਲਾਮਤਾਂ ਤੋਂ ਦੂਰ ਰਹਿਕੇ ਦਿਨ ਰਾਤ ਮਿਹਨਤ ਕਰਕੇ ਆਪਣਾ ਪਰਿਵਾਰ ਤੇ ਪੰਜਾਬ ਦਾ ਨਾਂਅ ਰੌਸ਼ਨ ਕਰਨ ਦੀ ਅਪੀਲ ਕੀਤੀ ਹੈ। ਫਾਰਮ ਦੇ ਉਦਘਾਟਨੀ ਮੌਕੇ ਉਹਨਾਂ ਦੇ ਨਾਲ ਗੁਰਮੀਤ ਸਿੰਘ ਪ੍ਰਧਾਨ ਸ਼ੈਪਟਨ ਗੁਰਦੁਆਰਾ ਕਮੇਟੀ, ਰਣਧੀਰ ਸਿੰਘ ਧੀਰਾ, ਭੁਪਿੰਦਰ ਸਿੰਘ ਕਾਲਾ ਅਤੇ ਅਕਾਲੀ ਆਗੂ ਰਾਣਾ ਗਿੱਲ ਤੇ ਧੀਰਾ ਦਾ ਸਮੂਹ ਪਰਿਵਾਰ ਹਾਜ਼ਰ ਸੀ।

# ਸਮਾਜ ਸੇਵੀ ਲਖਵਿੰਦਰ ਸਿੰਘ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ

**ਨਿਊ ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜ ਸੇਵੀ ਅਤੇ ਗਊ ਭਗਤ ਲਖਵਿੰਦਰ ਸਿੰਘ ਨੂੰ ਰਾਧਾ-ਕ੍ਰਿਸ਼ਨ ਗਊਸ਼ਾਲਾ ਨਾਡਾ ਛੋਟੀ ਸਿੰਘਾਦੇਵੀ ਨਵਾਂਗਾਓਂ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰਾਂ ਵੱਲੋਂ ਪ੍ਰਧਾਨ ਨਿਯੁਕਤ ਕੀਤਾ ਗਿਆ। ਰਾਧਾ-ਕ੍ਰਿਸ਼ਨ ਗਊਸ਼ਾਲਾ ਦੇ ਪਹਿਲੇ ਮੁਖੀ ਤਰਸੇਮ ਲਾਲ ਸ਼ਰਮਾ ਸਨ। ਉਨ੍ਹਾਂ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਤਰਸੇਮ ਲਾਲ ਸ਼ਰਮਾ ਨੇ ਗਊਸ਼ਾਲਾ ਦੇ ਜਨਰਲ ਸਕੱਤਰ ਜੇ.ਕੇ ਬੱਤਾ ਨੂੰ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਸੌਂਪਿਆ ਸੀ। ਜਨਰਲ ਸਕੱਤਰ ਜੇ.ਕੇ ਬੱਤਾ ਅਤੇ ਰਾਧਾ-ਕ੍ਰਿਸ਼ਨ ਗਊਸ਼ਾਲਾ ਸੁਸਾਇਟੀ ਦੇ ਸਮੂਹ ਮੈਂਬਰਾਂ ਦੀ 8 ਜੁਲਾਈ 2024 ਨੂੰ ਮੀਟਿੰਗ ਹੋਈ ਜਿਸ ਵਿਚ ਸਾਰੇ ਮੈਂਬਰਾਂ ਨੇ ਤਰਸੇਮ ਲਾਲ ਦਾ ਅਸਤੀਫਾ ਪ੍ਰਵਾਨ ਕਰ ਲਿਆ ਅਤੇ ਸਭ ਦੀ ਸਹਿਮਤੀ ਨਾਲ ਲਖਵਿੰਦਰ ਸਿੰਘ ਨੂੰ ਸਭਾ ਦਾ ਨਵਾਂ ਪ੍ਰਧਾਨ ਬਣਾਇਆ ਗਿਆ ।ਗਊਸ਼ਾਲਾ ਪ੍ਰਬੰਧਕ ਕਮੇਟੀ ਵੱਲੋਂ ਗਊਆਂ ਦੀ ਸੇਵਾ ਕਰਨ ਲਈ ਲਖਵਿੰਦਰ ਸਿੰਘ ਨੂੰ ਚੁਣਿਆ ਗਿਆ। ਸਮਾਜ ਸੇਵੀ ਅਤੇ ਗਊ ਭਗਤ ਲਖਵਿੰਦਰ ਸਿੰਘ ਨੇ ਵੀ ਗਊਸ਼ਾਲਾ ਲਈ ਦੋ ਏਕੜ ਜ਼ਮੀਨ ਦਾਨ ਕੀਤੀ ਹੈ। ਨਵ-ਨਿਯੁਕਤ ਪ੍ਰਧਾਨ ਲਖਵਿੰਦਰ ਸਿੰਘ ਨੇ ਗਊਸ਼ਾਲਾ ਸੁਸਾਇਟੀ ਦੇ ਸਮੂਹ ਮੈਂਬਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਗਊਸ਼ਾਲਾ ਨੂੰ ਤਨ-ਮਨ-ਧਨ ਨਾਲ ਚਲਾਇਆ ਜਾਵੇਗਾ ਅਤੇ ਇਸ ਵਿੱਚ ਹੋਰ ਵੀ ਗਊਆਂ ਨੂੰ ਲਿਆਂਦਾ ਜਾਵੇਗਾ ਅਤੇ ਉਨ੍ਹਾਂ ਦੀ ਸੇਵਾ ਵੀ ਕੀਤੀ ਜਾਵੇਗੀ।

ਸਮੂਹ ਮੈਂਬਰਾਂ ਨੇ ਲਖਵਿੰਦਰ ਸਿੰਘ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਦੇਸ ਰਾਜ ਬਾਂਸਲ, ਮਹਾਵੀਰ ਗੋਇਲ, ਨੀਰਜ ਸ਼ਰਮਾ, ਜਤਿੰਦਰਾ ਵਰਮਾ, ਠਾਠੋਂ ਰਾਮ ਨਾਡਾ, ਅਰੁਣ ਬੱਧਨ ਸਮੇਤ 50 ਦੇ ਕਰੀਬ ਲੋਕ ਹਾਜ਼ਰ ਸਨ।

# ਸਰਕਾਰ ਜਾਅਲੀ ਐਸ.ਸੀ. ਸਰਟੀਫਿਕੇਟ ਬਣਾਉਣ ਵਾਲਿਆਂ ਤੇ ਤੁਰੰਤ ਕਾਰਵਾਈ ਕਰੇ- ਬਾਲਮੀਕੀ ਟਾਇਗਰ ਫੋਰਸ




**ਜਲੰਧਰ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੱਤਰਕਾਰ ਸੰਮੇਲਨ ਦੌਰਾਨ ਪੱਤਰਕਾਰਾਂ ਨਾਲ ਗੱਲ ਕਰਦਿਆਂ ਅਜੇ ਖੋਸਲਾ ਪ੍ਰਧਾਨ, ਬਾਲਮੀਕੀ ਟਾਇਗਰ ਫੋਰਸ, ਜਲੰਧਰ ਨੇ ਕਿਹਾ ਕਿ ਸਮਾਜ ਤੇ ਆਪਣੇ ਸ਼ਹਿਰ ਵਾਸੀਆਂ ਨੂੰ ਇੱਕ ਸ਼ਰਾਰਤੀ ਤੇ ਜਾਅਲਸਾਜ ਸ਼ਖਸ ਬਾਰੇ ਦੱਸਣਾ ਚਾਹੁੰਦਾ ਹਾਂ। ਬੀਤੇ ਦਿਨੀਂ ਮੇਰੀ ਨਜ਼ਰ ਵਿੱਚ ਇੱਕ ਮਾਮਲਾ ਸਾਹਮਣੇ ਆਇਆ ਕਿ ਇੱਕ ਧੀਰਜ ਕੁਮਾਰ ਨਾਮਕ ਲੜਕਾ ਐਸ.ਸੀ. ਜਾਤੀ ਦਾ ਸਰਟੀਫਿਕੇਟ ਬਣਾ ਕੇ ਲੋਕਾਂ ਨੂੰ ਤੰਗ-ਪ੍ਰੇਸ਼ਾਨ ਕਰ ਰਿਹਾ ਹੈ ਅਤੇ ਸਾਡੀ ਬਾਲਮੀਕ ਬਰਾਦਰੀ ਨੂੰ ਬਦਨਾਮ ਕਰ ਰਿਹਾ ਹੈ। ਉਕਤ ਧੀਰਜ ਅਮਰ ਗਾਰਡਨ, ਜਲੰਧਰ ਦਾ ਰਹਿਣ ਵਾਲਾ ਹੈ । ਧੀਰਜ ਕੁਮਾਰ ਵਾਸੀ ਜਲੰਧਰ ਨੇ ਇੱਕ ਦਰਖਾਸਤ ਪੁਲਿਸ ਨੂੰ ਦਿੱਤੀ ਕਿ ਮੈਂ ਆਪਣੇ ਘਰ ਦੀ ਛੱਤ ਤੇ ਇੱਕ ਮੋਬਾਇਲ ਨੈੱਟਵਰਕ ਟਾਵਰ ਲਗਵਾ ਰਿਹਾ ਹੈ ਅਤੇ ਮੇਰੇ ਆਸ-ਪਾਸ ਦੇ ਲੋਕ ਅਤੇ ਇਲਾਕਾ ਨਿਵਾਸੀ ਇਸ ਦਾ ਵਿਰੋਧ ਕਰ ਰਹੇ ਹਨ ਅਤੇ ਵਿਰੋਧ ਕਰਨ ਵਾਲੇ ਕੁੱਝ ਇਲਾਕਾ ਵਾਸੀਆਂ ਨੇ ਮੈਨੂੰ ਜਾਤੀਸੂਚਕ ਸ਼ਬਦ ਵੀ ਕਹੇ ਹਨ । ਇਸ ਤੋਂ ਬਾਅਦ ਇਲਾਕਾ ਨਿਵਾਸੀਆਂ ਨੇ ਧੀਰਜ ਕੁਮਾਰ ਬਾਰੇ ਪੜਤਾਲ ਸ਼ੁਰੂ ਕੀਤੀ।

ਇਸ ਦੌਰਾਨ ਕੁੱਝ ਇਲਾਕਾ ਨਿਵਾਸੀ ਧੀਰਜ ਕੁਮਾਰ ਦੇ ਪਰਿਵਾਰਕ ਪਿਛੋਕੜ ਸਬੰਧੀ ਜਾਣਦੇ ਸੀ ਅਤੇ ਉਹਨਾਂ ਨੇ ਇਸਦੇ ਪਰਿਵਾਰ ਨਾਲ ਸੰਪਰਕ ਕੀਤਾ ਤੇ ਪਤਾ ਲੱਗਿਆ ਕਿ ਧੀਰਜ ਕਸ਼ਯਪ ਰਾਜਪੂਤ ਪਰਿਵਾਰ ਦਾ ਲੜਕਾ ਹੈ। ਇਸੇ ਦੌਰਾਨ ਆਪਣੇ ਇਲਾਕਾ ਨਿਵਾਸੀਆਂ ਨੂੰ ਪ੍ਰੇਸ਼ਾਨ ਦੇਖਦੇ ਹੋਏ ਅਮਰ ਗਾਰਡਨ ਵੈਲਫੇਅਰ ਸੁਸਾਇਟੀ ਦੇ ਅਹੁਦੇਦਾਰਾਂ ਨੇ ਇੱਕ ਦਰਖਾਸਤ ਪੁਲਿਸ ਨੂੰ ਦਿੱਤੀ । ਜਿਸ ਵਿੱਚ ਏਸੀਪੀ ਨਾਰਥ ਨੇ ਬੜੀ ਗਹਿਨ ਜਾਂਚ ਕੀਤੀ, ਜਿਸ ਵਿੱਚ ਪੁਲਿਸ ਨੂੰ ਪਤਾ ਲੱਗਾ ਕਿ ਧੀਰਜ ਕੁਮਾਰ ਨੇ ਐਸ.ਸੀ. ਜਾਤੀ ਦਾ ਸਰਟੀਫਿਕੇਟ ਗਲਤ ਤੱਥਾਂ ਦੇ ਅਧਾਰ ਤੇ ਸਾਬਕਾ ਐਮ.ਸੀ. ਰਿਸ਼ਮਾ ਖੋਸਲਾ ਪਤੀ ਮਾਇਕ ਖੋਸਲਾ ਤੇ ਭਤੀਜੇ ਦੇਵਨ ਖੋਸਲਾ ਨਾਲ ਮਿਲੀਭੁਗਤ ਕਰਕੇ ਬਣਾਇਆ ਹੈ।

ਪੁਲਿਸ ਨੇ ਪੜਤਾਲ ਮੁਕੰਮਲ ਕਰਦੇ ਹੋਏ ਮਾਣਯੋਗ ਸੀ.ਪੀ. ਸਾਹਿਬ ਨੇ ਐਫ.ਆਈ.ਆਰ. ਕਰਨ ਦੇ ਹੁਕਮ ਜਾਰੀ ਕੀਤੇ, ਜਿਸਤੇ ਪੁਲਿਸ ਡਵੀਜ਼ਨ ਨੰਬਰ 8 ਵਿਖੇ ਅਮਰ ਗਾਰਡਨ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਗੁਰਜੀਤ ਸਿੰਘ ਮਰਵਾਹਾ ਦੇ ਬਿਆਨਾਂ ਦੇ ਅਧਾਰ ਤੇ ਐਫਆਈਆਰ ਨੰਬਰ 122/24 ਮਿਤੀ 12-06-2024 ਜੇਰੇ ਧਾਰਾ 177-420-465-468-471-120 ਬੀ ਦਰਜ ਕਰ ਦਿੱਤੀ। ਉਹਨਾਂ ਕਿਹਾ ਕਿ ਸਾਡੀ ਮੰਗ ਹੈ ਕਿ ਜੋ ਲੋਕ ਸਾਡੀਆਂ ਜਾਤਾਂ ਤੋਂ ਬਿਨਾਂ ਕੋਈ ਵੀ ਜਾਅਲੀ ਸਰਟੀਫਿਕੇਟ ਬਣਾ ਕੇ ਇਸਤੇਮਾਲ ਕਰਦਾ ਹੈ ਤਾਂ ਸਰਕਾਰ ਉਸ ਨੂੰ ਗੰਭੀਰਤਾ ਨਾਲ ਲੈ ਤੁਰੰਤ ਕਾਰਵਾਈ ਕਰੇ ।

# ਨਜਾਇਜ਼ ਕਬਜ਼ਾ ਧਾਰੀਆਂ ਤੇ ਨਗਰ ਕੌਂਸਲ ਦੀ ਨਿਗ੍ਹਾ ਹਮੇਸ਼ਾ ਰਹੇਗੀ :- ਇੰਸ. ਬਿੱਟੂ

**ਮਾਛੀਵਾੜਾ ਸਾਹਿਬ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਦੇ ਮੁੱਖ ਬਾਜ਼ਾਰ ਅਤੇ ਸ਼ਹਿਰ ਦੇ ਚਾਰੇ ਪਾਸੇ ਘੁੰਮਦੀਆਂ ਸੜਕਾਂ ਉੱਤੇ ਦੁਕਾਨਦਾਰਾਂ ਵੱਲੋਂ ਕੀਤੇ ਗਏ ਨਜਾਇਜ਼ ਕਬਜਿਆਂ ਨੂੰ ਹਟਾਉਣ ਲਈ ਅੱਜ ਨਗਰ ਕੌਂਸਲ ਵੱਲੋਂ ਸਖ਼ਤ ਰੁੱਖ ਅਪਣਾਇਆ ਗਿਆ। ਨਗਰ ਕੌਂਸਲ ਦੇ ਅਧਿਕਾਰੀ ਆਪਣੇ ਅਮਲੇ ਫੈਲੇ ਨਾਲ ਬਾਜ਼ਾਰ ਵਿੱਚ ਜਿਉਂ ਹੀ ਨਜਾਇਜ਼ ਕਬਜ਼ਾ ਧਾਰੀਆਂ ਦਾ ਸਮਾਨ ਜ਼ਬਤ ਕਰਨ ਪੁੱਜੇ ਬਹੁਤਿਆਂ ਦੁਕਾਨਦਾਰਾਂ ਨੇ ਫਟਾਫਟ ਸਮਾਨ ਚੁੱਕ ਆਪਣੀਆਂ ਦੁਕਾਨਾਂ ਅੰਦਰ ਧਰਨਾ ਸ਼ੁਰੂ ਕਰ ਦਿੱਤਾ। ਮਾਛੀਵਾੜਾ ਦੇ ਮੁੱਖ ਬਾਜ਼ਾਰ ਵਿੱਚੋਂ ਗੱਡੀਆਂ ਤਾਂ ਕੀ ਮੋਟਰਸਾਈਕਲਾਂ ਦਾ ਲੰਘਣਾ ਵੀ ਉਸ ਵੇਲੇ ਔਖਾ ਹੋ ਜਾਂਦਾ



ਹੈ ਜਦੋਂ ਬਾਜ਼ਾਰ ਦੇ ਵਿੱਚ ਦੋਨੋਂ ਪਾਸੇ ਦੁਕਾਨਦਾਰ ਇੱਕ ਦੂਜੇ ਨੂੰ ਦੇਖੋ ਦੇਖੀ ਸੜਕ ਦੇ ਅੱਧ ਤੱਕ ਆਪਣਾ ਸਮਾਨ ਸਜਾ ਲੈਂਦੇ ਹਨ। ਅੱਜ ਜਿਉਂ ਹੀ ਨਗਰ ਕੌਂਸਲ ਦੇ ਸਮੁੱਚੀ ਟੀਮ ਆਪਣੀ ਕਾਰਵਾਈ ਕਰਨ ਲਈ ਬਾਜ਼ਾਰ ਵਿੱਚ ਪੁੱਜੀ ਤਾਂ ਦੁਕਾਨਦਾਰਾਂ ਵਿੱਚ ਹਫ਼ੜਾ ਦਫ਼ੜੀ ਫੈਲ ਗਈ। ਨਗਰ ਕੌਂਸਲ ਅਧਿਕਾਰੀ ਸੁਖਦੇਵ ਸਿੰਘ ਬਿੱਟੂ ਨੇ ਗੱਲਬਾਤ ਦੌਰਾਨ ਕਿਹਾ ਕਿ ਪ੍ਰਸ਼ਾਸਨ ਵੱਲੋਂ ਬਾਰ-ਬਾਰ ਦੁਕਾਨਦਾਰਾਂ ਨੂੰ ਸੜਕਾਂ ਤੇ ਆਪਣਾ ਸਮਾਨ ਰੱਖਣ ਦੀ ਮਨਾਹੀ ਕਰਨ ਦੀਆਂ ਅਪੀਲਾਂ ਕੀਤੀਆਂ ਗਈਆਂ ਪਰ ਬਹੁਤੀ ਥਾਈਂ ਦੁਕਾਨਦਾਰਾਂ ਨੇ ਇਸ ਨੂੰ ਅਣਸੁਣਿਆ ਹੀ ਕਰ ਦਿੱਤਾ। ਇਸ ਲਈ ਅੱਜ ਨਗਰ ਕੌਂਸਲ ਅਧਿਕਾਰੀਆਂ ਨੂੰ ਖੁਦ ਨਾਲ ਹੋ ਕੇ ਨਜਾਇਜ ਕੀਤੇ ਗਏ ਕਬਜ਼ਿਆਂ ਨੂੰ ਹਟਾਉਣ ਲਈ ਸਖਤ ਕਾਰਵਾਈ ਕਰਨੀ ਪਈ। ਇੱਕਾ ਦੁੱਕਾ ਥਾਵਾਂ ਤੇ ਦੁਕਾਨਦਾਰਾਂ ਨੇ ਨਗਰ ਕੌਂਸਲ ਅਧਿਕਾਰੀਆਂ ਦੀ ਇਸ ਜਾਇਜ਼ ਕਾਰਵਾਈ ਦਾ ਨਜਾਇਜ਼ ਵਿਰੋਧ ਵੀ ਕੀਤਾ।

ਨਗਰ ਕੌਂਸਲ ਅਧਿਕਾਰੀਆਂ ਵੱਲੋਂ ਦੁਕਾਨਦਾਰਾਂ ਨੂੰ ਅਪੀਲ ਕੀਤੀ ਗਈ ਕਿ ਉਹ ਤਹਿ ਕੀਤੀਆਂ ਥਾਵਾਂ ਵਿੱਚ ਹੀ ਆਪਣਾ ਸਮਾਨ ਸਜਾਉਣ ਤਾਂ ਜੋ ਬਾਜ਼ਾਰ ਵਿੱਚ ਆਉਣ ਜਾਣ ਵਾਲੇ ਗਾਹਕਾਂ ਨੂੰ ਕੋਈ ਦਿੱਕਤ ਨਾ ਆਵੇ।

# ਪ੍ਰਧਾਨ ਲਖਵਿੰਦਰ ਸਿੰਘ ਨੇ ਕਾਰਜਕਾਰਨੀ ਦੀ ਮੀਟਿੰਗ ਵਿੱਚ ਮੈਂਬਰਾਂ ਨਾਲ ਨਵੀਂ ਰਣਨੀਤੀ ਬਣਾਈ

**ਨਿਊ ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਧਾ-ਕ੍ਰਿਸ਼ਨ ਗਊਸ਼ਾਲਾ ਨਾਡਾ ਛੋਟੀ ਸਿੰਘਾਦੇਵੀ ਨਵਾਂਗਾਓਂ ਵਿੱਚ ਨਵ-ਨਿਯੁਕਤ ਪ੍ਰਧਾਨ ਲਖਵਿੰਦਰ ਸਿੰਘ ਨੇ ਕਾਰਜਕਾਰਨੀ ਦੀ ਮੀਟਿੰਗ ਬੁਲਾਈ, ਜਿਸ ਵਿੱਚ ਮਹਾਵੀਰ ਗੋਇਲ, ਦੇਸ ਰਾਜ ਬਾਂਸਲ, ਨੀਰਜ ਸ਼ਰਮਾ, ਜਤਿੰਦਰ ਵਰਮਾ, ਠੱਠਾ ਰਾਮ, ਜੇ.ਕੇ.ਬੱਤਾ ਆਦਿ ਹਾਜ਼ਰ ਸਨ। ਲਖਵਿੰਦਰ ਸਿੰਘ ਨੇ ਫਿਰ ਜੇ.ਕੇ ਬੱਤਾ ਨੂੰ ਜਨਰਲ ਸਕੱਤਰ ਬਣਾਇਆ, ਫਿਰ ਮਤਾ ਪਾਸ ਕੀਤਾ ਕਿ ਰਾਧਾ-ਕ੍ਰਿਸ਼ਨ ਗਊਸ਼ਾਲਾ ਵਿੱਚ ਨਵੇਂ ਮੈਂਬਰ ਸ਼ਾਮਲ ਕੀਤੇ ਜਾਣਗੇ। ਅੱਜ ਅਰੁਣ ਬੱਧਨ ਨੂੰ ਸੁਸਾਇਟੀ ਦੇ ਨਵੇਂ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਲਾਹਕਾਰ ਬਣਾਇਆ ਗਿਆ। ਪ੍ਰਧਾਨ ਲਖਵਿੰਦਰ ਸਿੰਘ ਨੇ ਦੱਸਿਆ ਕਿ ਸ਼ਨਿੱਚਰਵਾਰ ਨੂੰ ਸਵੇਰੇ 12 ਵਜੇ ਹੋਣ ਵਾਲੀ ਮੀਟਿੰਗ ਵਿੱਚ ਬਾਕੀ ਮੈਂਬਰਾਂ ਅਤੇ ਵਾਧੂ ਅਸਾਮੀਆਂ ਦਾ ਐਲਾਨ ਕੀਤਾ ਜਾਵੇਗਾ। ਦੇਸਰਾਜ ਬਾਂਸਲ, ਮਹਾਵੀਰ ਗੋਇਲ, ਨੀਰਜ ਸ਼ਰਮਾ ਅਤੇ ਨੀਰਜ ਸ਼ਰਮਾ ਨੇ ਵੀ ਅੱਜ ਰਾਧਾ-ਕ੍ਰਿਸ਼ਨ ਗਊਸ਼ਾਲਾ ਦੇ ਖਾਤੇ ਵਿੱਚ ਪੈਸੇ ਨਾ ਹੋਣ ਕਾਰਨ 10 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਅਤੇ ਮੁਲਾਜ਼ਮਾਂ ਦੀਆਂ ਤਨਖਾਹਾਂ ਦਿੱਤੀਆਂ ਗਈਆਂ। ਬਾਕੀ ਅਗਲੀ ਰਣਨੀਤੀ ਸ਼ਨੀਵਾਰ ਨੂੰ ਦੁਪਹਿਰ 12 ਵਜੇ ਤੈਅ ਕੀਤੀ ਜਾਵੇਗੀ।

# ਮਸਕਟ ਵਿੱਚ ਵੇਚੀਆਂ ਮਾਵਾਂ-ਧੀਆਂ ਸੀਚੇਵਾਲ ਦੇ ਯਤਨਾਂ ਸਦਕਾ ਘਰ ਪਰਤੀਆਂ



**ਜਲੰਧਰ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਸਕਟ ਵਿੱਚ ਵੇਚੀਆਂ ਮਾਵਾਂ ਧੀਆਂ ਸੰਤ ਸੀਚੇਵਾਲ ਦੇ ਯਤਨਾਂ ਸਦਕਾ ਘਰ ਪਰਤ ਆਈਆਂ ਹਨ। ਜਲੰਧਰ ਜ਼ਿਲ੍ਹੇ ਦੀਆਂ ਰਹਿਣ ਵਾਲੀਆਂ ਇਨ੍ਹਾਂ ਮਾਵਾਂ-ਧੀਆਂ ਨੂੰ ਉਨ੍ਹਾਂ ਦੀ ਰਿਸ਼ਤੇਦਾਰ ਨੇ ਹੀ ਮਸਕਟ ਵਿੱਚ ਵੇਚ ਦਿੱਤਾ ਸੀ। ਜਦਕਿ ਦੋਵਾਂ ਨੂੰ ਦੁਬਈ ਵਿੱਚ ਤੀਹ-ਤੀਹ ਹਜ਼ਾਰ ਰੁਪਏ ਪ੍ਰਤੀ ਮਹੀਨੇ ਦੀ ਨੌਕਰੀ ਦਾ ਝਾਂਸਾ ਦਿੱਤਾ ਗਿਆ ਸੀ। ਦੋ ਮਹੀਨਿਆਂ ਮਗਰੋਂ ਮਸਕਟ ਤੋਂ ਪਰਤੀ ਧੀ ਨੇ ਦੱਸਿਆ ਕਿ ਘਰ ਦੀ ਗਰੀਬੀ ਕਾਰਨ ਉਸ ਨੇ ਤੇ ਉਸ ਦੀ ਮਾਂ ਨੇ ਦੁਬਈ ਜਾਣ ਦਾ ਫੈਸਲਾ ਕੀਤਾ ਸੀ। ਟਰੈਵਲ ਏਜੰਟ ਬਣੀ ਇੱਕ ਰਿਸ਼ਤੇਦਾਰ ਨੇ ਉਨ੍ਹਾਂ ਕੋਲੋਂ 1 ਲੱਖ 20 ਹਜ਼ਾਰ ਰੁਪਏ ਮੰਗੇ ਸਨ ਪਰ ਗੱਲ 80 ਹਜ਼ਾਰ ਵਿੱਚ ਮੁੱਕ ਗਈ।ਉੱਥੇ ਪਹੁੰਚਣ 'ਤੇ ਪਤਾ ਲੱਗਿਆ ਕਿ ਉਨ੍ਹਾਂ ਨੂੰ ਦੁਬਈ ਦੀ ਥਾਂ ਮਸਕਟ ਵਿੱਚ ਕੰਮ ਦਿੱਤਾ ਜਾਣਾ ਹੈ। ਜਦੋਂ ਉਨ੍ਹਾਂ ਇਸ ਦਾ ਵਿਰੋਧ ਕੀਤਾ ਤਾਂ ਟਰੈਵਲ ਏਜੰਟ ਉਨ੍ਹਾਂ ਨੂੰ ਦੁਬਈ ਲੈ ਗਏ ਜਿੱਥੇ 2 ਦਿਨ ਰੱਖਣ ਤੋਂ ਬਾਅਦ ਮੁੜ ਵਾਪਸ ਮਸਕਟ ਲਿਆਂਦਾ ਗਿਆ। ਉੱਥੇ ਸਾਰਾ ਦਿਨ ਕੰਮ ਕਰਵਾਉਣ ਮਗਰੋਂ ਇੱਕ ਦਫਤਰ ਵਿੱਚ ਸਖ਼ਤ ਨਿਗਰਾਨੀ ਹੇਠ ਰੱਖਿਆ ਜਾਂਦਾ ਸੀ। ਪੀੜਤ ਲੜਕੀ ਨੇ ਦੱਸਿਆ ਕਿ ਉਸ ਦੇ ਪਤੀ ਨੇ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਸੰਪਰਕ ਕੀਤਾ। ਪੀੜਤਾ ਦੇ ਪਤੀ ਨੇ ਕਿਹਾ ਕਿ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਇਸ ਸਬੰਧੀ ਵਿਦੇਸ਼ ਮੰਤਰਾਲੇ ਅਤੇ ਮਸਕਟ ਵਿਚਲੀ ਭਾਰਤੀ ਅੰਬੈਸੀ ਨਾਲ ਸੰਪਰਕ ਕੀਤਾ। ਕੁੱਝ ਦਿਨਾਂ ਬਾਅਦ ਹੀ ਪਹਿਲਾਂ ਉਸ ਦੀ ਸੱਸ ਤੇ ਮਗਰੋਂ ਉਸ ਦੀ ਪਤਨੀ ਦੀ ਭਾਰਤ ਵਾਪਸੀ ਸੰਭਵ ਹੋ ਸਕੀ।

ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਪਹੁੰਚੀ ਪੀੜਤਾ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਧੰਨਵਾਦ ਕੀਤਾ। ਉਸ ਦੀ ਮਾਂ ਦੀ ਤਬੀਅਤ ਖਰਾਬ ਹੋਣ ਕਾਰਨ ਉਹ ਇੱਥੇ ਆ ਨਾ ਸਕੀ। ਇਸ ਦੌਰਾਨ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਲੋਕਾਂ ਨੂੰ ਗ਼ੈਰਕਾਨੂੰਨੀ ਟਰੈਵਲ ਏਜੰਟਾਂ ਤੋਂ ਸਾਵਧਾਨ ਹੋਣ ?ਲਈ ਕਿਹਾ।

# ਜ਼ੀਰਕਪੁਰ ਵਿੱਚ ਗੰਭੀਰ ਹੋਈ ਟਰੈਫਿਕ ਸਮੱਸਿਆ



**ਜ਼ੀਰਕਪੁਰ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨ ਅੰਦੋਲਨ ਕਾਰਨ ਪਿਛੱਲੇ 5 ਮਹੀਨਿਆਂ ਤੋਂ ਬੰਦ ਪਏ ਸ਼ੰਭੂ ਬਾਰਡਰ ਕਾਰਨ ਜ਼ੀਰਕਪੁਰ ਵਿੱਚ ਚੰਡੀਗੜ੍ਹ-ਅੰਬਾਲਾ ਕੌਮੀ ਸ਼ਾਹਰਾਹ 'ਤੇ ਆਵਾਜਾਈ ਦੀ ਵੱਡੀ ਸਮੱਸਿਆ ਪੈਦਾ ਹੋ ਗਈ ਹੈ। ਪਿਛਲੇ ਪੰਜ ਮਹੀਨਿਆਂ ਤੋਂ ਪੰਜਾਬ ਤੋਂ ਦਿੱਲੀ ਅਤੇ ਦਿੱਲੀ ਤੋਂ ਪੰਜਾਬ ਸਮੇਤ ਜੰਮੂ-ਕਸ਼ਮੀਰ ਜਾਣ ਵਾਲੀ ਆਵਾਜਾਈ ਦਾ ਸਾਰਾ ਬੋਝ ਇਸ ਕੌਮੀ ਸ਼ਾਹਰਾਹ @ਤੇ ਪੈ ਗਿਆ ਹੈ, ਜਿਸ ਕਾਰਨ ਜ਼ੀਰਕਪੁਰ ਸ਼ਹਿਰ ਵਿੱਚ ਥਾਂ-ਥਾਂ ਤੇ ਯਾਤਰੀਆਂ ਨੂੰ ਭਾਰੀ ਦਿੱਕਤ ਅਤੇ ਅਸੁਵਿਧਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਮੱਸਿਆ ਦੇ ਚੱਲਦਿਆਂ ਐਡਵੋਕੇਟ ਵਾਸੂ ਰੰਜਨ ਸ਼ਾਂਡਿਲਿਆ ਨੇ ਸ਼ੰਭੂ ਸਰਹੱਦ ਨੂੰ ਮੁੜ ਖੋਲ੍ਹਣ ਲਈ ਪੰਜਾਬ-ਹਰਿਆਣਾ ਹਾਈ ਕੋਰਟ ਵਿੱਚ ਜਨਹਿੱਤ ਪਟੀਸ਼ਨ (ਪੀਆਈਐਲ) ਦਾਇਰ ਕੀਤੀ ਹੈ। ਸ਼ੰਭੂ ਬਾਰਡਰ ਦੇ ਬੰਦ ਹੋਣ ਨਾਲ ਨਾ ਸਿਰਫ਼ ਹਜ਼ਾਰਾਂ ਲੋਕਾਂ ਦੇ ਰੋਜ਼ਾਨਾ ਆਉਣ-ਜਾਣ @ਤੇ ਅਸਰ ਪਿਆ ਹੈ, ਸਗੋਂ ਇਸ ਨਾਲ ਖੇਤਰ @ਤੇ ਕਾਫੀ ਆਰਥਿਕ ਪ੍ਰਭਾਵ ਵੀ ਪਿਆ ਹੈ। ਸ਼ੰਭੂ ਬਾਰਡਰ ਰਾਹੀਂ ਅੰਬਾਲਾ-ਅਮ੍ਰਿਤਸਰ ਕੌਮੀ ਸ਼ਾਹਰਾਹ ਪੰਜਾਬ ਸਮੇਤ ਜੰਮੂ-ਕਸ਼ਮੀਰ ਲਈ ਮਾਲ ਅਤੇ ਸੇਵਾਵਾਂ ਦੀ ਢੋਆ-ਢੁਆਈ ਲਈ ਇੱਕ ਪ੍ਰਮੁੱਖ ਰੂਟ ਹੈ, ਜਿਸ ਕਾਰਨ ਅੰਬਾਲਾ-ਚੰਡੀਗੜ੍ਹ ਕੌਮੀ ਸ਼ਾਹਰਾਹ ਤੇ ਵਧੇ ਹੋਏ ਟ੍ਰੈਫਿਕ ਕਾਰਨ ਕਾਰੋਬਾਰਾਂ ਲਈ ਦੇਰੀ ਅਤੇ ਲਾਗਤਾਂ ਵਧੀਆਂ ਹਨ। ਸ਼ੰਭੂ ਸਰਹੱਦ ਦੇ ਬੰਦ ਹੋਣ ਨਾਲ ਜ਼ੀਰਕਪੁਰ ਦੇ ਸਰੋਤਾਂ ਅਤੇ ਬੁਨਿਆਦੀ ਢਾਂਚੇ @ਤੇ ਵੀ ਦਬਾਅ ਪਿਆ ਹੈ, ਜਿਸ ਨਾਲ ਇਲਾਕੇ ਅੰਦਰ ਟਰੈਫਿਕ ਦੀ ਇਕ ਵੱਡੀ ਅਤੇ ਗੰਭੀਰ ਸਮੱਸਿਆ ਖੜੀ ਹੋ ਗਈ ਹੈ।

ਆਪਣੀ ਜਨਹਿੱਤ ਪਟੀਸ਼ਨ ਵਿੱਚ, ਵਕੀਲ ਵਾਸੂ ਰੰਜਨ ਸ਼ਾਂਡਿਲਿਆ ਨੇ ਸ਼ੰਭੂ ਸਰਹੱਦ ਬੰਦ ਹੋਣ ਦੇ ਮਾੜੇ ਪ੍ਰਭਾਵਾਂ ਨੂੰ ਉਜਾਗਰ ਕੀਤਾ ਹੈ ਅਤੇ ਹਾਈ ਕੋਰਟ ਨੂੰ ਸਰਹੱਦ ਨੂੰ ਮੁੜ ਖੋਲ੍ਹਣ ਲਈ ਜ਼ਰੂਰੀ ਕਦਮ ਚੁੱਕਣ ਦੀ ਅਪੀਲ ਕੀਤੀ ਹੈ।

ਵਾਸੂ ਰੰਜਨ ਸ਼ਾਂਡਿਲਯ ਨੇ ਦਾਇਰ ਪਟੀਸ਼ਨ ਵਿੱਚ ਪੰਜਾਬ ਅਤੇ ਹਰਿਆਣਾ ਸਰਕਾਰ ਸਮੇਤ ਕਿਸਾਨ ਨੇਤਾ ਸਵਰਣ ਸਿੰਘ ਪੰਧੇਰ ਅਤੇ ਜਗਜੀਤ ਸਿੰਘ ਡੱਲੇਵਾਲ ਨੂੰ ਵੀ ਪਾਰਟੀ ਬਣਾਇਆ ਹੈ। ਉਸਨੇ ਅਦਾਲਤ ਨੂੰ ਇਹ ਵੀ ਬੇਨਤੀ ਕੀਤੀ ਹੈ ਕਿ ਉਹ ਸਬੰਧਤ ਅਧਿਕਾਰੀਆਂ ਨੂੰ ਚੱਲ ਰਹੇ ਕਿਸਾਨ ਅੰਦੋਲਨ ਦਾ ਹੱਲ ਲੱਭਣ ਅਤੇ ਅੰਬਾਲਾ-ਅਮ੍ਰਿਤਸਰ ਰਾਸ਼ਟਰੀ ਰਾਜ ਮਾਰਗ @ਤੇ ਆਵਾਜਾਈ ਦੇ ਸੁਚਾਰੂ ਪ੍ਰਵਾਹ ਨੂੰ ਯਕੀਨੀ ਬਣਾਉਣ ਲਈ ਨਿਰਦੇਸ਼ ਦੇਣ। ਹਾਈ ਕੋਰਟ ਨੇ ਜਨਹਿਤ ਪਟੀਸ਼ਨ ਨੂੰ ਸਵੀਕਾਰ ਕਰ ਲਿਆ ਹੈ। ਪਟੀਸ਼ਨ ਵਿੱਚ ਹਾਈਕੋਰਟ ਨੂੰ ਦੱਸਿਆ ਗਿਆ ਕਿ ਸ਼ੰਭੂ ਬਾਰਡਰ ਬੰਦ ਹੋਣ ਕਾਰਨ ਸਰਕਾਰੀ ਬੱਸਾਂ ਦੇ ਰੂਟ ਮੋੜ ਦਿੱਤੇ ਗਏ ਹਨ। ਜਿਸ ਕਾਰਨ ਤੇਲ ਦੀਆਂ ਕੀਮਤਾਂ ਵਧ ਰਹੀਆਂ ਹਨ ਅਤੇ ਅੰਬਾਲਾ ਅਤੇ ਸ਼ੰਭੂ ਦੇ ਆਸ-ਪਾਸ ਦੇ ਮਰੀਜ਼ ਬਾਰਡਰ ਬੰਦ ਹੋਣ ਕਾਰਨ ਪ੍ਰੇਸ਼ਾਨ ਹਨ ਅਤੇ ਐਂਬੂਲੈਂਸਾਂ ਲਈ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਨਾਲ ਹੀ ਵਾਸੂ ਰੰਜਨ ਸ਼ਾਂਡਿਲਿਆ ਨੇ ਕਿਹਾ ਕਿ ਹਰਿਆਣਾ ਅਤੇ ਪੰਜਾਬ ਦੇ ਵਕੀਲਾਂ ਨੂੰ ਵੀ ਅੰਬਾਲਾ ਤੋਂ ਪਟਿਆਲਾ ਆਉਣ ਲਈ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਪਟਿਆਲਾ ਦੇ ਲੋਕਾਂ ਨੂੰ ਅੰਬਾਲਾ ਦੀਆਂ ਅਦਾਲਤਾਂ ਵਿੱਚ ਆਉਣ ਲਈ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਾਸੂ ਰੰਜਨ ਨੇ ਕਿਹਾ ਕਿ ਸੜਕ ਕਿਸ ਕਾਰਨ ਅਤੇ ਕਿਉਂ ਬੰਦ ਕੀਤੀ ਗਈ ਹੈ, ਇਸ ਦਾ ਫੈਸਲਾ ਹਾਈ ਕੋਰਟ ਕਰੇਗੀ ਪਰ ਭਾਵੇਂ ਹਰਿਆਣਾ ਸਰਕਾਰ ਹੋਵੇ, ਪੰਜਾਬ ਸਰਕਾਰ ਜਾਂ ਕੇਂਦਰ, ਸੜਕ ਨੂੰ ਬੰਦ ਕਰਨਾ ਲੋਕਾਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੈ। ਸ਼ੰਭੂ ਸਰਹੱਦ ਦਾ ਬੰਦ ਕੀਤਾ ਜਾਣਾ ਪੰਜਾਬ ਅਤੇ ਹਰਿਆਣਾ ਦੇ ਲੋਕਾਂ ਲਈ ਵੀ ਵੱਡੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ ਅਤੇ ਐਡਵੋਕੇਟ ਵਾਸੂ ਰੰਜਨ ਸ਼ਾਂਡਿਲਿਆ ਵੱਲੋਂ ਦਾਇਰ ਜਨਹਿੱਤ ਪਟੀਸ਼ਨ ਨੇ ਇਸ ਮੁੱਦੇ ਦੇ ਹੱਲ ਦੀ ਉਮੀਦ ਜਗਾਈ ਹੈ। ਸਰਹੱਦ ਦੇ ਮੁੜ ਖੁੱਲ੍ਹਣ ਨਾਲ ਨਾ ਸਿਰਫ਼ ਚੰਡੀਗੜ੍ਹ-ਅੰਬਾਲਾ ਕੌਮੀ ਸ਼ਾਹਰਾਹ @ਤੇ ਆਵਾਜਾਈ ਦਾ ਬੋਝ ਘੱਟ ਹੋਵੇਗਾ ਸਗੋਂ ਇਸ ਨਾਲ ਜ਼ੀਰਕਪੁਰ ਸ਼ਹਿਰ ਵਿੱਚ ਲੱਗਣ ਵਾਲੇ ਬੇਲੋੜੇ ਜਾਮ ਤੋਂ ਮੁਕਤੀ ਮਿਲੇਗੀ। ਇਸ ਮਾਮਲੇ @ਤੇ ਹਾਈਕੋਰਟ ਦੇ ਫੈਸਲੇ ਦਾ ਜ਼ੀਰਕਪੁਰ ਅਤੇ ਸਮੇਤ ਟ੍ਰਾਈਸਿਟੀ ਦੇ ਨਿਵਾਸੀਆਂ ਨੂੰ ਬੇਸਬਰੀ ਨਾਲ ਇੰਤਜ਼ਾਰ ਹੈ।

# ਹੁੰਮਸ ਭਰੀ ਗਰਮੀ ਕਾਰਨ ਲੋਕ ਹਾਲੋ-ਬੇਹਾਲ



**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਮੌਨਸੂਨ ਦੌਰਾਨ ਲਗਾਤਾਰ ਦੋ ਦਿਨ ਤੋਂ ਮੌਸਮ ਖੁਸ਼ਕ ਰਹਿਣ ਦੇ ਨਾਲ-ਨਾਲ ਹੁੰਮਸ ਭਰਿਆ ਬਣਿਆ ਹੋਇਆ ਹੈ, ਜਿਸ ਕਾਰਨ ਲੋਕਾਂ ਨੂੰ ਗਰਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੀਤੀ ਰਾਤ ਪੰਜਾਬ ਦੇ ਅੱਧਾ ਦਰਜਨ ਦੇ ਕਰੀਬ ਸ਼ਹਿਰਾਂ ਵਿੱਚ ਹਲਕਾ ਮੀਂਹ ਪਿਆ ਹੈ, ਜਦੋਂ ਕਿ ਜ਼ਿਆਦਾਤਰ ਇਲਾਕੇ ਖੁਸ਼ਕ ਹੀ ਰਹੇ ਹਨ। ਮੌਸਮ ਵਿਗਿਆਨੀਆਂ ਅਨੁਸਾਰ 10 ਤੇ 14 ਜੁਲਾਈ ਨੂੰ ਵੀ ਮੌਸਮ ਇਸੇ ਤਰ੍ਹਾਂ ਖੁਸ਼ਕ ਹੀ ਰਹੇਗਾ, ਜਦੋਂ ਕਿ 14 ਜੁਲਾਈ ਰਾਤ ਨੂੰ ਉੱਤਰ ਭਾਰਤ ਵਿੱਚ ਪੱਛਮੀ ਵਿਗਾੜ ਦੇ ਐਕਟਿਵ ਹੋਣ ਕਾਰਨ ਮੌਸਮ ਆਪਣਾ ਮਿਜ਼ਾਜ ਬਦਲ ਸਕਦਾ ਹੈ। ਇਸੇ ਕਰ ਕੇ 13 ਜੁਲਾਈ ਨੂੰ ਸੂਬੇ 'ਚ ਜ਼ਿਆਦਾਤਰ ਥਾਵਾਂ 'ਤੇ ਟੁਟਵਾਂ ਮੀਂਹ ਪੈ ਸਕਦਾ ਹੈ। 13, 14 ਤੇ 15 ਜੁਲਾਈ ਨੂੰ ਸੂਬੇ ਵਿੱਚ ਕਈ ਥਾਵਾਂ 'ਤੇ ਹਲਕਾ ਮੀਂਹ ਪੈ ਸਕਦਾ ਹੈ। ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਬੀਤੀ ਰਾਤ ਪੰਜਾਬ ਦੇ ਰੂਪਨਗਰ ਵਿੱਚ ਸਭ ਤੋਂ ਵੱਧ 12.5 ਐੱਮਐੱਮ ਮੀਂਹ ਪਿਆ ਹੈ। ਇਸ ਤੋਂ ਇਲਾਵਾ ਪਠਾਨਕੋਟ ਵਿੱਚ 5 ਐੱਮਐੱਮ, ਫਿਰੋਜ਼ਪੁਰ ਵਿੱਚ 1.5 ਐੱਮਐੱਮ ਮੀਂਹ ਪਿਆ, ਜਦੋਂ ਕਿ ਪਟਿਆਲਾ ਤੇ ਪੁਆਧੀ ਇਲਾਕੇ ਵਿੱਚ ਵੀ ਕਿਣ-ਮਿਣ ਹੋਈ ਹੈ।

# ਨਿਰਮਾਣ ਅਧੀਨ ਹੋਟਲ ਵਿੱਚ ਉਸਾਰੀ ਨਿਯਮਾਂ ਦੀ ਉਲੰਘਣਾ, ਮਨਮਰਜ਼ੀ ਕਰਦਿਆਂ ਲਿਫ਼ਤ ਦਾ ਨਿਰਮਾਣ

**ਜ਼ੀਰਕਪੁਰ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ੀਰਕਪੁਰ ਸ਼ਹਿਰ ਵਿੱਚ ਉਸਾਰੀ ਕਰਤਾਵਾਂ ਵੱਲੋਂ ਲਗਾਤਾਰ ਮਨਮਾਨੀਆਂ ਦਾ ਰੁਝਾਨ ਵੱਧਦਾ ਬਜਾ ਰਿਹਾ ਹੈ। ਨਗਰ ਕੌਂਸਲ ਦੇ ਦਾਅਵਿਆਂ ਦੇ ਉਲਟ ਉਸਾਰੀ ਕਾਰਜਾਂ ਦੌਰਾਨ ਬਿਲਡਿੰਗ ਬਾਈਲਾਜ਼ ਦੀ ਅਣਦੇਖੀ ਕੀਤੀ ਜਾ ਰਹੀ ਹੈ, ਜਿਸਨੇ ਕੀਤੇ ਜਾ ਰਹੇ ਦਾਅਵਿਆਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਸਥਾਨਕ ਪਟਿਆਲਾ ਰੋਡ @ਤੇ ਇੱਕ ਨਿਰਮਾਣ ਅਧੀਨ ਹੋਟਲ ਨੇ ਦੇ ਹੌਂਸਲੇ ਇਸ ਕਦਰ ਬੁਲੰਦ ਹਨ ਕਿ ਜਿਨ੍ਹਾਂ ਨੇ ਪੂਰੀ ਇਮਾਰਤ ਤਿਆਰ ਹੋਣ ਤੋਂ ਬਾਅਦ ਹੁਣ ਸ਼ਰੇਆਮ ਹੋਟਲ ਦੇ ਕਵਰਡ ਏਰੀਏ ਦੇ ਬਾਹਰ ਲਿਫਟ ਦਾ ਨਿਰਮਾਣ ਕਰ ਦਿੱਤਾ ਹੈ। ਹਾਲਾਂਕਿ ਇਸ ਮਾਮਲੇ ਦੀ ਸ਼ਿਕਾਇਤ ਕਾਰਨ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਵੀ ਦਿੱਤੀ ਗਈ ਹੈ ਜਿਨ੍ਹਾਂ ਵੱਲੋਂ ਜਾਂਚ ਸ਼ੁਰੂ ਕਰਨ ਦਾ ਦਾਅਵਾ ਕੀਤਾ ਗਿਆ ਹੈ। ਹਾਸਲ ਜਾਣਕਾਰੀ ਅਨੁਸਾਰ ਉਸਾਰੀ ਕਰਤਾਵਾਂ ਵੱਲੋਂ ਇਮਾਰਤ ਦੀ ਉਸਾਰੀ ਲਈ ਨਗਰ ਕੌਂਸਲ ਤੋਂ ਸਾਰੀਆਂ ਲੋੜੀਂਦੀਆਂ ਪ੍ਰਵਾਨਗੀਆਂ ਅਤੇ ਪਰਮਿਟ ਪ੍ਰਾਪਤ ਕੀਤੇ ਸਨ। ਜਦਕਿ ਉਸਾਰੀ ਕਰਤਾਵਾਂ ਵੱਲੋਂ ਮਨਜ਼ੂਰਸ਼ੁਦਾ ਇਮਾਰਤੀ ਯੋਜਨਾਵਾਂ ਦੇ ਉਲਟ ਮਨੋਨੀਤ ਖੇਤਰ ਦੇ ਬਾਹਰ ਇੱਕ ਲਿਫਟ ਬਣਾ ਦਿੱਤੀ ਗਈ।

ਇਹ ਨਾ ਸਿਰਫ਼ ਬਿਲਡਿੰਗ ਨਿਯਮਾਂ ਦੀ ਉਲੰਘਣਾ ਹੈ ਬਲਕਿ ਭਵਿੱਖ ਵਿੱਚ ਸੁਰੱਖਿਆ ਲਈ ਵੀ ਖਤਰਾ ਪੈਦਾ ਕਰ ਸਕਦੀ ਹੈ। ਸਥਾਨਕ ਵਸਨੀਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਮੁਤਾਬਿਕ ਉਸਾਰੀ ਕਰਤਾਵਾਂ ਵੱਲੋਂ ਇਹ ਕੋਈ ਇਕੱਲੀ ਘਟਨਾ ਨਹੀਂ ਹੈ ਅਤੇ ਉਨ੍ਹਾਂ ਵੱਲੋਂ ਹੋਰ ਉਸਾਰੀ ਅਧੀਨ ਇਮਾਰਤਾਂ ਵਿੱਚ ਵੀ ਇਸ ਤਰ੍ਹਾਂ ਦੀਆਂ ਬਿ-ਨਿਯਮੀਆਂ



ਦੀਆਂ ਕਈ ਸ਼ਿਕਾਇਤਾਂ ਦਿੱਤੀਆਂ ਗਈਆਂ ਹਨ। ਜੋ ਕਿ ਬਿਲਡਿੰਗ ਬਾਇਲਾਜ ਨੂੰ ਲਾਗੂ ਕਰਨ ਅਤੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਵਿੱਚ ਨਗਰ ਕੌਂਸਲ ਦੀ ਪ੍ਰਭਾਵਹੀਣਤਾ ਬਾਰੇ ਚਿੰਤਾਵਾਂ ਪੈਦਾ ਕਰਦਾ ਹੈ।

ਜਦਕਿ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਸਾਰੀ ਅਧੀਨ ਹੋਟਲ ਦੀ ਜਾਂਚ ਜਾਰੀ ਹੈ ਅਤੇ ਬਿਲਡਿੰਗ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਦੋਸ਼ੀ ਪਾਏ ਜਾਣ @ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਨਗਰ ਕੌਂਸਲ ਦੇ ਅਧਿਕਾਰੀਆਂ ਨੇ ਵਸਨੀਕਾਂ ਨੂੰ ਸੁਚੇਤ ਰਹਿਣ ਅਤੇ ਉਸਾਰੀ ਨਿਯਮਾਂ ਦੀ ਕਿਸੇ ਵੀ ਉਲੰਘਣਾ ਦੀ ਰਿਪੋਰਟ ਕਰਨ ਦੀ ਅਪੀਲ ਕੀਤੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਵਸਨੀਕਾਂ ਦੀ ਸੁਰੱਖਿਆ ਅਤੇ ਕਨੂੰਨ ਵਿਵਸਥਾ ਬਣਾਏ ਰੱਖਣਾ ਮਹੱਤਵਪੂਰਨ ਹੈ ਜਿਸ ਨੂੰ ਯਕੀਨੀ ਜਿਨ੍ਹਾਂ ਵੱਲੋਂ ਜਾਂਚ ਸ਼ੁਰੂ ਕਰਨ ਦਾ ਦਾਅਵਾ ਕੀਤਾ ਗਿਆ ਹੈ। ਹਾਸਲ ਜਾਣਕਾਰੀ ਅਨੁਸਾਰ ਉਸਾਰੀ ਕਰਤਾਵਾਂ ਵੱਲੋਂ ਇਮਾਰਤ ਦੀ ਉਸਾਰੀ ਲਈ ਨਗਰ ਕੌਂਸਲ ਤੋਂ ਸਾਰੀਆਂ ਲੋੜੀਂਦੀਆਂ ਪ੍ਰਵਾਨਗੀਆਂ ਅਤੇ ਪਰਮਿਟ ਪ੍ਰਾਪਤ ਕੀਤੇ ਸਨ। ਜਦਕਿ ਉਸਾਰੀ ਕਰਤਾਵਾਂ ਵੱਲੋਂ ਮਨਜ਼ੂਰਸ਼ੁਦਾ ਇਮਾਰਤੀ ਯੋਜਨਾਵਾਂ ਦੇ ਉਲਟ ਮਨੋਨੀਤ ਖੇਤਰ ਦੇ ਬਾਹਰ ਇੱਕ ਲਿਫਟ ਬਣਾ ਦਿੱਤੀ ਗਈ। ਇਹ ਨਾ ਸਿਰਫ਼ ਬਿਲਡਿੰਗ ਨਿਯਮਾਂ ਦੀ ਉਲੰਘਣਾ ਹੈ ਬਲਕਿ ਭਵਿੱਖ ਵਿੱਚ ਸੁਰੱਖਿਆ ਲਈ ਵੀ ਖਤਰਾ ਪੈਦਾ ਕਰ ਸਕਦੀ ਹੈ।

ਸਥਾਨਕ ਵਸਨੀਕਾਂ ਦਾ ਕਹਿਣਾ ਹੈ ਕਿਬਣਾਉਣ ਲਈ ਨਗਰ ਕੌਂਸਲ ਵਚਨਬੱਧ ਹੈ ਕਿ ਸਾਰੇ ਨਿਰਮਾਣ ਪ੍ਰੋਜੈਕਟ ਪ੍ਰਵਾਨਿਤ ਯੋਜਨਾਵਾਂ ਅਤੇ ਨਿਯਮਾਂ ਦੀ ਪਾਲਣਾ ਕਰਨ। ਅਧਿਕਾਰੀਆਂ।ਦਾ ਕਹਿਣਾ ਹੈ ਕਿ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਨਗਰ ਕੌਂਸਲ ਜ਼ੀਰਕਪੁਰ ਉਸਾਰੀ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾ ਕੇ ਰੱਖਣ ਅਤੇ ਸ਼ਹਿਰ ਦੇ ਬੁਨਿਆਦੀ ਢਾਂਚੇ ਦੀ ਸੁਰੱਖਿਆ ਨੂੰ ਬਰਕਰਾਰ ਰੱਖਣ ਲਈ ਉਸਾਰੀ ਪ੍ਰਾਜੈਕਟਾਂ ਦੀ ਨਿਗਰਾਨੀ ਕਰਨਾ ਜਾਰੀ ਰੱਖੇਗੀ।

# ਸੰਵਿਧਾਨ ਹੱਤਿਆ ਦਿਵਸ' ਇਹ ਯਾਦ ਦਿਵਾਏਗਾ ਕਿ ਜਦੋਂ ਸੰਵਿਧਾਨ ਨੂੰ ਦਰੜਿਆ ਗਿਆ ਸੀ ਤਾਂ ਕੀ ਹੋਇਆ ਸੀ: ਮੋਦੀ

**ਨਵੀਂ ਦਿੱਲੀ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ 25 ਜੂਨ ਨੂੰ 'ਸੰਵਿਧਾਨ ਹੱਤਿਆ ਦਿਵਸ' ਵਜੋਂ ਮਨਾਇਆ ਜਾਣਾ ਇਸ ਗੱਲ ਦੀ ਯਾਦ ਦਿਵਾਏਗਾ ਕਿ ਜਦੋਂ ਸੰਵਿਧਾਨ ਨੂੰ ਦਰੜਿਆ ਗਿਆ ਸੀ ਤਾਂ ਕੀ ਹੋਇਆ ਸੀ। ਮੋਦੀ ਨੇ 'ਐਕਸ' ਉੱਤੇ ਕਿਹਾ, "ਇਹ ਉਸ ਹਰੇਕ ਵਿਅਕਤੀ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਦਿਨ ਵੀ ਹੈ,



ਜਿਸ ਨੇ ਐਮਰਜੈਂਸੀ ਦੀਆਂ ਜ਼ਿਆਦਤੀਆਂ ਕਾਰਨ ਕਸ਼ਟ ਝੱਲੇ ਅਤੇ ਜੋ ਕਾਂਗਰਸ ਵੱਲੋਂ ਲਿਆਂਦੇ ਗਏ ਭਾਰਤੀ ਇਤਿਹਾਸ ਦਾ ਕਾਲਾ ਦੌਰ ਸੀ।"

ਸਰਕਾਰ ਨੇ ਐਮਰਜੈਂਸੀ ਦੌਰਾਨ ਗੈਰ ਮਨੁੱਖੀ ਦਰਦ ਝੱਲਣ ਵਾਲਿਆਂ ਦੇ 'ਵਿਆਪਕ ਯੋਗਦਾਨ' ਨੂੰ ਚੇਤੇ ਕਰਨ ਵਾਸਤੇ 25 ਜੂਨ ਨੂੰ 'ਸੰਵਿਧਾਨ ਹੱਤਿਆ ਦਿਵਸ' ਦੇ ਰੂਪ ਵਿੱਚ ਮਨਾਉਣ ਦਾ ਫੈਸਲਾ ਲਿਆ ਹੈ।

# ਸੁਪਰੀਮ ਕੋਰਟ ਵੱਲੋਂ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿੱਚ ਕੇਜਰੀਵਾਲ ਨੂੰ ਅੰਤ੍ਰਿਮ ਜ਼ਮਾਨਤ

## ਸੀਬੀਆਈ ਵੱਲੋਂ ਦਰਜ ਭ੍ਰਿਸ਼ਟਾਚਾਰ ਦੇ ਕੇਸ ਕਾਰਨ ਅਜੇ ਵੀ ਜੇਲ੍ਹ ਵਿੱਚ ਰਹਿਣਗੇ ਦਿੱਲੀ ਦੇ ਮੁੱਖ ਮੰਤਰੀ; 'ਆਪ' ਵੱਲੋਂ ਸਿਖਰਲੀ ਅਦਾਲਤ ਦਾ ਫੈਸਲਾ ਸੱਚ ਦੀ ਜਿੱਤ ਕਰਾਰ

**ਨਵੀਂ ਦਿੱਲੀ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਕਥਿਤ ਆਬਕਾਰੀ ਨੀਤੀ ਘੁਟਾਲੇ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿੱਚ ਅੱਜ ਅੰਤ੍ਰਿਮ ਜ਼ਮਾਨਤ ਦੇ ਦਿੱਤੀ ਹੈ। ਐਨਫੋਰਸਮੈਂਟ ਡਾਇਰੈਕਟੋਰੇਟ ਦੇ ਮਾਮਲੇ ਵਿੱਚ ਜ਼ਮਾਨਤ ਮਿਲਣ ਤੋਂ ਬਾਅਦ ਵੀ ਮੁੱਖ ਮੰਤਰੀ ਕੇਜਰੀਵਾਲ ਹੁਣੇ ਜੇਲ੍ਹ ਵਿੱਚ ਹੀ ਰਹਿਣਗੇ ਕਿਉਂਕਿ ਸੀਬੀਆਈ ਨੇ ਕਥਿਤ ਆਬਕਾਰੀ ਨੀਤੀ ਘੁਟਾਲੇ ਨਾਲ ਸਬੰਧਤ ਭ੍ਰਿਸ਼ਟਾਚਾਰ ਦੇ ਇਕ ਮਾਮਲੇ ਵਿੱਚ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤਾ ਸੀ। ਸਿਖ਼ਰਲੀ ਅਦਾਲਤ ਨੇ ਕਿਹਾ ਕਿ ਇਹ ਫ਼ੈਸਲਾ ਕੇਜਰੀਵਾਲ ਨੇ ਲੈਣਾ ਹੈ ਕਿ ਉਹ ਮੁੱਖ ਮੰਤਰੀ ਬਣੇ ਰਹਿਣਾ ਚਾਹੁੰਦੇ ਹਨ ਜਾਂ ਨਹੀਂ। ਜਸਟਿਸ ਸੰਜੀਵ ਖੰਨਾ ਤੇ ਜਸਟਿਸ ਦੀਪਾਂਕਰ ਦੱਤਾ ਦੇ ਬੈਂਚ ਨੇ ਕਿਹਾ, "ਅਸੀਂ ਇਹ ਸੱਚ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਅਰਵਿੰਦ ਕੇਜਰੀਵਾਲ ਇਕ ਚੁਣੇ ਹੋਏ ਨੁਮਾਇੰਦੇ ਹਨ। ਉਹ ਪਿਛਲੇ 90 ਦਿਨਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਹਨ।" ਅਦਾਲਤ ਨੇ ਕਿਹਾ ਕਿ ਕਿਉਂਕਿ ਇਹ ਮਾਮਲੇ ਜ਼ਿੰਦਗੀ ਦੇ ਅਧਿਕਾਰ ਨਾਲ ਸਬੰਧਤ ਹੈ, ਇਸ ਵਾਸਤੇ ਇਸ ਮਾਮਲੇ ਨੂੰ ਵੱਡੇ ਬੈਂਚ ਕੋਲ



ਭੇਜਿਆ ਗਿਆ ਹੈ। ਬੈਂਚ ਨੇ ਈਡੀ ਮਾਮਲੇ ਵਿੱਚ ਉਨ੍ਹਾਂ ਦੀ ਗ੍ਰਿਫ਼ਤਾਰੀ ਦੀ ਵੈਧਤਾ ਨਾਲ ਸਬੰਧਤ ਸਵਾਲਾਂ ਨੂੰ ਵੱਡੇ ਬੈਂਚ ਕੋਲ ਭੇਜ ਦਿੱਤਾ ਹੈ। ਅਦਾਲਤ ਨੇ ਈਡੀ ਦੀ ਗ੍ਰਿਫ਼ਤਾਰੀ ਦੀ ਸ਼ਕਤੀ ਅਤੇ ਨੀਤੀ ਨਾਲ ਸਬੰਧਤ ਤਿੰਨ ਸਵਾਲ ਤੈਅ ਕੀਤੇ ਅਤੇ ਕਿਹ ਕਿ ਕੇਜਰੀਵਾਲ ਨੂੰ 10 ਮਈ ਦੇ ਹੁਕਮਾਂ ਦੀਆਂ ਸ਼ਰਤਾਂ ਮੁਤਾਬਕ ਅੰਤ੍ਰਿਮ ਜ਼ਮਾਨਤ 'ਤੇ ਰਿਹਾਅ ਕੀਤਾ ਜਾਵੇਗਾ। ਈਡੀ ਨੇ ਮਨੀ ਲਾਂਡਰਿੰਗ ਮਾਮਲੇ ਵਿਚ ਕੇਜਰੀਵਾਲ ਨੂੰ 21 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਸੀ। ਉਪਰੰਤ 26 ਜੂਨ ਨੂੰ ਕੇਜਰੀਵਾਲ ਨੂੰ ਸੀਬੀਆਈ ਨੇ ਕਥਿਤ ਆਬਕਾਰੀ ਨੀਤੀ ਘੁਟਾਲੇ ਨਾਲ ਸਬੰਧਤ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਸੀ। ਇਹ ਮਾਮਲੇ ਦਿੱਲੀ ਸਰਕਾਰ ਦੀ ਆਬਕਾਰੀ ਨੀਤੀ 2021-22 ਨਾਲ ਸਬੰਧਤ ਹਨ ਜੋ ਬਾਅਦ ਵਿੱਚ ਰੱਦ ਕਰ ਦਿੱਤੀ ਗਈ ਸੀ।

ਉੱਧਰ, ਆਮ ਆਦਮੀ ਪਾਰਟੀ ਨੇ ਆਬਕਾਰੀ ਨੀਤੀ ਘੁਟਾਲਾ ਮਾਮਲੇ ਵਿੱਚ ਈਡੀ ਵੱਲੋਂ ਦਰਜ ਮਨੀ ਲਾਂਡਰਿੰਗ ਕੇਸ 'ਚ ਸੁਪਰੀਮ ਕੋਰਟ ਵੱਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਅੰਤ੍ਰਿਮ ਜ਼ਮਾਨਤ ਦਿੱਤੇ ਜਾਣ ਨੂੰ ਸੱਚ ਦੀ ਜਿੱਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਿਖ਼ਰਲੀ ਅਦਾਲਤ ਦੇ ਇਸ ਫੈਸਲੇ ਨਾਲ ਭਾਜਪਾ ਦੀ ਸਾਜ਼ਿਸ਼ ਬੇਨਿਕਾਬ ਹੋਈ ਹੈ। ਇਸ ਸਬੰਧੀ 'ਆਪ' ਆਗੂ ਆਤਿਸ਼ੀ, ਸੌਰਭ ਭਾਰਦਵਾਜ ਅਤੇ ਸੰਦੀਪ ਪਾਠਕ ਨੇ ਇਕ ਸਾਂਝੀ ਪ੍ਰੈਸ ਕਾਨਫ਼ਰੰਸ ਕਰ ਕੇ ਕਿਹਾ ਸੁਪਰੀਮ ਕੋਰਟ ਦੇ ਫੈਸਲੇ ਨੂੰ ਸੱਚ ਦੀ ਜਿੱਤ ਕਰਾਰ ਦਿੱਤਾ।

# ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨੇ 15 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ



**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ ਨੇ ਅੱਜ ਇਥੇ 15 ਉਮੀਦਵਾਰਾਂ ਨੂੰ ਲੋਕ ਨਿਰਮਾਣ ਵਿਭਾਗ ਵਿੱਚ ਤਰਸ ਦੇ ਆਧਾਰ @ਤੇ ਨਿਯੁਕਤੀ ਪੱਤਰ ਸੌਂਪੇ, ਜਿਨ੍ਹਾਂ ਵਿੱਚ ਗਰੁੱਪ ਸੀ ਵਿੱਚ 3 ਅਤੇ ਗਰੁੱਪ ਡੀ ਵਿੱਚ 12 ਉਮੀਦਵਾਰ ਸ਼ਾਮਲ ਹਨ।

ਇਸ ਮੌਕੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਗਠਨ ਤੋਂ ਬਾਅਦ ਵਿਭਾਗ ਨੂੰ ਮਜ਼ਬੂਤ ਕਰਨ ਲਈ ਲੋੜੀਂਦੀ ਭਰਤੀ ਲਈ ਮਹੱਤਵਪੂਰਨ ਕਦਮ ਚੁੱਕੇ ਗਏ ਹਨ। ਉਨ੍ਹਾਂ ਕਿਹਾ ਕਿ ਹੁਣ ਤੱਕ ਵਿਭਾਗ ਵਿੱਚ ਕੁੱਲ 596 ਕਰਮਚਾਰੀਆਂ ਦੀ ਭਰਤੀ ਕੀਤੀ ਗਈ ਜਿਸ ਵਿੱਚ ਗਰੁੱਪ ਏ ਵਿੱਚ 25, ਗਰੁੱਪ ਬੀ ਵਿੱਚ 229, ਗਰੁੱਪ ਸੀ ਵਿੱਚ 289 ਅਤੇ ਗਰੁੱਪ ਡੀ ਵਿੱਚ 53 ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਅੱਜ 15 ਨਿਯੁਕਤੀ ਪੱਤਰ ਸੌਂਪਣ ਨਾਲ ਨਵੇਂ ਮੁਲਾਜ਼ਮਾਂ ਦੀ ਕੁੱਲ ਗਿਣਤੀ 611 ਹੋ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਵਿਭਾਗ ਵਿੱਚ ਹਾਲ ਹੀ ਵਿੱਚ ਹੋਈਆਂ ਤਰੱਕੀਆਂ ਸਦਕਾ ਕਈ ਅਸਾਮੀਆਂ ਹਨ, ਜਿਨ੍ਹਾਂ ਨੂੰ ਜਲਦੀ ਭਰਿਆ ਜਾਵੇਗਾ।

ਲੋਕ ਨਿਰਮਾਣ ਮੰਤਰੀ ਨੇ ਲੋੜਵੰਦਾਂ ਨੂੰ ਸਹਾਇਤਾ ਪ੍ਰਦਾਨ ਕਰਨ ਦੀ ਮਹੱਤਤਾ @ਤੇ ਜ਼ੋਰ ਦਿੰਦਿਆਂ ਕਿਹਾ, ÷ਅਸੀਂ ਇਹ ਯਕੀਨੀ ਬਣਾਉਣ ਲਈ ਸਮਰਪਿਤ ਹਾਂ ਕਿ ਕਿਸੇ ਕਾਰਨ ਸਵਰਗਵਾਸ ਹੋ ਗਏ ਸਾਡੇ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਲੋੜੀਂਦੀ ਸਹਾਇਤਾ ਅਤੇ ਦੇਖਭਾਲ ਮਿਲੇ।÷ ਉਨ੍ਹਾਂ ਕਿਹਾ ਕਿ ਲੋਕ ਨਿਰਮਾਣ ਵਿਭਾਗ ਵਿੱਚ ਕੀਤੀਆਂ ਇਹ ਨਿਯੁਕਤੀਆਂ ਮ੍ਰਿਤਕ ਮੁਲਾਜ਼ਮਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਸਰਕਾਰ ਦੀ ਵਚਨਬੱਧਤਾ ਦਾ ਪ੍ਰਮਾਣ ਹਨ।

ਨਿਯੁਕਤੀ ਪੱਤਰ ਸੌਂਪਣ ਤੋਂ ਬਾਅਦ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਹਰੇਕ ਨਵ-ਨਿਯੁਕਤ ਕਰਮਚਾਰੀ ਨਾਲ ਗੱਲਬਾਤ ਕੀਤੀ, ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਹਾਲ-ਚਾਲ ਪੁੱਛਿਆ। ਉਨ੍ਹਾਂ ਨੇ ਇਨ੍ਹਾਂ ਕਰਮਚਾਰੀਆਂ ਨੂੰ ਵਿਭਾਗ ਵਿੱਚ ਤਨਦੇਹੀ ਨਾਲ ਕੰਮ ਕਰਨ ਅਤੇ ਜੀਵਨ ਵਿੱਚ ਹੋਰ ਸਫਲਤਾ ਪ੍ਰਾਪਤ ਕਰਨ ਲਈ ਆਪਣੀ ਵਿਦਿਅਕ ਯੋਗਤਾ ਵਿੱਚ ਸੁਧਾਰ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ।

## ਰਾਹੁਲ ਖ਼ਿਲਾਫ਼ ਨਵੇਂ ਦਸਤਾਵੇਜ਼ ਜਮ੍ਹਾਂ ਕਰਨ ਸਬੰਧੀ ਮੈਜਿਸਟਰੇਟ ਦਾ ਹੁਕਮ ਖਾਰਜ

**ਮੁੰਬਈ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬੰਬਈ ਹਾਈ ਕੋਰਟ ਨੇ ਕਾਂਗਰਸੀ ਆਗੂ ਰਾਹੁਲ ਗਾਂਧੀ ਨੂੰ ਰਾਹਤ ਦਿੰਦੇ ਹੋਏ ਇਕ ਮੈਜਿਸਟਰੇਟ ਦਾ ਉਹ ਹੁਕਮ ਅੱਜ ਰੱਦ ਕਰ ਦਿੱਤਾ, ਜਿਸ ਵਿੱਚ ਰਾਸ਼ਟਰੀ ਸਵੈ ਸੇਵੀ ਸੰਘ (ਆਰਐੱਸਐੱਸ) ਦੇ ਇਕ ਕਾਰਕੁਨ ਨੂੰ ਉਸ ਦੀ ਪੈਂਡਿੰਗ ਅਪਰਾਧਿਕ ਮਾਨਹਾਨੀ ਸ਼ਿਕਾਇਤ ਵਿੱਚ ਨਵੇਂ ਅਤੇ ਵਾਧੂ ਦਸਤਾਵੇਜ਼ ਜਮ੍ਹਾਂ ਕਰਾਉਣ ਦੀ ਇਜਾਜ਼ਤ ਦਿੱਤੀ ਗਈ ਸੀ। ਆਰਐੱਸਐੱਸ ਕਾਰਕੁਨ ਰਾਜੇਸ਼ ਕੁੰਟੇ ਨੇ 2014 ਵਿੱਚ ਭਿਵੰਡੀ ਵਿੱਚ ਮੈਜਿਸਟਰੇਟ ਅਦਾਲਤ ਵਿੱਚ ਮਾਣਹਾਨੀ ਦੀ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਕਾਂਗਰਸੀ ਆਗੂ ਨੇ ਇਕ ਭਾਸ਼ਣ ਦੌਰਾਨ ਝੂਠਾ ਅਤੇ ਇਤਰਾਜ਼ਯੋਗ ਬਿਆਨ ਦਿੱਤਾ ਸੀ ਕਿ ਮਹਾਤਮਾ ਗਾਂਧੀ ਦੀ ਹੱਤਿਆ ਲਈ ਸੰਘ ਜ਼ਿੰਮੇਵਾਰ ਹੈ।

# ਕਰ ਪਾਲਣਾ ਨੂੰ ਉਤਸ਼ਾਹਿਤ ਕਰਨ ਵਿੱਚ ਮੀਲ ਪੱਥਰ ਸਾਬਤ ਹੋ ਰਹੀ ਹੈ ਪੰਜਾਬ ਦੀ 'ਬਿੱਲ ਲਿਆਓ ਇਨਾਮ ਪਾਓ' ਸਕੀਮ: ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ 'ਬਿੱਲ ਲਿਆਓ ਇਨਾਮ ਪਾਓ' ਸਕੀਮ ਤਹਿਤ ਅਵੈਧ ਬਿੱਲ ਜਾਰੀ ਕਰਨ ਵਾਲੇ ਵਿਕਰੇਤਾਵਾਂ 'ਤੇ ਵੱਡੀ ਕਾਰਵਾਈ ਦਾ ਖੁਲਾਸਾ ਕਰਦਿਆਂ ਕਿਹਾ ਕਿ ਇਸ ਸਕੀਮ ਤਹਿਤ ਪ੍ਰਾਪਤ ਹੋਏ ਬਿੱਲਾਂ ਦੇ ਆਧਾਰ 'ਤੇ ਕੁੱਲ 7.63 ਕਰੋੜ ਰੁਪਏ ਜੁਰਮਾਨੇ ਕੀਤੇ ਗਏ ਜਿਸ ਵਿੱਚੋਂ 5.87 ਕਰੋੜ ਰੁਪਏ ਵਸੂਲੇ ਜਾ ਚੁੱਕੇ ਹਨ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇੱਥੇ ਜਾਰੀ ਪ੍ਰੈਸ ਬਿਆਨ ਵਿੱਚ ਇਸ ਸਕੀਮ ਦੀ ਸਫ਼ਲਤਾ ਬਾਰੇ ਜਾਣਕਾਰੀ



ਦਿੰਦਿਆਂ ਦੱਸਿਆ ਕਿ ਬਿਲਿੰਗ ਵਿੱਚ ਗੜਬੜੀ ਲਈ ਵਿਕਰੇਤਾਵਾਂ ਨੂੰ ਜਾਰੀ ਕੀਤੇ ਗਏ 1604 ਨੋਟਿਸਾਂ ਵਿੱਚੋਂ 711 ਦਾ ਨਿਪਟਾਰਾ ਹੋ ਚੁੱਕਾ ਹੈ ਅਤੇ ਇਸ ਸਕੀਮ ਸਦਕਾ 123 ਨਵੀਆਂ ਜੀ.ਐਸ.ਟੀ ਰਜਿਸਟ੍ਰੇਸ਼ਨਾਂ ਹੋਈਆਂ ਹਨ, ਜੋ ਕਿ ਕਰ ਪਾਲਣਾ ਵਿੱਚ ਸੁਧਾਰ ਨੂੰ ਦਰਸਾਉਂਦੀਆਂ ਹਨ।.

ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੁਆਰਾ 21 ਅਗਸਤ, 2023 ਨੂੰ ਸ਼ੁਰੂ ਕੀਤੀ ਗਈ ਇਹ ਸਕੀਮ, ਖਪਤਕਾਰਾਂ ਨੂੰ 'ਮੇਰਾ ਬਿੱਲ ਐਪ' ਰਾਹੀਂ ਖਰੀਦ ਬਿੱਲਾਂ ਨੂੰ ਅਪਲੋਡ ਕਰਨ ਲਈ ਉਤਸ਼ਾਹਿਤ ਕਰਦੀ ਹੈ ਅਤੇ ਇਸ ਯੋਜਨਾ ਨੂੰ ਮਿਲੇ ਭਰਵੇਂ ਹੁੰਗਾਰੇ ਕਾਰਨ ਹੁਣ ਤੱਕ ਖਰੀਦਦਾਰਾਂ ਵੱਲੋਂ 91,719 ਬਿੱਲਾਂ ਨੂੰ ਅਪਲੋਡ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਦੌਰਾਨ 'ਬਿੱਲ ਲਿਆਓ ਇਨਾਮ ਪਾਓ' ਸਕੀਮ ਦੇ 2353 ਜੇਤੂਆਂ ਨੇ 1.37 ਕਰੋੜ ਰੁਪਏ ਦੇ ਇਨਾਮ ਜਿੱਤੇ ਹਨ।

ਵਿੱਤ ਮੰਤਰੀ ਨੇ ਰਾਜ ਦੇ ਵਸਨੀਕਾਂ ਨੂੰ 10,000 ਰੁਪਏ ਤੱਕ ਦੇ ਪ੍ਰਤੀ ਮਹੀਨਾ ਇਨਾਮ ਵਾਲੀ ਇਸ ਯੋਜਨਾ ਵਿੱਚ ਹਿੱਸਾ ਲੈਣ, ਖਰੀਦ ਦੇ ਬਿੱਲ ਲੈਣ ਨੂੰ ਬਰਕਰਾਰ ਰੱਖਣ ਅਤੇ ਰਾਜ ਦੇ ਕਰ ਬੁਨਿਆਦੀ ਢਾਂਚੇ ਦਾ ਸਮਰਥਨ ਕਰਨ ਦੀ ਅਪੀਲ ਕੀਤੀ। ਉਨ੍ਹਾਂ ਸਪੱਸ਼ਟ ਕੀਤਾ ਕਿ ਪੈਟਰੋਲੀਅਮ ਉਤਪਾਦਾਂ, ਸ਼ਰਾਬ, ਰਾਜ ਤੋਂ ਬਾਹਰ ਖਰੀਦਦਾਰੀ, ਅਤੇ ਬਿਜ਼ਨਸ ਤੋਂ ਬਿਜ਼ਨਸ ਲੈਣ-ਦੇਣ ਦੇ ਬਿੱਲ ਇਸ ਸਕੀਮ ਤਹਿਤ ਅਯੋਗ ਹਨ, ਅਤੇ ਇਸ ਸਕੀਮ ਦੀ ਨਿਰਪੱਖਤਾ ਅਤੇ ਪ੍ਰਭਾਵ ਨੂੰ ਯਕੀਨੀ ਬਣਾਉਣ ਲਈ ਇਨਾਮਾਂ ਦੇ ਡਰਾਅ ਦੌਰਾਨ ਸਿਰਫ ਪਿਛਲੇ ਮਹੀਨੇ ਦੇ ਬਿੱਲਾਂ 'ਤੇ ਵਿਚਾਰ ਕੀਤਾ ਜਾਂਦਾ ਹੈ।

ਵਿੱਤ ਮੰਤਰੀ ਨੇ ਕਿਹਾ ਕਿ ਕਰ ਵਿਭਾਗ ਵੱਲੋਂ ਕੀਤੀਆਂ ਜਾ ਰਹੀਆਂ ਇਨਫੋਰਸਮੈਂਟ ਕਾਰਵਾਈਆਂ ਕਾਰਨ ਸੂਬੇ ਅੰਦਰ ਕਰ ਪਾਲਣਾ ਅਤੇ ਪਾਰਦਰਸ਼ਤਾ ਨੂੰ ਉਤਸ਼ਾਹਿਤ ਕਰਨ ਵਿੱਚ ਵੱਡੀ ਕਾਮਯਾਬੀ ਮਿਲ ਰਹੀ ਹੈ ਅਤੇ 'ਬਿੱਲ ਲਿਆਓ ਇਨਾਮ ਪਾਓ' ਸਕੀਮ ਇਸ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ। ਉਨ੍ਹਾਂ ਕਿਹਾ ਕਿ ÷ਮੇਰਾ ਬਿੱਲ ਮੋਬਾਈਲ ਐਪ 'ਤੇ ਬਿੱਲਾਂ ਨੂੰ ਅਪਲੋਡ ਕਰਨ ਲਈ ਖਪਤਕਾਰਾਂ ਨੂੰ ਉਤਸ਼ਾਹਿਤ ਕਰਕੇ ਪੰਜਾਬ ਸਰਕਾਰ ਦੀ ਇਹ ਪਹਿਲਕਦਮੀ ਪਾਰਦਰਸ਼ਤਾ, ਜਵਾਬਦੇਹੀ ਅਤੇ ਕਰ ਪਾਲਣਾ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਦਿਆਂ ਸੂਬੇ ਅੰਦਰ ਕਰ ਢਾਂਚੇ ਨੂੰ ਮਜ਼ਬੂਤੀ ਪ੍ਰਦਾਨ ਕਰ ਰਹੀ ਹੈ।

### ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ 'ਤੇ ਪਿੰਡਾਂ 'ਚ ਪੁੱਜੇ ਡਿਪਟੀ ਕਮਿਸ਼ਨਰ

# ਵਿਧਾਇਕ ਗੁਰਲਾਲ ਘਨੌਰ ਦੇ ਨਾਲ ਖੇਤਾਂ 'ਚ ਜਾ ਕੇ ਘੱਗਰ ਦੇ ਪੁਰਾਣੇ ਪਾੜ ਦਾ ਲਿਆ ਜਾਇਜ਼ਾ

**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੁਕਮਾਂ ਮੁਤਾਬਕ ਡਿਪਟੀ ਕਮਿਸ਼ਨਰ ਪਟਿਆਲਾ ਸ਼ੌਕਤ ਅਹਿਮਦ ਪਰੇ ਨੇ ਹਲਕਾ ਵਿਧਾਇਕ ਗੁਰਲਾਲ ਘਨੌਰ ਦੇ ਨਾਲ ਅੱਜ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਪਿੰਡ ਕਾਮੀ ਖੁਰਦ ਵਿਖੇ ਲਗਾਏ ਜਨ ਸੁਵਿਧਾ ਕੈਂਪ ਦੀ ਪ੍ਰਧਾਨਗੀ ਕੀਤੀ ਅਤੇ ਪਿੰਡ ਕਾਮੀ ਖੁਰਦ ਤੇ ਰਾਮਪੁਰ ਨੇੜੇ ਘੱਗਰ ਦੇ ਇਕ ਪੁਰਾਣੇ ਪਾੜ ਦਾ ਖੇਤਾਂ ਵਿੱਚ ਜਾ ਕੇ ਜਾਇਜ਼ਾ ਵੀ ਲਿਆ। ਇਸ ਕੈਂਪ ਦੌਰਾਨ ਕਾਮੀ ਖੁਰਦ ਤੋਂ ਇਲਾਵਾ ਹਰਪਾਲਪੁਰ, ਬੂੜ ਮਾਜਰੀ, ਉਲਾਣਾ, ਸੰਧਾਰਸੀ, ਮਰਦਾਂਪੁਰ, ਚਮਾਰੂ ਆਦਿ ਪਿੰਡਾਂ ਦੇ ਵਸਨੀਕਾਂ ਨੇ ਵੀ ਪ੍ਰਸ਼ਾਸਨਿਕ ਸੇਵਾਵਾਂ ਹਾਸਲ ਕੀਤੀਆਂ।

ਇਸ ਮੌਕੇ ਵਿਧਾਇਕ ਗੁਰਲਾਲ ਘਨੌਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਉਚ ਅਧਿਕਾਰੀਆਂ ਨੂੰ ਪਿੰਡਾਂ ਵਿੱਚ ਲੋਕਾਂ ਦੇ ਮਸਲੇ ਸੁਣਨ ਲਈ ਭੇਜਣ ਦਾ ਕੀਤਾ ਆਪਣਾ ਵਾਅਦਾ ਪੂਰਾ ਕਰ ਦਿੱਤਾ ਹੈ। ਵਿਧਾਇਕ ਨੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਤੇ ਹੋਰਨਾਂ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਕਾਮੀ ਖੁਰਦ ਵਿਖੇ ਕਰੀਬ ਅੱਧੀ ਦਰਜਨ ਪਿੰਡਾਂ ਦੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਕੇ ਤੁਰੰਤ ਹੱਲ ਕਰਨ ਲਈ ਕੀਤੀ ਕਾਰਵਾਈ ਦੀ ਸ਼ਲਾਘਾ ਕੀਤੀ। ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ



ਨਿਰਦੇਸ਼ਾਂ ਮੁਤਾਬਕ ਹਫ਼ਤੇ ਦੇ ਵਿੱਚ ਦੋ ਦਿਨ ਜਨ ਸੁਵਿਧਾ ਕੈਂਪ ਲਗਾਏ ਜਾਂਦੇ ਹਨ, ਜਿਸ 'ਚ ਇੱਕ ਦਿਨ ਏ.ਡੀ.ਸੀ. ਅਤੇ ਇੱਕ ਦਿਨ ਉਹ ਖ਼ੁਦ ਜਾਂਦੇ ਹਨ, ਇਸ ਲਈ ਜ਼ਿਲ੍ਹਾ ਨਿਵਾਸੀ ਆਪਣੇ ਨੇੜੇ ਲੱਗਦੇ ਅਜਿਹੇ ਕੈਂਪਾਂ ਦਾ ਲਾਭ ਜ਼ਰੂਰ ਉਠਾਉਣ। ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਅੱਜ ਦੇ ਇਸ ਕੈਂਪ ਦੌਰਾਨ ਉਨ੍ਹਾਂ ਕੋਲ ਘੱਗਰ 'ਚ ਪਿਛਲੇ ਸਾਲ ਆਏ ਹੜ੍ਹਾਂ ਕਰਕੇ ਟੁੱਟੇ ਬੰਨ੍ਹਾਂ, ਸੜਕਾਂ ਤੇ ਪੀਣ ਵਾਲੇ ਪਾਣੀ ਸਮੇਤ ਹੋਰ ਕਈ ਤਰ੍ਹਾਂ ਦੀਆਂ ਸ਼ਿਕਾਇਤਾਂ ਤੇ ਮਸਲੇ ਆਏ ਹਨ, ਜਿਨ੍ਹਾਂ ਦੇ ਹੱਲ ਲਈ ਉਨ੍ਹਾਂ ਨੇ ਸਬੰਧਤ ਵਿਭਾਗਾਂ ਨੂੰ ਕਾਰਵਾਈ ਕਰਨ ਲਈ ਆਦੇਸ਼ ਦਿੱਤੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਉਹ ਵਿਧਾਇਕ ਗੁਰਲਾਲ ਘਨੌਰ ਦੇ ਨਾਲ ਜਾ ਕੇ ਪਿੰਡ ਕਾਮੀ ਖੁਰਦ ਤੇ ਰਾਮਪੁਰ ਨੇੜੇ ਘੱਗਰ ਦੇ ਇੱਕ ਪੁਰਾਣੇ ਪਾੜ ਦਾ ਜਾਇਜ਼ਾ ਵੀ ਲੈਕੇ ਆਏ ਹਨ ਅਤੇ ਇਸ ਨੂੰ ਤੁਰੰਤ ਪੂਰਨ ਲਈ ਸਬੰਧਤ ਵਿਭਾਗਾਂ ਨੂੰ ਆਦੇਸ਼ ਜਾਰੀ ਕੀਤੇ ਗਏ ਹਨ। ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ 'ਤੇ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਕੈਂਪਾਂ ਵਿੱਚ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਮੌਕੇ 'ਤੇ ਹੱਲ ਕਰਨ ਅਤੇ ਵੱਖ-ਵੱਖ ਵਿਭਾਗਾਂ ਦੀਆਂ ਸਰਕਾਰੀ ਸੇਵਾਵਾਂ ਮੌਕੇ 'ਤੇ ਹੀ ਪ੍ਰਦਾਨ ਕਰਨ ਨੂੰ ਤਰਜੀਹ ਦਿੱਤੀ ਜਾ ਰਹੀ ਹੈ।

ਕੈਂਪ ਦੌਰਾਨ ਡੀ.ਡੀ.ਪੀ.ਓ. ਅਮਨਦੀਪ ਕੌਰ, ਡੀ.ਐਸ.ਪੀ. ਬੂਟਾ ਸਿੰਘ ਗਿੱਲ, ਤਹਿਸੀਲਦਾਰ ਜਸਪ੍ਰੀਤ ਸਿੰਘ, ਨਾਇਬ ਤਹਿਸੀਲਦਾਰ ਹਰਮਿੰਦਰ ਸਿੰਘ ਚੀਮਾ, ਬੀ.ਡੀ.ਪੀ.ਓ. ਜਤਿੰਦਰ ਸਿੰਘ ਢਿੱਲੋਂ, ਈ.ਟੀ.ਓ. ਰੁਪਿੰਦਜੀਤ ਸਿੰਘ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਵਾਤਾਵਰਣ ਇੰਜੀਨੀਅਰ ਰੋਹਿਤ ਸਿੰਗਲਾ, ਪੰਚਾਇਤ ਸਕੱਤਰ ਗੁਰਮੀਤ ਸਿੰਘ, ਐਸ.ਐਚ.ਓ. ਜਸਪ੍ਰੀਤ ਸਿੰਘ, ਪੀ.ਏ ਗੁਰਤਾਜ ਸਿੰਘ, ਦਵਿੰਦਰ ਸਿੰਘ ਭੰਗੂ, ਕਸ਼ਮੀਰੀ ਲਾਲ, ਸੁਰਿੰਦਰ ਸਿੰਘ, ਅਸ਼ਵਨੀ ਸਨੌਲੀਆ, ਸੁਰਿੰਦਰ ਸਰਵਾਰਾ, ਮੱਖਣ ਖਾਨ ਘਨੌਰ ਸਮੇਤ ਇਲਾਕੇ ਦੇ ਪਤਵੰਤੇ ਮੌਜੂਦ ਸਨ।

## ਪੰਜਾਬ ਪੁਲਿਸ ਵੱਲੋਂ ਮਾਨਸੂਨ ਦੇ ਸਵਾਗਤ ਵਿੱਚ ਬੂਟੇ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ

# ਪੰਜਾਬ ਪੁਲਿਸ ਵੱਲੋਂ ਸੂਬੇ ਭਰ ਵਿੱਚ ਵੱਖ-ਵੱਖ ਕਿਸਮਾਂ ਦੇ ਹਜ਼ਾਰਾਂ ਬੂਟੇ ਲਗਾਏ ਜਾਣਗੇ: ਡੀਜੀਪੀ ਗੌਰਵ ਯਾਦਵ



**ਚੰਡੀਗੜ੍ਹ, 13 ਜੁਲਾਈ**
**- -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਵਿੱਚ ਹਰਿਆਲੀ ਨੂੰ ਵਧਾਉਣ ਸਬੰਧੀ ਕੀਤੇ ਐਲਾਨ ਤੋਂ ਇੱਕ ਦਿਨ ਬਾਅਦ ਹੀ, ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਪੰਜਾਬ ਪੁਲਿਸ ਹੈੱਡਕੁਆਰਟਰ ਵਿਖੇ ਬੌਟਲ ਪਾਮ ਦਾ ਬੂਟਾ ਲਗਾ ਕੇ ਆਓ ਰੁਖ ਲਗਾਈਏ, ਧਰਤੀ ਮਾਂ ਨੂੰ ਬਚਾਈਏ ਦੇ ਨਾਅਰੇ ਅਧੀਨ ਸੂਬਾ ਪੱਧਰੀ ਪੌਦੇ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ।

ਇਸ ਪਹਿਲਕਦਮੀ ਨੂੰ ਗਲੋਬਲ ਵਾਰਮਿੰਗ ਨਾਲ ਲੜਨ ਲਈ ਵਾਤਾਵਰਨ ਪੱਖੀ ਪਹੁੰਚ ਕਰਾਰਦਿਆਂ ਦਿੰਦਿਆਂ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਸ਼ੁਰੂ ਕੀਤੀ ਇਸ ਮੁਹਿੰਮ ਤਹਿਤ ਸਾਰੇ ਪੁਲਿਸ ਜ਼ਿਲ੍ਹਿਆਂ/ਯੂਨਿਟਾਂ ਵਿੱਚ ਬੌਟਲ ਪਾਮ, ਮਲਸਰੀ, ਅਮਲਤਾਸ, ਟੀਕ, ਟਰਮੀਨਲੀਆ ਅਰਜਨ ਸਮੇਤ ਵੱਖ-ਵੱਖ ਕਿਸਮਾਂ ਦੇ ਹਜ਼ਾਰਾਂ ਬੂਟੇ ਲਗਾਏ ਜਾਣਗੇ।

ਡੀਜੀਪੀ ਨੇ ਪੰਜਾਬ ਦੇ ਲੋਕਾਂ ਨੂੰ ਅੱਗੇ ਆਉਣ ਅਤੇ ਪੌਦੇ ਲਗਾਉਣ ਦੀ ਇਸ ਮੁਹਿੰਮ ਨੂੰ ਜਨਤਕ ਲਹਿਰ ਵਿੱਚ ਬਦਲਣ ਲਈ ਪੰਜਾਬ ਪੁਲਿਸ ਦੇ ਇਸ ਉਪਰਾਲੇ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ ਦੀ ਅਪੀਲ ਕੀਤੀ।

ਇਸ ਮੌਕੇ ਡੀਜੀਪੀ ਪੰਜਾਬ ਤੋਂ ਬਾਅਦ ਸਪੈਸ਼ਲ ਡੀਜੀਪੀ ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀਏਡੀ) ਗੁਰਪ੍ਰੀਤ ਕੌਰ ਦਿਓ, ਸਪੈਸ਼ਲ ਡੀਜੀਪੀ ਹਿਊਮਨ ਰਿਸੋਰਸ ਡਿਵੈਲਪਮੈਂਟ (ਐਚਆਰਡੀ) ਈਸ਼ਵਰ ਸਿੰਘ, ਸਪੈਸ਼ਲ ਡੀਜੀਪੀ ਰੇਲਵੇ ਸ਼ਸ਼ੀ ਪੀ ਦਿਵੇਦੀ, ਐਡੀਸ਼ਨਲ ਡਾਇਰੈਕਟਰ ਜਨਰਲਜ਼ ਆਫ਼ ਪੁਲਿਸ (ਏਡੀਜੀਜ਼ਪੀ) ਡਾ. ਨਰੇਸ਼ ਕੁਮਾਰ ਅਰੋੜਾ, ਰਾਮ ਸਿੰਘ, ਐਸ.ਐਸ. ਸ੍ਰੀਵਾਸਤਵ, ਬੀ ਚੰਦਰ ਸੇਖਰ, ਜੀ ਨਾਗੇਸ਼ਵਰ ਰਾਓ, ਐਲ ਕੇ ਯਾਦਵ ਅਤੇ ਮੋਹਨੀਸ਼ ਚਾਵਲਾ ਅਤੇ ਇੰਸਪੈਕਟਰ ਜਨਰਲ ਆਫ਼ ਪੁਲਿਸ (ਆਈਜੀਪੀ) ਹੈੱਡਕੁਆਰਟਰ ਸੁਖਚੈਨ ਸਿੰਘ ਗਿੱਲ ਨੇ ਵੀ ਬੂਟੇ ਲਗਾਏ। ਇਸ ਦੌਰਾਨ ਪੰਜਾਬ ਪੁਲਿਸ ਹੈੱਡਕੁਆਰਟਰ ਵਿਖੇ ਵੱਖ-ਵੱਖ ਪ੍ਰਜਾਤੀਆਂ ਦੇ ਲਗਭਗ 25 ਬੂਟੇ ਲਗਾਏ ਗਏ।

ਡੀਜੀਪੀ ਨੇ ਸਾਰੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਸਬੰਧਤ ਜ਼ਿਲ੍ਹਿਆਂ/ਯੂਨਿਟਾਂ ਵਿੱਚ ਲਗਾਏ ਗਏ ਸਾਰੇ ਪੌਦਿਆਂ ਦੀ ਸਹੀ ਤੇ ਸੁਚੱਜੀ ਦੇਖਭਾਲ ਨੂੰ ਯਕੀਨੀ ਬਣਾਉਣ। ਜ਼ਿਕਰਯੋਗ ਹੈ ਕਿ 28 ਪੁਲਿਸ ਜ਼ਿਲ੍ਹਿਆਂ ਦੇ ਸਾਰੇ ਸੀਪੀਜ਼/ਐਸਐਸਪੀਜ਼ ਤੋਂ ਇਲਾਵਾ ਰੇਲਵੇ, ਕਮਾਂਡੋ ਬਟਾਲੀਅਨ, ਪੀਏਪੀ ਬਟਾਲੀਅਨ, ਆਈਆਰਬੀ ਬਟਾਲੀਅਨ ਅਤੇ ਇੰਟੈਲੀਜੈਂਸ ਵਿੰਗ ਸਮੇਤ ਸਾਰੀਆਂ ਯੂਨਿਟਾਂ ਦੇ ਮੁਖੀਆਂ ਨੇ ਵੀ ਆਪਣੇ ਸਬੰਧਤ ਜ਼ਿਲ੍ਹਿਆਂ ਵਿੱਚ ਬੂਟੇ ਲਗਾਏ।

## ਹਾਈਕੋਰਟ ਨੇ ਈਟੀਟੀ 2364 ਭਰਤੀ ਦੇ ਨਤੀਜੇ ਜਾਰੀ ਕਰਨ ਤੇ ਲੱਗੀ ਰੋਕ ਹਟਾਈ

**ਬਠਿੰਡਾ 13 ਜੁਲਾਈ**
**ਇੰਦਰਜੀਤ ਕਾਲੜਾ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਈਟੀਟੀ 2364 ਭਰਤੀ ਦੇ ਨਤੀਜੇ ਜਾਰੀ ਕਰਨ ਤੇ ਲੱਗੀ ਰੋਕ ਨੂੰ ਹਟਾ ਦਿੱਤਾ ਹੈ ਇਥੇ ਜਿਕਰਯੋਗ ਹੈ ਕਿ 11 ਜੁਲਾਈ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ 2364 ਭਰਤੀ ਉਤੇ ਲੱਗੀਆਂ ਓਹਨਾ ਸਾਰੀਆਂ ਯਾਚਿਕਾਵਾਂ ਨੂੰ ਖਾਰਜ ਕਰ ਦਿੱਤਾ ਜਿੰਨਾ ਕਰਕੇ ਇਸ ਭਰਤੀ ਦੇ ਨਤੀਜੇ ਜਾਰੀ ਕਰਨ ਤੇ ਰੋਕ ਲਗਾਈ ਗਈ ਸੀ, ਇਸ ਭਰਤੀ ਦੇ ਯੋਗ ਉਮੀਦਵਾਰਾਂ ਨੇ ਉਸ ਸਮੇਂ ਸੁੱਖ ਦਾ ਸਾਹ ਲਿਆ ਜਦੋਂ 11 ਜੁਲਾਈ ਨੂੰ ਲੰਬੀ ਚਲੀ ਸੁਣਵਾਈ ਦੌਰਾਨ ਹਾਈਕੋਰਟ ਨੇ 2364 ਭਰਤੀ ਦੇ ਉਮੀਦਵਾਰਾਂ ਦੇ ਨਿਯੁਕਤੀ ਪੱਤਰਾਂ ਦੇ ਸਾਰੇ ਰਸਤੇ ਖੋਲ ਦਿਤੇ , ਇਹ ਭਰਤੀ ਮਾਰਚ 2020 ਵਿੱਚ ਆਈ ਸੀ ਉਸਤੋ ਬਾਅਦ ਵਿਭਾਗ ਦਵਾਰਾ ਪੇਪਰ ਲੈਣ ਉਪਰੰਤ ਕੌਂਸਲਿੰਗ ਵੀ ਸ਼ੁਰੂ ਹੋ ਗਈ ਸੀ ਪਰ ਕੁਝ ਨੁਕਤਿਆਂ ਨੂੰ ਲੈਕੇ ਕੋਰਟ ਵਿੱਚ 2364 ਭਰਤੀ ਅਜੇਹੀ ਉਲਝੀ ਕੇ ਇਸਦੇ ਉਮੀਦਵਾਰ ਅੱਜ ਤਕ ਨਿਯੁਕਤੀ ਪੱਤਰਾਂ ਨੂੰ ਤਰਸ ਰਹੇ ਹਨ, ਪਰ 11 ਜੁਲਾਈ ਨੂੰ ਹਾਈਕੋਰਟ ਵਲੋ ਸਾਰੀਆਂ ਰੋਕਾਂ ਹਟਾਉਂਦਿਆਂ ਇਸ ਭਰਤੀ ਦੇ ਸਾਰੇ ਰਸਤੇ ਖੋਲ ਦਿੱਤੇ ਹਨ , ਇਸ ਮੌਕੇ ਕਮੇਟੀ ਆਗੂ ਮਨਪ੍ਰੀਤ ਮਾਨਸਾ ਨੇ ਪ੍ਰੈਸ ਨਾਲ ਗੱਲ ਕਰਦਿਆਂ ਦੱਸਿਆ ਕਿ ਹੁਣ ਸਾਰਾ ਕੁਝ ਵਿਭਾਗ ਦੇ ਹੱਥ ਹੈ ਕੇ ਓਹ ਇਸ ਭਰਤੀ ਦੇ ਯੋਗ ਉਮੀਦਵਾਰਾਂ ਨੂੰ ਕਦੋਂ ਨਿਯੁਕਤੀ ਪੱਤਰ ਦੇਕੇ ਸਕੂਲਾਂ ਵਿੱਚ ਭੇਜਦੇ ਹਨ, ਓਹਨਾ ਅੱਗੇ ਕਿਹਾ ਕਿ ਅਸੀਂ ਸਰਕਾਰ ਨੂੰ ਬੇਨਤੀ ਕਰਦੇ ਹਾਂ ਕੇ ਜਲਦੀ ਹੀ ਈਟੀਟੀ 2364 ਭਰਤੀ ਦੇ ਉਮੀਦਵਾਰਾਂ ਨੂੰ ਸਰਕਾਰ ਨਿਯੁਕਤੀ ਪੱਤਰ ਦੇਕੇ ਸਕੂਲਾਂ ਵਿਚ ਭੇਜੇ ਕਿਉਂਕਿ ਪਹਿਲਾਂ ਹੀ ਬਹੁਤ ਦੇਰ ਹੋ ਚੁੱਕੀ ਹੈ ਹੋਰ ਇੰਤਜ਼ਾਰ ਨਾ ਕਰਾਉਂਦਿਆ 2364 ਭਰਤੀ ਨੂੰ ਪੂਰਾ ਕੀਤਾ ਜਾਵੇ ਇਸ ਮੌਕੇਂ ਹਰਜੀਤ ਗੁਰਨੇ ,ਗੁਰਜੀਵਨ ਮਾਨਸਾ, ਜਸਵਿੰਦਰ ਸਿੰਘ ਦਿਓਲ, ਵਰਿੰਦਰ ਸਰਹੰਦ, ਸੇਵਕ ਸੰਗਰੂਰ,ਗੁਰਸੰਗਤ ਬੁੱਢਲਾਡਾ,ਅੰਮ੍ਰਿਤਪਾਲ ਧੂਰੀ,ਕਿਰਨ ਨਾਭਾ ਆਦਿ ਹਾਜ਼ਿਰ ਸਨ

# ਅਨੁਸੂਚਿਤ ਜਾਤੀਆਂ ਦੇ 6314 ਲਾਭਪਾਤਰੀਆਂ ਨੂੰ 32.20 ਕਰੋੜ ਰੁਪਏ ਜਾਰੀ: ਡਾ. ਬਲਜੀਤ ਕੌਰ

**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਵਰਗ ਦੀ ਭਲਾਈ ਲਈ ਲਗਾਤਾਰ ਯਤਨਸ਼ੀਲ ਹੈ, ਉਥੇ ਹੀ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਲਗਾਤਾਰ ਕਾਰਜ਼ਸ਼ੀਲ ਹੈ। ਅਸ਼ੀਰਵਾਦ ਫਾਰ ਅਨੁਸੂਚਿਤ ਜਾਤੀਆਂ ਸਕੀਮ ਅਧੀਨ ਸਾਲ 2023-24 ਦੇ ਅਨੁਸੂਚਿਤ ਜਾਤੀ ਦੇ ਕੁੱਲ 6314 ਲਾਭਪਾਤਰੀਆਂ ਨੂੰ 32.20 ਕਰੋੜ ਰੁਪਏ ਦੀ ਰਾਸ਼ੀ ਸਾਲ 2024-25 ਦੇ ਬਜਟ ਉਪਬੰਧ ਵਿੱਚੋਂ ਜਾਰੀ ਕੀਤੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਬਰਨਾਲਾ, ਫਰੀਦਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਮਲੇਰਕੋਟਲਾ, ਮੋਗਾ, ਸ੍ਰੀ ਮੁਕਤਸਰ ਸਾਹਿਬ, ਸੰਗਰੂਰ ਅਤੇ ਤਰਨਤਾਰਨ ਜ਼ਿਲ੍ਹਿਆਂ ਦੇ ਅਨੁਸੂਚਿਤ ਜਾਤੀਆਂ ਦੇ 6314 ਲਾਭਪਾਤਰੀਆਂ



ਲਈ 32.20 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ। ਇਸ ਰਾਸ਼ੀ ਵਿੱਚ ਸਾਲ 2023-24 ਦੌਰਾਨ ਅਨੁਸੂਚਿਤ ਜਾਤੀਆਂ ਦੇ ਅਸ਼ੀਰਵਾਦ ਪੋਰਟਲ ਤੇ ਪ੍ਰਾਪਤ ਕੁੱਲ 6314 ਲਾਭਪਾਤਰੀਆਂ ਨੂੰ ਕਵਰ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਜ਼ਿਲ੍ਹਾ ਬਰਨਾਲਾ ਦੇ 01, ਫਰੀਦਕੋਟ ਦੇ 482, ਗੁਰਦਾਸਪੁਰ ਦੇ 757, ਹੁਸ਼ਿਆਰਪੁਰ ਦੇ 1356, ਮਲੇਰਕੋਟਲਾ ਦੇ 253, ਮੋਗਾ ਦੇ 817, ਸ੍ਰੀ ਮੁਕਤਸਰ ਸਾਹਿਬ ਦੇ 935, ਸੰਗਰੂਰ ਦੇ 854 ਅਤੇ ਤਰਨਤਾਰਨ ਦੇ 859 ਲਾਭਪਾਤਰੀ ਨੂੰ ਕਵਰ ਕੀਤਾ ਗਿਆ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਦਾ ਲਾਭ ਲੈਣ ਲਈ ਬਿਨੈਕਾਰ ਪੰਜਾਬ ਰਾਜ ਦਾ ਸਥਾਈ ਨਾਗਰਿਕ ਹੋਵੇ, ਉਸ ਦਾ ਪਰਿਵਾਰ ਗਰੀਬੀ ਰੇਖਾ ਤੋਂ ਹੇਠਾਂ ਦਾ ਹੋਵੇ, ਬਿਨੈਕਾਰ ਅਨੁਸੂਚਿਤ ਜਾਤੀ, ਪੱਛੜੀਆਂ ਸ਼੍ਰੇਣੀਆਂ ਅਤੇ ਹੋਰ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਨਾਲ ਸਬੰਧਤ ਹੋਵੇ ਅਤੇ ਪਰਿਵਾਰ ਦੀ ਸਾਰੇ ਸਾਧਨਾ ਤੋ ਸਲਾਨਾ ਆਮਦਨ 32,790 ਰੁਪਏ ਤੋ ਘੱਟ ਹੋਵੇ, ਅਜਿਹੇ ਪਰਿਵਾਰਾਂ ਦੀਆਂ ਦੋ ਧੀਆਂ ਇਸ ਸਕੀਮ ਦਾ ਲਾਭ ਲੈਣ ਦੇ ਯੋਗ ਹਨ।

ਡਾ. ਬਲਜੀਤ ਕੌਰ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ।

# ਪੰਜਾਬ ਵੱਲੋਂ ਨੌਜਵਾਨਾਂ ਨੂੰ ਉੱਭਰਦੀਆਂ ਡਰੋਨ ਤਕਨੀਕਾਂ ਦੀ ਸਿਖਲਾਈ ਦੇਣ ਲਈ ਆਈ.ਆਈ.ਟੀ. ਰੋਪੜ ਨਾਲ ਸਮਝੌਤਾ ਸਹੀਬੱਧ

## ➢ ਇਸ ਸਮਝੌਤੇ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਮਿਲਣਗੇ 29 ਹਜ਼ਾਰ ਤੋਂ ਵੱਧ ਨੌਕਰੀਆਂ ਦੇ ਮੌਕੇ: ਅਮਨ ਅਰੋੜਾ ➢ ਆਈ.ਆਈ.ਟੀ. ਰੋਪੜ ਦੇ ਸਹਿਯੋਗ ਨਾਲ ਡਰੋਨ ਸੈਂਟਰ ਆਫ਼ ਐਕਸੀਲੈਂਸ ਵੀ ਸਥਾਪਤ ਕੀਤਾ ਜਾਵੇਗਾ: ਰੋਜ਼ਗਾਰ ਉੱਤਪਤੀ ਮੰਤਰੀ

**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੇ ਨੌਜਵਾਨਾਂ ਨੂੰ ਏਰੀਅਲ ਸਿਨੇਮੈਟੋਗ੍ਰਾਫੀ, ਫੋਟੋਗ੍ਰਾਫੀ, ਮੈਪਿੰਗ, ਨਿਗਰਾਨੀ ਅਤੇ ਖੇਤੀਬਾੜੀ ਸਮੇਤ ਵੱਖ-ਵੱਖ ਖੇਤਰਾਂ ਵਿੱਚ ਰੋਜ਼ਗਾਰ ਦੇ ਨਵੇਂ ਮੌਕੇ ਪ੍ਰਦਾਨ ਕਰਨ ਦੇ ਉਦੇਸ਼ ਨਾਲ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਨੂੰ ਭਵਿੱਖੀ ਅਤੇ ਉੱਭਰ ਰਹੀਆਂ ਡਰੋਨ ਤਕਨੀਕਾਂ ਦੀ ਸਿਖਲਾਈ ਪ੍ਰਦਾਨ ਕਰਨ ਲਈ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ (ਆਈ.ਆਈ.ਟੀ.), ਰੋਪੜ ਨਾਲ ਸਮਝੌਤਾ ਸਹੀਬੱਧ ਕੀਤਾ ਹੈ।

ਪੰਜਾਬ ਦੇ ਰੋਜ਼ਗਾਰ ਉੱਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਦੀ ਮੌਜੂਦਗੀ ਵਿੱਚ ਸੀ-ਪਾਈਟ ਦੇ ਡਾਇਰੈਕਟਰ ਜਨਰਲ ਮੇਜਰ



ਜਨਰਲ ਸ੍ਰੀ ਰਾਮਬੀਰ ਮਾਨ ਅਤੇ ਆਈ.ਆਈ.ਟੀ., ਰੋਪੜ ਦੇ ਡਾਇਰੈਕਟਰ ਪ੍ਰੋ. ਰਾਜੀਵ ਆਹੂਜਾ ਵੱਲੋਂ ਇਸ ਸਮਝੌਤੇ ਉੱਤੇ ਦਸਤਖ਼ਤ ਕੀਤੇ। ਇਸ ਮੌਕੇ ਰੋਜ਼ਗਾਰ ਉਤਪਤੀ ਵਿਭਾਗ ਦੇ ਡਾਇਰੈਕਟਰ ਮਿਸ ਅੰਮ੍ਰਿਤ ਸਿੰਘ ਵੀ ਹਾਜ਼ਰ ਸਨ। ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਇਹ ਸਮਝੌਤਾ ਤੇਜ਼ੀ ਨਾਲ ਵਿਕਸਤ ਹੋ ਰਹੇ ਡਰੋਨ ਈਕੋਸਿਸਟਮ ਵਿੱਚ ਸਥਾਨਕ ਡਰੋਨ ਪਾਇਲਟਾਂ ਦੀ ਵੱਧ ਰਹੀ ਮੰਗ ਦੀ ਪੂਰਤੀ ਕਰਨ ਦੇ ਨਾਲ ਨਾਲ ਖੇਤੀਬਾੜੀ, ਮੈਪਿੰਗ, ਆਫ਼ਤ ਪ੍ਰਬੰਧਨ, ਜੰਗਲੀ ਜੀਵ ਰੱਖਿਆ ਅਤੇ ਸਿਹਤ ਸੰਭਾਲ ਵਰਗੇ ਵੱਖ-ਵੱਖ ਖੇਤਰਾਂ ਲਈ ਡਰੋਨ-ਆਧਾਰਿਤ ਸਿਖਲਾਈ, ਖੋਜ, ਵਿਕਾਸ ਅਤੇ ਨਿਰਮਾਣ ਨੂੰ ਮਜ਼ਬੂਤ ਕਰੇਗਾ। ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਇਸ ਸਿਖਲਾਈ ਪ੍ਰੋਗਰਾਮ ਨਾਲ ਸੂਬੇ ਦੇ ਨੌਜਵਾਨਾਂ ਲਈ 29,000 ਤੋਂ ਵੱਧ ਰੋਜ਼ਗਾਰ ਦੇ ਮੌਕੇ ਪੈਦਾ ਹੋਣ ਦੀ ਆਸ ਹੈ। ਉਨ੍ਹਾਂ ਕਿਹਾ ਕਿ ਸੀ-ਪਾਈਟ ਅਤੇ ਆਈ.ਆਈ.ਟੀ. ਰੋਪੜ ਰਾਹੀਂ 150 ਦੇ ਕਰੀਬ ਨੌਜਵਾਨਾਂ ਨੂੰ ਡਰੋਨ ਪਾਇਲਟ ਵਜੋਂ ਸਿਖਲਾਈ ਦਿੱਤੀ ਜਾਵੇਗੀ। ਇਨ੍ਹਾਂ ਨੌਜਵਾਨਾਂ ਨੂੰ ਡੀ.ਜੀ.ਸੀ.ਏ. ਸਰਟੀਫਿਕੇਟ ਦਿੱਤੇ ਜਾਣਗੇ, ਜੋ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਹਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਆਈ.ਆਈ.ਟੀ. ਰੋਪੜ ਵੱਲੋਂ ਸੀ-ਪਾਈਟ ਨੂੰ ਉਸ ਦੇ ਇੱਕ ਕੈਂਪ ਵਿੱਚ ਇੱਕ ਡਰੋਨ ਸੈਂਟਰ ਆਫ਼ ਐਕਸੀਲੈਂਸ ਸਥਾਪਤ ਕਰਨ ਵਿੱਚ ਵੀ ਸਹਾਇਤਾ ਕੀਤੀ ਜਾਵੇਗੀ, ਜਿੱਥੇ ਡਰੋਨ ਅਪਰੇਟਰਾਂ ਦੀ ਸਿਖਲਾਈ ਤੋਂ ਇਲਾਵਾ ਡਰੋਨ ਦੀ ਮੁਰੰਮਤ ਅਤੇ ਅਸੈਂਬਲਿੰਗ ਵੀ ਕੀਤੀ ਜਾਵੇਗੀ।

ਰੋਜ਼ਗਾਰ ਉਤਪਤੀ ਵਿਭਾਗ ਦੇ ਡਾਇਰੈਕਟਰ ਮਿਸ ਅੰਮ੍ਰਿਤ ਸਿੰਘ ਨੇ ਕਿਹਾ ਕਿ ਸਫਲਤਾਪੂਰਵਕ ਸਿਖਲਾਈ ਮੁਕੰਮਲ ਕਰਨ ਵਾਲੇ ਨੌਜਵਾਨਾਂ ਨੂੰ ਉਚਿਤ ਰੋਜ਼ਗਾਰ ਲੱਭਣ ਵਿੱਚ ਵੀ ਸਹਿਯੋਗ ਦਿੱਤਾ ਜਾਵੇਗਾ। ਇਹ ਕਦਮ ਸਾਡੇ ਨੌਜਵਾਨਾਂ ਨੂੰ ਆਧੁਨਿਕ ਹੁਨਰ ਸਿਖਾ ਕੇ ਅਤੇ ਰੋਜ਼ਗਾਰ ਦੇ ਬਿਹਤਰ ਮੌਕੇ ਪ੍ਰਦਾਨ ਵਿੱਚ ਅਹਿਮ ਭੂਮਿਕਾ ਨਿਭਾਏਗਾ।

# ਡਿਪਟੀ ਕਮਿਸ਼ਨਰ ਨੇ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਰਿਕਵਰੀਆਂ ਯਕੀਨੀ ਬਣਾਉਣ ਦੇ ਦਿੱਤੇ ਆਦੇਸ਼

**ਅੰਮ੍ਰਿਤਸਰ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲੇ ਦੇ ਮਾਲ ਵਿਭਾਗ ਦੀ ਸਮੀਖਿਆ ਕਰਦੇ ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ ਨੇ ਵਿਭਾਗ ਦੇ ਕੰਮ ਦੀ ਪ੍ਰਗਤੀ ਦਾ ਜਾਇਜਾ ਲੈਂਦੇ ਹੋਏ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਰਿਕਵਰੀਆਂ ਵਿੱਚ ਤੇਜੀ ਲਿਆਂਦੀ ਜਾਵੇ ਅਤੇ ਪੁਰਾਣੇ ਪਏ ਇੰਤਕਾਲਾਂ ਦਾ ਨਿਪਟਾਰਾ ਮਿਥੇ ਸਮੇਂ ਅੰਦਰ ਕੀਤਾ ਜਾਵੇ। ਡਿਪਟੀ ਕਮਿਸ਼ਨਰ ਨੇ ਤਹਿਸੀਲਦਾਰਾਂ ਨੂੰ ਕਿਹਾ ਕਿ ਜਿੰਨਾਂ ਦੇ ਖੇਤਰਾਂ ਵਿੱਚ ਇੰਤਕਾਲਾ ਪੈਂਡਿੰਗ ਪਏ ਹਨ 'ਤੇ ਨਿੱਜੀ ਧਿਆਨ ਦੇ ਕੇ ਨੇਪਰੇ ਚਾੜਿਆ ਜਾਵੇ ਤਾਂ ਜੋ ਲੋਕਾਂ ਨੂੰ ਕਿਸ ਕਿਸਮ ਦੀ ਮੁਸਕਲ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਇਹ ਆਮ ਵੇਖਣ ਵਿੱਚ ਆ ਰਿਹਾ ਹੈ ਕਿ ਰਜਿਸਟਰੀ ਕਰਵਾਉਣ ਸਮੇਂ ਲੋਕਾਂ ਵੱਲੋਂ ਇੰਤਕਾਲ ਨਹੀਂ ਕਰਵਾਇਆ ਜਾਂਦਾ, ਜਿਸ ਕਰਕੇ ਵਿਭਾਗ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਨਾਂ ਕਿਹਾ ਕਿ ਸਰਕਾਰ ਦਾ ਅਕਸ਼ ਆਪਣੇ ਕੀਤੇ ਕੰਮਾਂ ਨਾਲ ਹੀ ਬਣਨਾ ਹੁੰਦਾ ਹੈ ਸੋ ਦਫ਼ਤਰਾਂ ਵਿਚ ਆਪਣੇ ਕੰਮਾਂ ਲਈ ਆਉਂਦੇ ਲੋਕਾਂ ਨਾਲ ਸਲੀਕੇ ਨਾਲ ਪੇਸ਼ ਆਇਆ ਜਾਵੇ ਅਤੇ ਕਾਇਦੇ ਵਿਚ ਰਹਿੰਦੇ ਹੋਏ ਉਨਾਂ ਦੇ ਕੰਮ ਕੀਤੇ ਜਾਣ ਨਾ ਕਿ ਬਾਰ-ਬਾਰ ਦਫ਼ਤਰ ਆਉਣ ਲਈ ਮਜ਼ਬੂਰ ਕੀਤਾ ਜਾਵੇ। ਉਨਾਂ ਕਿਹਾ ਕਿ ਸਰਕਾਰੀ ਫਾਈਲਾਂ ਦੇ ਨਿਬੇੜੇ ਦੇ ਨਾਲ ਨਾਲ ਦਫ਼ਤਰ ਆਏ ਆਮ ਲੋਕਾਂ ਦੇ ਕੰਮ ਕਰਨੇ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ।

ਡਿਪਟੀ ਕਮਿਸ਼ਨਰ ਨੇ ਸੇਵਾ ਕੇਂਦਰ ਦੇ ਲੰਬਿਤ ਪਏ ਕੇਸਾਂ ਨੂੰ ਲੈ ਕੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਹਿਲ ਦੇ ਅਧਾਰ ਤੇ ਲੰਬਿਤ ਕੇਸਾਂ ਦਾ ਨਿਪਟਾਰਾ ਕੀਤਾ ਜਾਵੇ। ਉਨ੍ਹਾਂ ਸਬੰਧਤ ਐਸ:ਡੀ:ਐਮਜ਼ ਨੂੰ ਵੀ ਨਿਰਦੇਸ਼ ਦਿੱਤੇ ਕਿ ਐਕਵਾਇਰ ਕੀਤੀਆਂ ਜਮੀਨਾਂ ਦੀ ਰਾਸ਼ੀ ਦਾ ਤੁਰੰਤ ਨਿਪਟਾਰਾ ਕਰਕੇ ਲਾਭਪਾਤਰੀਆਂ ਦੇ ਖਾਤੇ ਵਿੱਚ ਇਹ ਰਕਮ ਟਰਾਂਸਫਰ ਕੀਤੀ ਜਾਵੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਜੋਤੀ ਬਾਲਾ, ਵਧੀਕ ਡਿਪਟੀ ਕਮਿਸ਼ਨਰ ਸ਼ਹਿਰੀ ਵਿਕਾਸ ਸ੍ਰੀ ਨਿਕਾਸ ਕੁਮਾਰ, ਵਧੀਕ ਡਿਪਟੀ ਕਮਿਸ਼ਨਰ ਪੇਂਡੂ ਵਿਕਾਸ ਸ੍ਰੀਮਤੀ ਪਰਮਜੀਤ ਕੌਰ, ਮੈਡਮ ਸੋਨਮ, ਸਹਾਇਕ ਕਮਿਸ਼ਨਰ ਜਨਰਲ ਮੈਡਮ ਗੁਰਸਿਮਰਨ ਕੌਰ, ਐਸ.ਡੀ.ਐਮ ਅੰਮ੍ਰਿਤਸਰ-1 ਸ੍ਰੀ ਲਾਲ ਵਿਸ਼ਵਾਸ਼, ਐਸ.ਡੀ.ਐਮ ਬਾਬਾ ਬਕਾਲਾ ਸ੍ਰੀ ਰਵਿੰਦਰ ਅਰੋੜਾ, ਐਸ.ਡੀ.ਐਮ ਅਜਨਾਲਾ ਸ: ਅਰਵਿੰਦਰ ਪਾਲ ਸਿੰਘ , ਮੁੱਖ ਖੇਤੀਬਾੜੀ ਅਫਸਰ ਡਾ: ਤੇਜਿੰਦਰ ਸਿੰਘ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਸ੍ਰੀ ਭਗਵਾਨ ਜਗਨ ਨਾਥ ਜੀ ਦੀ ਰੱਥ ਯਾਤਰਾ ਧੂਮ ਧਾਮ ਨਾਲ ਕੱਢੀ ਜਾਵੇਗੀ



**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ੂ ਸੁਦਰਸ਼ਨ ਮਿੱਤਲ ਪ੍ਰੈਸ ਸੈਕਟਰੀ ਇਸ਼ਕਾਨ ਫੈਸਟੀਵਲ ਕਮੇਟੀ ਪਟਿਆਲਾ ਵਲੋਂ ਸ੍ਰੀ ਪਵਨ ਗੁਪਤਾ ਰਾਸ਼ਟਰੀਯ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਦੇ ਨਿਵਾਸ ਸਥਾਨ ਤੇ ਜਾ ਕੇ ਭਗਵਾਨ ਜਗਨ ਨਾਥ ਰੱਥ ਯਾਤਰਾ ਦਾ ਸੱਦਾ ਪੱਤਰ ਦਿੱਤਾ ਗਿਆ ਅਤੇ ਉਹਨਾਂ ਨੂੰ ਕਿਹਾ ਗਿਆ ਕਿ ਤੁਸੀਂ ਆਪਣੀ ਸਾਰੀ ਕੌਰ ਕਮੇਟੀ ਦੇ ਮੈਂਬਰ ਸਾਹਿਬਾਨ ਨਾਲ ਆਪਣੀ ਹਾਜਰੀ ਜਰੂਰੀ ਲਗਵਾਉਣੀ ਹੈ ਅਤੇ ਤੁਸੀਂ ਸਵੇਰੇ 10:00 ਵਜੇ ਤੋਂ 12:00 ਵਜੇ ਤੱਕ ਐਸ.ਕੇ.ਡੀ.ਐਸ. ਭਵਨ ਵਿਖੇ ਛੱਪਨ ਭੋਗ ਲਗਾ ਕੇ ਆਪਣੀ ਹਾਜਰੀ ਲਗਵਾਉਣੀ ਹੈ ਅਤੇ ਸੁਦਰਸ਼ਨ ਮਿੱਤਲ ਨੇ ਉਹਨਾਂ ਨੂੰ ਕਿਹਾ ਕਿ ਤੁਸੀਂ ਆਪਣੀ ਸ਼ੁੱਧ ਰਸੋਈ ਵਿੱਚ ਬਿਨਾਂ ਪਿਆਜ, ਲੱਸਣ ਅਤੇ ਹਲਦੀ ਤੋਂ ਬਿਨਾਂ ਕੋਈ ਵੀ ਚੀਜ ਇੱਕ ਗ੍ਰਾਮ ਤੋਂ ਲੈ ਕੇ 10 ਹਜਾਰ ਕਿਲੋਗ੍ਰਾਮ ਤੱਕ ਬਣਾ ਕੇ ਲਿਆਉਣੀ ਹੈ। ਪਵਨ ਗੁਪਤਾ ਪ੍ਰਧਾਨ ਹਿੰਦੁਸਤਾਨ ਸ਼ਿਵ ਸੈਨਾ ਨੇ ਸੁਦਰਸ਼ਨ ਮਿੱਤਲ ਅਤੇ ਉਹਨਾਂ ਦੀ ਟੀਮ ਨੂੰ ਵਿਸ਼ਵਾਸ਼ ਦਿਵਾਇਆ ਹੈ ਕਿ ਮੈਂ ਐਸ.ਕੇ.ਡੀ.ਐਸ. ਭਵਨ ਵਿੱਚ ਹਾਜਰ ਹੋ ਕੇ ਭਗਵਾਨ ਜਗਨ ਨਾਥ ਜੀ ਦੇ ਚਰਨਾ ਵਿੱਚ ਹਾਜਰੀ ਤਾਂ ਲਗਾਉਗਾ ਹੀ ਅਤੇ ਹੋਰ ਵੀ ਕੋਈ ਕਿਸੇ ਤਰ੍ਹਾਂ ਦੀ ਮੇਰੇ ਲਾਇਕ ਸੇਵਾ ਹੋਵੇ ਤਾਂ ਮੈਨੂੰ ਜਰੂਰ ਦੱਸਣਾ ਅਤੇ ਨਾਲ ਹੀ ਮੈਂ ਰੱਥ ਯਾਤਰਾ ਦੇ ਨਾਲ ਵੀ ਆਪਣੀ ਹਾਜਰੀ ਲਗਵਾਉਣਗਾ। ਇਸ ਮੌਕੇ ਸੁਦਰਸ਼ਨ ਮਿੱਤਲ ਦੀ ਟੀਮ ਨਾਲ ਜ਼ਸਵਿੰਦਰ ਸਿੰਘ ਸੈਂਡੀ ਵਾਲੀਆ, ਪ੍ਰਦੀਪ ਕਪਿਲਾ, ਜਰਨੈਲ ਸਿੰਘ ਮਾਹੀ, ਇੰਦਰ ਕੁਮਾਰ ਅਰੋੜਾ ਆਦਿ ਹਾਜਰ ਸਨ।

# ਨਾਭਾ ਐਸ.ਐਸ.ਜੈਨ ਸਭਾ ਮੇਂ ਮਹਾਂ ਸਾਧਵੀ ਦਾ ਮੰਗਲ ਪ੍ਰਵੇਸ਼



**ਨਾਭਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਭਾ ਐਸ.ਐਸ.ਜੈਨ ਸਭਾ ਮੇਂ ਮਹਾਂ ਸਾਧਵੀ ਸ਼੍ਰੀ ਵੈਸ਼ਾਲੀ ਪ੍ਰਭਾ ਜੀ ਮਹਾਰਾਜ ਮੰਗਲ ਪ੍ਰਵੇਸ਼ 10 ਜੁਲਾਈ ਸੇਵੇਰੇ ਪ੍ਰਧਾਨ ਸ੍ਰੀ ਮਤੀ ਅਲਕਾ ਜੈਨ ਪਾਰਵਤੀ ਮਹਿਲਾ ਮੰਡਲ ਦੇ ਨਿਵਾਸ ਸਥਾਨ ਪੁੱਡਾ ਕਲੋਨੀ ਤੋਂ ਸਵੇਰੇ 6.15 ਵਜੇ ਬੁੱਢਾ ਕਲੋਨੀ ਤੋਂ ਚੱਲ ਕੇ ਬੋੜਾ ਗੇਟ ਤੋਂ ਹੁੰਦੇ ਹੋਏ ਸ਼ਹਿਰ ਦੇ ਵਿੱਚ ਦੀ ਹੁੰਦੇ ਹੋਏ ਐਸ.ਐਸ ਜੈਨ ਸਭਾ ਪੁਰਾਣੀ ਨਾਭੀ ਵਿੱਚ ਪਹੁੰਚੇ ਉਥੇ ਸਾਰੇ ਸਮਾਜ ਦੇ ਮੈਂਬਰ ਵੀ ਹਾਜ਼ਰ ਸਨ ਪ੍ਰਧਾਨ ਗੋਰਵ ਜੈਨ, ਵਾਈਸ ਪ੍ਰਧਾਨ ਨਿਤਿਨ ਜੈਨ, ਕੈਸ਼ੀਅਰ ਪਿੰਕ ਰਾਜ ਜੈਨ, ਨਰਿੰਦਰ ਗੋਇਲ, ਜੈਨ ਕੁਮਰ ਜੈਨ, ਸੁਰੇਸ਼ ਜੈਨ, ਨਰੇਸ਼ ਕੁਮਾਰ ਜੈਨ, ਜਗਦੀਸ਼ ਸਿੰਗਲਾ ਕੋਰੀਅਰ ਵਾਲੇ , ਸੁਧੀਰ ਜੈਨ,ਗੋਤਮ ਜੈਨ, ਪ੍ਰਧਾਨ ਮਹਿਲਾ ਮੰਡਲ ਅੱਲਕਾ ਜੈਨ ਅਨੀਤਾ ਜੈਨ ਆਦਿ ਹੋਰ ਵੀ ਮੈਂਬਰ ਹਾਜ਼ਰ ਸਨ

# ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਵੱਲੋਂ ਹੁਨਰ ਸਿਖਲਾਈ ਲੈਣ ਵਾਲੇ ਉਮੀਦਵਾਰਾਂ ਨੂੰ ਸਰਟੀਫਿਕੇਟ ਤਕਸੀਮ



**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਵੱਲੋਂ ਨਗਰ ਨਿਗਮ ਦੇ ਸੀਵਰੇਜ ਵਰਕਰਾਂ ਨੂੰ ਹੁਨਰਮੰਦ ਬਣਾਉਣ ਦੇ ਮਕਸਦ ਨਾਲ ਹੁਨਰ ਸਿਖਲਾਈ ਪ੍ਰੋਗਰਾਮ ਸਫਲਤਾਪੂਰਵਕ ਕਰਵਾਇਆ ਗਿਆ। ਇਸ ਸਕੀਮ ਅਧੀਨ 107 ਉਮੀਦਵਾਰਾਂ ਨੇ ਸਫਲਤਾਪੂਰਵਕ ਹੁਨਰ ਸਿਖਲਾਈ ਪੂਰੀ ਕੀਤੀ। ਇਸ ਸਿਖਲਾਈ ਦੌਰਾਨ ਉਮੀਦਵਾਰਾਂ ਨੂੰ ਮਸ਼ੀਨਾਂ ਤੇ ਕੰਮ ਕਰਨਾ ਅਤੇ ਸੇਫ਼ਟੀ ਕਿੱਟ ਪਾ ਕੇ ਕੰਮ ਕਰਨਾ ਸਿਖਾਇਆ ਗਿਆ।

ਇਸ ਮੌਕੇ 'ਤੇ ਡਿਪਟੀ ਡਾਇਰੈਕਟਰ ਜ਼ਿਲ੍ਹਾ ਰੋਜ਼ਗਾਰ ਜਨਰੇਸ਼ਨ ਅਤੇ ਟ੍ਰੇਨਿੰਗ ਜ਼ਿਲ੍ਹਾ ਬਿਊਰੋ ਆਫ਼ ਰੋਜ਼ਗਾਰ ਐਂਡ ਟ੍ਰੇਨਿੰਗ, ਪਟਿਆਲਾ ਮੇਜਰ ਹਰਪ੍ਰੀਤ ਸਿੰਘ ਮਾਨਸ਼ਾਹੀਆ ਨੇ ਉਮੀਦਵਾਰਾਂ ਨੂੰ ਸਿਖਲਾਈ ਹਾਸਲ ਕਰਨ ਲਈ ਸ਼ਲਾਘਾ ਕਰਦਿਆਂ ਸਰਟੀਫਿਕੇਟ ਵੰਡੇ। ਉਹਨਾਂ ਕਿਹਾ ਕਿ ਉਮੀਦਵਾਰ ਹੁਣ ਹੋਰ ਚਣੌਤੀਆਂ ਲਈ ਆਪਣੇ ਹੁਨਰ ਨੂੰ ਵਰਤਣਗੇ ਅਤੇ ਹੋਰ ਵਧੀਆ ਕੰਮ ਕਰਨਗੇ।

ਇਸ ਮੌਕੇ ਤੇ ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਵਿਭਾਗ ਦਾ ਜ਼ਿਲ੍ਹਾ ਸਟਾਫ਼ ਗਗਨਦੀਪ ਕੌਰ, ਹਰਲੀਨ ਕੌਰ ਅਤੇਉਪਕਾਰ ਸਿੰਘ ਵੀ ਮੌਜੂਦ ਸਨ। ਇਹ ਪਹਿਲਕਦਮੀ ਸਾਰੇ ਖੇਤਰਾਂ ਵਿਚ ਹੁਨਰ ਵਿਕਾਸ ਅਤੇ ਸ਼ਕਤੀਕਰਨ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧਤਾ ਨੂੰ ਦਰਸਾਉਂਦੀ ਹੈ।

# ਵਧੀਕ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਸਿਹਤ ਸੁਸਾਇਟੀ ਦੇ ਕੰਮ ਦਾ ਲਿਆ ਜਾਇਜ਼ਾ



**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਕੰਚਨ ਨੇ ਅੱਜ ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮਹੀਨਾਵਾਰ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਬਰਸਾਤੀ ਸੀਜ਼ਨ ਦੌਰਾਨ ਫੈਲਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਲੋੜੀਂਦੇ ਪ੍ਰਬੰਧ ਰੱਖੇ ਜਾਣ ਅਤੇ ਸਿਹਤ ਵਿਭਾਗ ਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਆਪਸੀ ਤਾਲਮੇਲ ਨਾਲ ਨਾਲ ਵੱਖ ਵੱਖ ਖੇਤਰਾਂ 'ਚੋਂ ਪਾਣੀ ਦੇ ਸੈਂਪਲ ਦੀ ਜਾਂਚ ਕਰਨਾ ਯਕੀਨੀ ਬਣਾਉਣ। ਮੀਟਿੰਗ 'ਚ ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਵਾਲੀਆ ਤੇ ਸਿਵਲ ਸਰਜਨ ਡਾ. ਸੰਜੇ ਗੋਇਲ ਵੀ ਮੌਜੂਦ ਸਨ।

ਮੈਡਮ ਕੰਚਨ ਨੇ ਕੌਮੀ ਸਿਹਤ ਮਿਸ਼ਨ ਤਹਿਤ ਕਰਵਾਈਆਂ ਗਈਆਂ ਵੱਖ ਵੱਖ ਗਤੀਵਿਧੀਆਂ ਦੀ ਸਮੀਖਿਆ ਕਰਦਿਆਂ ਕਿਹਾ ਕਿ ਵਿਭਾਗ ਵੱਲੋਂ ਜਿਥੇ ਕੀਤੇ ਵੀ ਕੈਂਪ ਲਗਾਏ ਜਾਂਦੇ ਹਨ, ਉਥੇ ਸਾਰੀਆਂ ਸਕੀਮਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾਵੇ ਤਾਂ ਜੋ ਸਕੀਮਾਂ ਦਾ ਲਾਭ ਵੱਧ ਤੋਂ ਵੱਧ ਲਾਭਪਾਤਰੀਆਂ ਤੱਕ ਪੁੱਜਦਾ ਹੋ ਸਕੇ।

# ਲੋਕ ਮੁਫ਼ਤ ਕਾਨੂੰਨੀ ਸੇਵਾਵਾਂ ਦਾ ਵੱਧ ਤੋਂ ਵੱਧ ਲਾਹਾ ਲੈਣ: ਪ੍ਰਿੰਸੀਪਲ ਡਾ.ਨਰਿੰਦਰ ਕੁਮਾਰ

**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਰਪ੍ਰਸਤੀ ਅਤੇ ਮੈਡਮ ਰੁਪਿੰਦਰਜੀਤ ਚਹਿਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਅਤੇ ਮੈਡਮ ਮਾਨੀ ਅਰੋੜਾ ਚੀਫ਼ ਜੁਡੀਸ਼ੀਅਲ ਮੈਜਿਸਟ ?ਰੇਟ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਦੀ ਦੇਖ-ਰੇਖ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵਲੋਂ ਸਕੂਲ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇੱਕ ਮੁਫ਼ਤ ਕਾਨੂੰਨੀ ਜਾਗਰੂਕਤਾ ਸੈਮੀਨਾਰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਤ੍ਰਿਪੜੀ ਵਿਖੇ ਆਯੋਜਿਤ ਕੀਤਾ ਗਿਆ।

ਇਸ ਮੌਕੇ ਕੀ ਨੋਟ ਸਪੀਕਰ ਉੱਘੇ ਸਮਾਜਸੇਵੀ ਵਾਤਾਵਰਨ ਤੇ ਕਲਾ ਪ੍ਰੇਮੀ ਭਗਵਾਨ ਦਾਸ ਗੁਪਤਾ ਪੈਰਾ ਲੀਗਲ ਵਲੰਟੀਅਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਮੁਫ਼ਤ ਕਾਨੂੰਨੀ



ਪੈਰਾ ਲੀਗਲ ਵਲੰਟੀਅਰ ਉੱਘੇ ਸਮਾਜਸੇਵੀ ਭਗਵਾਨ ਦਾਸ ਗੁਪਤਾ ਵਿਦਿਆਰਥੀਆਂ ਨੂੰ ਕਾਨੂੰਨੀ ਸੇਵਾਵਾਂ ਬਾਰੇ ਜਾਣਕਾਰੀ ਦਿੰਦੇ ਹੋਏ।

ਸੇਵਾਵਾਂ, ਲੋਕ ਅਦਾਲਤਾਂ ਦੇ ਲਾਭ, ਸਥਾਈ ਲੋਕ ਅਦਾਲਤ ( ਜਨ ਉਪਯੋਗਤਾ ਸੇਵਾਵਾਂ ) ਬਾਰੇ ਜਾਗਰੂਕ ਕੀਤਾ,

ਭਗਵਾਨ ਦਾਸ ਗੁਪਤਾ ਨੇ ਹਾਜ਼ਰੀਨ ਨੂੰ ਅਥਾਰਟੀ ਵਲੋਂ ਦਿੱਤੀਆਂ ਜਾਂਦੀਆਂ ਵੱਖ ਵੱਖ ਮੁਫ਼ਤ ਕਾਨੂੰਨੀ ਸੇਵਾਵਾਂ ਅਤੇ ਪੰਜਾਬ ਪੀੜਤ ਮੁਆਵਜ਼ਾ ਸਕੀਮ-2017 ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ 29 ਜੁਲਾਈ ਤੋਂ 3 ਅਗਸਤ ਤੱਕ ਸੁਪਰੀਮ ਕੋਰਟ ਵਿਖੇ ਲੱਗਣ ? ਵਾਲੀ ਲੋਕ ਅਦਾਲਤ ਅਤੇ ਸਤੰਬਰ ਮਹੀਨੇ ਵਿੱਚ ਲੱਗਣ ਜਾਂ ਰਹੀ ਨੈਸ਼ਨਲ ਲੋਕ ਅਦਾਲਤ ਬਾਰੇ ਵੀ ਜਾਣਕਾਰੀ ਦਿੱਤੀ।

ਸਕੂਲ ਦੇ ਪ੍ਰਿੰਸੀਪਲ ਡਾ.ਨਰਿੰਦਰ ਕੁਮਾਰ ਪੀਈਐਸ ਨੇ ਲੋਕਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਅਪੀਲ ਕੀਤੀ। ਵਾਤਾਵਰਨ ਪ੍ਰੇਮੀ ਜਨਕ ਰਾਜ ਗੁਪਤਾ ਨੇ ਵਿਦਿਆਰਥੀਆਂ ਨੂੰ ਵਾਤਾਵਰਨ ਨੂੰ ਬਚਾਉਣ ਅਤੇ ਸਾਫ਼ ਸੁਥਰਾ ਰੱਖਣ ਲਈ ਆਪਣੇ ਘਰਾਂ ਦੇ ਆਲੇ ਦੁਆਲੇ ਵੱਧ ਤੋਂ ਵੱਧ ਪੌਦੇ ਲਗਾਉਣ ਦੀ ਵੀ ਅਪੀਲ ਕੀਤੀ

ਮੰਚ ਸੰਚਾਲਨ ਦਾ ਫ਼ਰਜ਼ ਮੈਡਮ ਰਜ਼ਨੀ ਭਾਰਗਵ ਲੈਕਚਰਾਰ ਨੇ ਬਾਖੂਬੀ ਨਿਭਾਇਆ।

# ਡਿਪਟੀ ਕਮਿਸ਼ਨਰ ਨੇ ਦਿਵਿਆਂਗਜਨਾਂ ਨੂੰ 80 ਲੱਖ ਰੁਪਏ ਦੀ ਲਾਗਤ ਨਾਲ 319 ਸਹਾਇਕ ਉਪਕਰਣ ਮੁਫ਼ਤ ਵੰਡਣ ਦੀ ਸ਼ੁਰੂਆਤ ਕਰਵਾਈ

**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਕਿਹਾ ਹੈ ਕਿ ਦਿਵਿਆਂਗਜਨਾਂ ਨੂੰ ਲੋੜੀਂਦੇ ਨਕਲੀ ਅੰਗ ਅਤੇ ਹੋਰ ਸਹਾਇਕ ਉਪਕਰਨ ਉਨ੍ਹਾਂ ਦੀ ਲੋੜ ਮੁਤਾਬਕ ਨਾਲੋ-ਨਾਲ ਮੁਫ਼ਤ ਮੁਹੱਈਆ ਕਰਵਾਉਣ ਲਈ ਪਟਿਆਲਾ ਵਿਖੇ ਵੀ ਅਲਿਮਕੋ ਦਾ ਅਸੈਸਮੈਂਟ ਸੈਂਟਰ ਖੋਲ੍ਹਣ ਲਈ ਤਜਵੀਜ਼ ਤਿਆਰ ਕੀਤੀ ਜਾਵੇਗੀ। ਅਜਿਹਾ ਹੋਣ ਨਾਲ ਵਾਰ-ਵਾਰ ਅਜਿਹੇ ਕੈਂਪ ਲਾਉਣ ਦੀ ਲੋੜ ਨਹੀਂ ਪਵੇਗੀ ਤੇ ਤੁਰੰਤ ਅਸੈਸਮੈਂਟ ਕਰਕੇ ਇੱਕ ਦੋ ਦਿਨਾਂ ਦੇ ਅੰਦਰ-ਅੰਦਰ ਦਿਵਿਆਂਗਜਨਾਂ ਨੂੰ ਨਕਲੀ ਅੰਗ ਤੇ ਸਹਾਇਕ ਉਪਕਰਣ ਮਿਲ ਜਾਵੇਗਾ।

ਸ਼ੌਕਤ ਅਹਿਮਦ ਪਰੇ ਅੱਜ ਇੱਥੇ ਜ਼ਿਲ੍ਹਾ ਡਿਸਏਬਿਲਟੀ ਸੈਂਟਰ ਵਿਖੇ ਤਿੰਨ ਰੋਜ਼ਾ ਮੁਫ਼ਤ ?ਦਿਵਿਆਂਗਜਨ ਉਪਕਰਣ ਵੰਡ ਕੈਂਪ ਦੀ ਸ਼ੁਰੂਆਤ ਕਰਨ ਪੁੱਜੇ ਹੋਏ ਸਨ। ਇਸ ਮੌਕੇ ਉਨ੍ਹਾਂ ਦੱਸਿਆ ਕਿ ਦਿ ?ਵਿਆਂਗਜਨਾਂ ਨੂੰ ਸਮਾਜ ਦੀ ਮੁਖ ਧਾਰਾ ਵਿੱਚ ਲਿਆਉਣ ਲਈ ਸਰਕਾਰ ਨੇ ਉਹਨਾਂ ਦੇ ਕਲਿਆਨ ਅਤੇ ਪੁਨਰਵਾਸ ਦੇ ਲਈ ਅਨੇਕਾਂ ਪ੍ਰੋਗਰਾਮ ਉਲੀਕੇ ਹਨ, ਇਸੇ ਤਹਿਤ ਹੀ 12 ਜੁਲਾਈ ਤੱਕ ਪਟਿਆਲਾ ਜ਼ਿਲ੍ਹੇ ਦੇ ?ਉਨ੍ਹਾਂ ਦਿਵਿਆਂਗਜਨਾਂ ਨੂੰ 80 ਲੱਖ ਰੁਪਏ ਦੀ ਲਾਗਤ ਨਾਲ 319 ਸਹਾਇਕ ਉਪਕਰਣ ਮੁਫ਼ਤ ਵੰਡੇ ਜਾਣਗੇ, ਜਿਨ੍ਹਾਂ ਦੀ ਪਹਿਲਾਂ ਅਸੈਸਮੈਂਟ ਕੀਤੀ ਗਈ ਸੀ।

ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਇਸ ਕੰਮ ਲਈ ਜਨਰਲ ਇੰਸ਼ੋਰੈਂਸ ਕਾਰਪੋਰੇਸ਼ਨ ਆਫ਼ ਇੰਡੀਆ (ਜੀ.ਆਈ.ਸੀ), ਨੇ ਆਪਣੇ ਸੀ.ਐਸ.ਆਰ. ਪ੍ਰੋਗਰਾਮ ਰਾਹੀ 51.21 ਲੱਖ ਦੀ ਸਹਾਇਤਾ ਕੀਤੀ ਹੈ। ਜਦੋਂ ਕਿ ਬਾਕੀ ਦੀ ਰਕਮ ਦਾ ਪ੍ਰਬੰਧ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ, ਭਾਰਤ ਸਰਕਾਰ ਦੇ ਦਿਵਿਆਂਗਜਨ ਸਸ਼ਕਤੀਕਰਨ ਵਿਭਾਗ ਦੇ ਅਧੀਨ ਕੰਮ ਕਰ ਰਹੇ ਭਾਰਤੀਯ ਕ੍ਰਿਤਰਮ ਅੰਗ ਨਿਰਮਾਣ ਨਿਗਮ (ਅਲਿਮਕੋ)ਅਤੇ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਜ਼ਿਲਾ ਪ੍ਰਸ਼ਾਸਨ ਨੇ ਕੀਤਾ ਹੈ।

ਅੱਜ ਲਗਭਗ 176 ਦਿਵਿਆਂਗਜਨਾਂ ਨੂੰ ਜਨਰਲ ਇੰਸ਼ੋਰੈਂਸ ਕਾਰਪੋਰੇਸ਼ਨ ਆਫ਼ ਇੰਡੀਆ ਦੀ



ਸੀਐਸਆਰ ਸਕੀਮ ਯੋਜਨਾ ਤਹਿਤ ਲਗਭਗ ਸਹਾਇਕ ਉਪਕਰਣ ਵੰਡੇ ਗਏ।

ਜਨਰਲ ਇੰਸ਼ੋਰੈਂਸ ਕਾਰਪੋਰੇਸ਼ਨ ਆਫ਼ ਇੰਡੀਆ ਦੀ ਸੀਐਸਆਰ ਸਕੀਮ ਦੀ ਯੋਜਨਾ ਦੇ ਅੰਤਰਗਤ ਅਲਿਮਕੋ ਵਲੋਂ ਬਣਾਏ ਕੁਲ 319 ਸਹਾਇਕ ਉਪਕਰਣ ਵੰਡੇ ਗਏ, ਜਿਨ੍ਹਾਂ ਵਿੱਚ 07 ਜਾਇਸਟਿਕ, 70 ਮੋਟਰਾਈਜ਼ਡ ਟਰਾਈਸਾਈਕਲ, 28 ਟਰਾਈਸਾਈਕਲ, 05 ਰੋਲੇਟਰ, 35 ਵਹੀਲ ਚੇਅਰ, 86 ਵਿਸਾਖੀਆਂ, 19 ਛੜੀਆਂ, 32 ਕੰਨਾਂ ਦੀਆਂ ਮਸ਼ੀਨਾਂ, 01 ਸੀ.ਪੀ ਚੇਅਰ ਅਤੇ 36 ਨਕਲੀ ਅੰਗ ਅਤੇ ਕੈਲੀਪਰ ਸ਼ਾਮਲ ਸਨ।

ਸਮਾਰੋਹ ਵਿੱਚ ਭਾਰਤੀਯ ਕ੍ਰਿਤਰਮ ਅੰਗ ਨਿਰਮਾਣ ਨਿਗਮ (ਅਲਿਮਕੋ) ਵੱਲੋਂ ਡਾ. ਅਸ਼ੋਕ ਸਾਹੂ ਤੇ ਉਨ੍ਹਾਂ ਦੀ ਟੀਮ, ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਦੇ ਸਕੱਤਰ ਡਾ. ਪ੍ਰਿਤਪਾਲ ਸਿੰਘ ਸਿੱਧੂ, ਵਿਜੇ ਗੋਇਲ, ਹਾਊਸਿੰਗ ਅਤੇ ਜਨਰਲ ਇੰਸ਼ੋਰੈਂਸ ਕਾਰਪੋਰੇਸ਼ਨ ਆਫ਼ ਇੰਡੀਆ ਦੇ ਨੁਮਾਇੰਦੇ ਅਤੇ ਲਾਭਪਾਤਰੀ ਮੌਜੂਦ ਸਨ।

# ਪੰਚਾਇਤ ਵਿਭਾਗ ਨੇ ਪਿੰਡ ਤਰੈਂ ਦੀ 5 ਏਕੜ 2 ਕਨਾਲ 11 ਮਰਲੇ ਸ਼ਾਮਲਾਤ ਜਮੀਨ ਤੋਂ ਛੁਡਵਾਇਆ ਨਾਜਾਇਜ਼ ਕਬਜਾ



**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਚਾਇਤੀ ਵਿਭਾਗ ਵੱਲੋਂ ਗਰਾਮ ਪੰਚਾਇਤ ਤਰੈਂ ਦੀ ਸ਼ਾਮਲਾਤ ਜਮੀਨ 5 ਏਕੜ 2 ਕਨਾਲ 11 ਮਰਲੇ ਰਕਬੇ ਦਾ ਕਬਜਾ ਦਾ ਨਜਾਇਜ ਕਬਜਾ ਛੁਡਵਾਇਆ ਗਿਆ ਇਸ ਰਕਬੇ ਤੇ ਨਜਾਇਜ ਕਾਬਜਕਾਰਾ ਵੱਲੋਂ ਲਗਭਗ 15-20 ਸਾਲਾ ਤੋਂ ਨਜਾਇਜ ਤੋਰ ਉਤੇ ਕਬਜਾ ਕੀਤਾ ਹੋਇਆ ਸੀ।

ਇਹ ਜਾਣਕਾਰੀ ਦਿੰਦੀਆਂ ਬੀ.ਡੀ.ਪੀ.ਓ ਪਟਿਆਲਾ ਮਿਸ. ਸੁਮਰਿਤਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਅਗਵਾਈ ਹੇਠ ਪੰਚਾਇਤੀ ਜਮੀਨਾਂ ਨਾਜਾਇਜ਼ ਕਾਬਜਕਾਰਾਂ ਕੋਲੋਂ ਛੁਡਵਾਈਆਂ ਜਾ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਪਿੰਡ ਤਰੈਂ ਦੀ ਇਸ ਸ਼ਾਮਲਾਤ ਜਮੀਨ ਦਾ ਨਾਜਾਇਜ਼ ਕਬਜ਼ਾ ਛੁਡਵਾਉਣ ਲਈ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ, ਡਿਪਟੀ ਕਮਿਸ਼ਨਰ ਸੌਕਤ ਅਹਿਮਦ ਪਰੇ ਅਤੇ ਡੀ.ਡੀ.ਪੀ.ਓ.ਅਮਨਦੀਪ ਕੌਰ ਦੇ ਦਿਸ਼ਾ-ਨਿਰਦੇਸਾਂ ਦੀ ਪਾਲਣਾ ਕੀਤੀ ਗਈ ਹੈ ਉਨ੍ਹਾਂ ਕਿਹਾ ਕਿ ਪਟਿਆਲਾ ਵਿਖੇ ਜਿੱਥੇ ਵੀ ਕੋਈ ਨਾਜਾਇਜ਼ ਕਬਜਾ ਬਾਕੀ ਰਹਿ ਗਿਆ ਹੈ, ਉਹ ਵੀ ਜਲਦੀ ਹੀ ਛੁਡਵਾਇਆ ਜਾਵੇਗਾ। ਕਬਜਾ ਕਾਰਵਾਈ ਮੌਕੇ ਡਿਊਟੀ ਮੈਜਿਸਟਰੇਟ ਤਹਿਸੀਲਦਾਰ ਪਟਿਆਲਾ, ਹਲਕਾ ਕਾਨੂੰਗੋ, ਪੁਲਿਸ ਪ੍ਰਸਾਸਨ, ਹਰਮਿੰਦਰ ਸਿੰਘ ਐਸ.ਈ.ਪੀ.ਓ, ਗੁਰਮੱਖ ਸਿੰਘ ਟੈਕਸ ਕੁਲੈਕਟਰ, ਦਸਮੇਸ ਸਿੰਘ ਵੀ.ਡੀ.ਓ, ਅਮਰਜੀਤ ਸਿੰਘ (ਪ੍ਰਬੰਧਕ) ਵੀ.ਡੀ.ਓ, ਅਮਰੀਕ ਸਿੰਘ ਵੀ.ਡੀ.ਓ, ਸ਼ਿਵਦਰਸ਼ਨ ਗਿਰ ਸੰਮਤੀ ਪਟਵਾਰੀ, ਮਨਜੋਤ ਸਿੰਘ ਬਲਾਕ ਪਟਿਆਲਾ ਅਤੇ ਹੋਰ ਪਿੰਡ ਦੇ ਮੋਹਤਵਾਰ ਵਿਅਕਤੀ ਹਾਜਰ ਸਨ ।

# ਵਾਤਾਵਰਣ ਦੇ ਵਿਗੜੇ ਹੋਏ ਹਲਾਤਾਂ ਨੂੰ ਸੁਧਾਰਨ ਲਈ ਸਾਰਿਆਂ ਨੂੰ ਇੱਕਠੇ ਹੋਣ ਦੀ ਲੋੜ: ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ



**ਮਾਛੀਵਾੜਾ ਸਾਹਿਬ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ ਇਸ ਸਲੋਕ ਵਿੱਚ ਗੁਰੂ ਸਾਹਿਬਾਨ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਂ ਦਾ ਦਰਜਾ ਦਿੱਤਾ ਹੈ। ਇਸ ਉਦੇਸ਼ ਨੂੰ ਮੁੱਖ ਰੱਖਦਿਆ ਸਮਾਜ ਸੇਵੀ ਕਾਰਜਾ ਵਿੱਚ ਜੁੱਟੀ ਸੰਸਥਾ ਮਾਛੀਵਾੜਾ ਸਾਹਿਬ ਸੋਸ਼ਲ ਵੈਲਫੇਅਰ ਸੁਸਾਇਟੀ ਐਨ.ਜੀ.ਓ (ਰਜ਼ਿ) ਵੱਲੋਂ ਅੱਜ ਵਾਤਾਵਰਨ ਦੀ ਸਾਂਭ ਸੰਭਾਲ ਲਈ ਬੂਟੇ ਲਗਾਏ ਗਏ।

ਐਨ.ਜੀ.ਓ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਨੇ ਕਿਹਾ ਕਿ ਅੱਜ ਕੱਲ੍ਹ, ਵਾਤਾਵਰਨ ਦਾ ਮਾਮਲਾ ਇੱਕ ਗੰਭੀਰ ਮੁੱਦਾ ਹੈ, ਜਿਸਦੇ ਪ੍ਰਤੀ ਸਾਰੇ ਜਾਣੂ ਹੋਣੇ ਚਾਹੀਦੇ ਹਨ ਅਤੇ ਇਸ ਸਮੱਸਿਆ ਦਾ ਸਾਹਮਣਾ ਕਰਨ ਲਈ ਸਕਾਰਾਤਮਕ ਯਤਨ ਕਰਨੇ ਚਾਹੀਦੇ ਹਨ। ਅੱਜ ਸਾਹ ਲੈਣ ਲਈ ਸਾਡੀ ਹਵਾ, ਪੀਣ ਨੂੰ ਪਾਣੀ, ਉਪਜਾਊ ਫਸਲਾਂ ਲਈ ਮਿੱਟੀ ਆਦਿ ਸੱਭ ਕੁੱਝ ਪ੍ਰਦੂਸ਼ਿਤ ਹੋ ਚੁੱਕਿਆ ਹੈ। ਇਸੇ ਕਰਕੇ ਸਮੁੱਚੇ ਸੰਸਾਰ ਵਿੱਚ ਵਾਤਾਵਰਨ ਸਬੰਧੀ ਇਸ ਅਵੇਸਲੇਪਣ ਨੂੰ ਦੂਰ ਕਰਨ ਲਈ ਅਤੇ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਅਤੇ ਦੂਜਿਆਂ ਨੂੰ ਸਮਝਾਉਣ ਲਈ ਖਾਸ ਯਤਨ ਵੱਜੋਂ ਵਾਤਾਵਰਨ ਦੀ ਸਾਂਭ ਸੰਭਾਲ ਲਈ ਹਰ ਮਨੁੱਖ ਨੂੰ ਇੱਕ ਰੁੱਖ ਜ਼ਰੂਰ ਲਗਾਉਣਾ ਚਾਹੀਦਾ ਹੈ, ਤਾਂ ਕਿ ਅਸੀਂ ਆਪਣੀ ਜ਼ਿੰਮੇਵਾਰੀ ਪ੍ਰਤੀ ਸੁਹਿਰਦ ਹੋ ਸਕੀਏ।

ਇਸ ਮੌਕੇ ਕਿਸਾਨ ਆਗੂ ਸੁਖਵਿੰਦਰ ਸਿੰਘ ਢਿੱਲੋਂ, ਐਨ.ਜੀ.ਓ ਮੈਂਬਰ ਜਗਦੀਸ਼ ਚਾਨਣਾ, ਮਿੰਕੂ ਹੰਸ, ਪਰਮਦੀਪਪਾਲ ਸਿੰਘ, ਵਿਦਿਆਰਥਣ ਗੁਰਪ੍ਰੀਤ ਕੌਰ ਆਦਿ ਹਾਜ਼ਰ ਸਨ।

# ਗਰਮੀ ਕਾਰਨ 15 ਹਜ਼ਾਰ ਮੈਗਾਵਾਟ ਬਿਜਲੀ ਦੀ ਵੱਧੀ ਮੰਗ

**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਚ ਪਿਛਲੇ ਦੋ ਦਿਨਾਂ ਤੋਂ ਪੈ ਰਹੀ ਗਰਮੀ ਦੇ ਕਾਰਨ ਬਿਜਲੀ ਦੀ ਮੰਗ ਵਿੱਚ ਵਾਧਾ ਹੋਇਆ ਕੁਝ ਦਿਨ ਪਹਿਲਾਂ ਮੌਸਮ ਦੇ ਵਿੱਚ ਆਈ ਤਬਦੀਲੀ ਦੇ ਕਾਰਨ ਬਿਜਲੀ ਦੀ ਮੰਗ ਵਿੱਚ ਘਟ ਗਈ ਸੀ ਅਤੇ ਮੌਸਮ ਮੌਸਮ ਵਿੱਚ ਵੀ ਬਦਲਾਵ ਆਉਂਦੇ ਕਾਰਨ ਕਾਫੀ ਜਿਆਦਾ ਫਰਕ ਨਜ਼ਰ ਆ ਰਿਹਾ ਸੀ ਤੇ ਬਿਜਲੀ ਦੀ ਮੰਗ ਘਟ ਗਈ ਸੀ ਕਿਉਂਕਿ ਮੌਸਮ ਠੰਡਾ ਹੋਣ ਦੇ ਕਾਰਨ ਲੋਕਾਂ ਵੱਲੋਂ ਆਪਣੇ ਘਰਾਂ ਵਿੱਚ ਲੱਗੇ ਕੂੱਲਰ ਅਤੇ ਏ ਸ਼ੀ ਦੀ ਵਰਤੋਂ ਘੱਟ ਕੀਤੀ ਜਾ ਰਹੀ ਸੀ। ਪਰ ਕੁਝ ਦਿਨਾਂ ਤੋਂ ਵੱਧ ਰਹੀ ਗਰਮੀ ਦੇ ਕਾਰਨ ਤੇ ਮੀਂਹ ਦੇ ਘੱਟ ਹੋਣ ਕਾਰਨ ਦੁਬਾਰਾ ਤੋਂ ਗਰਮੀ ਵੱਧਦੀ ਨਜ਼ਰ ਆ ਰਹੀ ਹੈ ਅਤੇ ਲੋਕਾਂ ਵੱਲੋਂ ਬਿਜਲੀ ਦੀ ਜਿਆਦਾ ਵਰਤੋਂ ਕਰਨ ਨਾਲ ਇਸ ਦ ਅਸਰ ਵੇਖਣ ਨੂੰ ਮਿਲ ਰਿਹਾ। ਵੱਧ ਰਹੀ ਗਰਮੀ ਦੇ ਕਾਰਨ 15,343 ਮੇਗਾਵਾਟ ਬਿਜਲੀ ਦੀ ਮੰਗ ਵਿੱਚ ਵਾਧਾ ਹੋਇਆ ਹੈ ਜਦੋਂ ਕਿ ਰੋਪੜ ਦਾ ਥਰਮਲ ਪਲਾਂਟ ਇੱਕ ਯੂਨਿਟ ਬੰਦ ਹੋ ਚੁੱਕਾ ਹੈ ਅਤੇ ਇਸ ਤੋਂ ਪਹਿਲਾਂ ਲਹਿਰਾ ਮੁਹੱਬਤ ਦਾ ਜੇਕਰ ਪਲਾਂਟ ਦੀ ਗੱਲ ਕੀਤੀ ਜਾਵੇ ਤਾਂ ਪਿਛਲੇ ਡੇਢ ਮਹੀਨੇ ਤੋਂ ਬੰਦ ਪਿਆ ਹੈ ਇਸ ਨਾਲ ਬਿਜਲੀ ਦੀ ਮੰਗ ਦੇ ਉੱਪਰ ਵੀ ਅਸਰ ਵੇਖਣ ਨੂੰ ਮਿਲ ਰਿਹਾ ਹੈ ਜੇਕਰ ਆਉਣ ਵਾਲੇ ਸਮੇਂ ਵਿੱਚ ਮੀਹ ਦੇ ਆਸਾਰ ਨਜ਼ਰ ਨਾ ਆਏ ਤਾਂ ਬਿਜਲੀ ਦੇ ਉੱਪਰ ਵੀ ਸੰਕਟ ਦੇ ਬੱਦਲ ਛਾ ਸਕਦੇ ਹਨ। ਦੂਜੇ ਪਾਸੇ ਜੇਕਰ ਬਿਜਲੀ ਦੀ ਮੰਗ ਦੀ ਗੱਲ ਕੀਤੀ ਜਾਵੇ ਤਾਂ ਸ਼ਿਕਾਇਤਾਂ ਕੰਪਲੇਂਟ ਸੈਂਟਰ ਦੇ ਵਿੱਚ ਵੱਧਦੀਆਂ ਜਾ ਰਹੀਆਂ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਇਹ ਹੋਰ ਵੀ ਵੱਧ ਸਕਦੇ ਹਨ ਕਿਉਂਕਿ ਗਰਮੀ ਦੇ ਹੁਣ ਕਾਰਨ ਅਤੇ ਲੋਕਾਂ ਵੱਲੋਂ ਮਸਤੀ ਜਾਣ ਵਾਲੀ ਬਿਜਲੀ ਨੂੰ ਲੈ ਕੇ ਕਾਫੀ ਜਿਆਦਾ ਪਰੇਸ਼ਾਨੀਆਂ ਸਾਹਮਣੇ ਆ ਰਹੀਆਂ ਹਨ।

# 10 ਜੁਲਾਈ ਤੋ 30 ਸਤੰਬਰ ਤੱਕ 'ਹਰ ਮਨੱਖ ਲਾਵੇ ਦੋ ਰੁੱਖ' ਰੁੱਖ ਲਗਾਉਣ ਦੀ ਲਹਿਰ



**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗਿਆਨ ਜਯੋਤੀ ਐਜੂਕੇਸਨ ਸੁਸਾਈਟੀ(ਰਜਿ)ਪਟਿਆਲਾ ਵਲੋ ਪਿਛਲੇ ਦੋ ਦਹਾਕਿਆ ਤੋ ਚਲਾਈ ਲਹਿਰ 2024 ਦੀ ਸੁਰੱਆਤ ਅੱਜ ਫੁਲਕੀਆ ਏਨਕਲੇਵ ਦੇ ਕੋਲ ਪੋਦੇ ਲਗਾ ਕੇ ਸੁਰੱਆਤ ਕੀਤੀ ਗ ਈ ਇਸ ਮੋਕੇ ਉਪਕਾਰ ਸਿੰਘ ਨੇ ਦੱਸਿਆ ਸਹਿਰ ਪਟਿਆਲਾ ਦੇ ਆਸ ਪਾਸ ਇਲਾਕੇ ਵੱਖ ਵੱਖ ਸਕੂਲਾ,ਥਾਣਿਆ,ਜੇਲਾ,ਸੜਕਾ ਦੇ ਕਨਾਰ, ਆਈ.ਟੀ.ਆਈ. ਲੜਕੇ, ਕਾਲਜਾ, ਸਕੇਤ ਹਸਪਤਾਲ, ਰਜਿੰਦਰਾ ਹਸਪਤਾਵ ਆਦਿ ਥਾਵਾ ਤੇ ਜੰਗਲਾਤ ਮਹਿਕਮੇ ਦੀ ਸਹਾਇਤਾ ਨਾਲ ਲਗਾਏ ਜਾਣਗੇ ਸ਼ਾਮ ਲਾਲ ਨੇ ਕਿਹਾ ਇਹ ਸੁਸਾਇਟੀ ਹਰ ਸਾਲ ਅਲੱਗ ਅਲੱਗ ਥਾਵਾਂ ਤੇ ਪੋਦੇ ਲਗਾਉਂਦੇ ਹਨ।ਪੋਦੇ ਆਕਸੀਜਨ ਦਾ ਸਰੋਤ ਹਨ।ਅਤੇ ਵਾਤਾਵਰਨ ਸੁੱਧ ਰੱਖਦੇ।ਬਨਵਾਰੀ ਲਾਲ ਸਰਮਾ ਨੇ ਕਿਹਾ ਰੁੱਖ ਸਾਨੂੰ ਕੇਈ ਹੋਰ ਲਾਭ ਵੀ ਦੇਂਦੇ ਹਨ।ਵੱਧ ਤੋ ਵੱਧ ਰੁੱਖ ਲਗਾ ਕੇ ਗਲੋਬਲ ਵਾਰਮਿੰਗ ਅਤੇ ਵਾਤਾਵਰਨ, ਪ੍ਰਦੂਸ਼ਨ ਵਰਗੀਆ ਚਣੋਤੀਆ ਨਾਲ ਪ੍ਰਭਾਵਸਾਲੀ ਢੰਗ ਨਾਲ ਨੱਜਿਠਿਆ ਜਾ ਸਕਦਾ ਹੈ।ਚਰਨਪਾਲ ਸਿੰਘ ਨੇ ਦੱਸਿਆ ਵਾਤਾਵਰਨ,ਪ੍ਰਦੂਸਨ ਤੇ ਨਸਿਆ ਸਬੰਧੀ ਲੋਕਾ ਨੂੰ ਜਾਣੂ ਕਰਵਾਇਆ।ਸਤੀਸ ਸੇਤਿਆ ਨੇਦੱਸਿਆ ਇਹ ਸੁਸਾਇਟੀ ਨਾਟਕਾ ਰਾਹੀ ਪੋਦਿਆ ਬਾਰੇ,ਪਾਣੀ ਬਚਾਓ ਤੇ ਖਾ।ਸ ਤੋਰ ਤੇ ਨਸਿਆ ਤੋ ਦੂਰ ਬਾਰੇ ਜਾਗੂਰਕ ਕੀਤਾ।ਆਖੀਰ ਵਿੱਚ ਉਪਕਾਰ ਸਿੰਘ ਨੇ ਲੋਕਾ ਨੂੰ ਅਪੀਲ ਕੀਤੀ ਹੈ।ਸਾਡੀ ਸੁਸਾਇਟੀ ਨਾਲ ਜੁੜੋ।

# ਵਾਤਾਵਰਣ ਦੀ ਸ਼ੁੱਧਤਾ ਦੇ ਮੱਦੇਨਜਰ ਲਗਾਏ ਗਏ ਬੂਟੇ



**ਬਠਿੰਡਾ 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਤਾਵਰਣ ਦੀ ਸ਼ੁੱਧਤਾ ਦੇ ਮੱਦੇਨਜ਼ਰ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀ ਉਪ ਮੰਡਲ ਇੰਜੀਨੀਅਰ ਸ਼੍ਰੀ ਜਗਦੀਪ ਸਿੰਘ ਸਰਾਂ, ਰਣਜੀਤ ਸਿੰਘ ਏ.ਈ. ਅਤੇ ਸਮੂਹ ਫੀਲਡ ਸਟਾਫ ਵੱਲੋ ਹੈਡ ਵਾਟਰ ਵਰਕਸ ਭਾਗੂ ਰੋਡ ਉੱਪਰ ਪੌਦੇ ਲਗਾਉਣ ਦੀ ਸ਼ੁਰੂਆਤ ਕੀਤੀ ਗਈ।

ਇਸ ਦੌਰਾਨ ਉਪ ਮੰਡਲ ਇੰਜੀਨੀਅਰ ਸ੍ਰੀ ਜਗਦੀਪ ਸਿੰਘ ਸਰਾਂ ਨੇ ਦੱਸਿਆ ਕਿ ਵਾਤਾਵਰਣ ਦੀ ਸ਼ੁੱਧਤਾ ਲਈ ਦਰਖਤਾਂ ਦੀ ਲੋੜ ਹੈ, ਜਿਸ ਸਬੰਧੀ ਮੰਡਲ ਨੰਬਰ 3 ਬਠਿੰਡਾ ਅਧੀਨ ਆਉਂਦੀਆਂ ਵੱਖ-ਵੱਖ ਜਲ ਸਪਲਾਈ ਤੇ ਵੱਖ-ਵੱਖ ਛਾਂਦਾਰ ਤੇ ਫਲਦਾਰ ਪੌਦੇ ਲਗਾਏ ਜਾ ਰਹੇ ਹਨ।

ਇਸ ਮੌਕੇ ਜੇ.ਟੀ. ਸ੍ਰੀ ਅਸ਼ੋਕ ਕੁਮਾਰ, ਜੇ.ਟੀ., ਸ੍ਰੀ ਹਰਪਾਲ ਸਿੰਘ, ਸ੍ਰੀ ਮਲਕੀਤ ਸਿੰਘ, ਸ੍ਰੀ ਗੁਰਤੇਜ ਸਿੰਘ, ਮੱਖਣ ਸਿੰਘ, ਅਮਰਜੀਤ ਸਿੰਘ, ਨਵਕਿਰਨ ਸਿੰਘ, ਅਮਰਜੀਤ ਸਿੰਘ, ਬਲਜੀਤ ਸਿੰਘ, ਇੰਦਰ ਮੋਹਨ, ਅਜੇ ਕੁਮਾਰ ਅਤੇ ਸ਼ੇਰੇ ਆਲਮ ਆਦਿ ਹਾਜ਼ਰ ਸਨ।

# ਕਲਾਸ ਫੋਰਥ ਗੌ. ਇੰਪਲਾਈਜ਼ ਯੂਨੀਅਨ ਸਬ ਬ੍ਰਾਂਚ ਰਾਜਿੰਦਰਾ ਹਸਪਤਾਲ ਪਟਿਆਲਾ



**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀ ਕਲਾਸ ਫੋਰਥ ਗੌ ਇੰਪਲਾਈਜ਼ ਯੂਨੀਅਨ ਸਬ ਬ੍ਰਾਂਚ ਰਾਜਿੰਦਰਾ ਹਸਪਤਾਲ ਪਟਿਆਲਾ ਅਤੇ ਯੂਨੀਅਨ ਮੈਡੀਕਲ ਕਾਲਜ ਪਟਿਆਲਾ, ਕਈ ਦਿਨਾਂ ਤੋਂ ਮੁਲਾਜ਼ਮਾਂ ਨੂੰ ਤਨਖਾਹਾਂ ਨਾ ਮਿਲਣ ਕਰਕੇ ਸੰਘਰਸ਼ ਕਰ ਰਹੀ ਹੈ ਪਰ ਅਜੇ ਤੱਕ ਪ੍ਰਸ਼ਾਸਨ ਵਲੋਂ ਕੋਈ ਵੀ ਆਸ਼ਵਾਸਨ ਨਹੀਂ ਦਿੱਤਾ ਗਿਆ, ਇਸ ਲਈ ਅੱਜ ਮਿਤੀ 10/7/24 ਨੂੰ ਜਥੇਬੰਦੀਆਂ ਵਲੋਂ ਮੈਡੀਕਲ ਸੁਪਰਡੈਂਟ ਰਾਜਿੰਦਰਾ ਹਸਪਤਾਲ ਪਟਿਆਲਾ ਅਤੇ ਡਾਇਰੈਕਟਰ ਪ੍ਰਿੰਸੀਪਲ ਮੈਡੀਕਲ ਕਾਲਜ ਪਟਿਆਲਾ ਨੂੰ ਇਸ ਪ੍ਰਤਿ ਨੋਟਿਸ ਦਿੱਤਾ ਗਿਆ ਜਿਸ ਵਿਚ ਜੇਕਰ 15/7/24 ਤੱਕ ਤਨਖਾਹਾਂ ਨਾ ਜਾਰੀ ਕੀਤੀਆਂ ਗਈਆਂ ਤਾਂ ਮਜਬੂਰਨ ਰਾਜਿੰਦਰਾ ਹਸਪਤਾਲ ਪਟਿਆਲਾ ਤੇ ਮੈਡੀਕਲ ਕਾਲਜ ਪਟਿਆਲਾ ਦੇ ਸਾਰੇ ਮੁਲਾਜ਼ਮ, ਦੱਫਤਰ ਮੈਡੀਕਲ ਸੁਪਰਡੈਂਟ ਪਟਿਆਲਾ ਅਤੇ ਦੱਫਤਰ ਡਾਇਰੈਕਟਰ ਪ੍ਰਿੰਸੀਪਲ ਮੈਡੀਕਲ ਕਾਲਜ ਪਟਿਆਲਾ ਅੱਗੇ ਰੋਸ ਪ੍ਰਦਰਸ਼ਨ ਕਰਨ ਲਈ ਮਜ਼ਬੂਰ ਹੋਣਗੇ, ਇਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਵਿਭਾਗ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਪ੍ਰਧਾਨ ਰਾਜੇਸ਼ ਕੁਮਾਰ (ਗੋਲੂ) ਰਾਜਿੰਦਰਾ ਹਸਪਤਾਲ ਪਟਿਆਲਾ , ਪ੍ਰਧਾਨ ਅਰੁਣ ਕੁਮਾਰ ਮੈਡੀਕਲ ਕਾਲਜ ਪਟਿਆਲਾ, ਪ੍ਰਧਾਨ ਜੁਝਾਰ ਸਿੰਘ ਮਾਨ ਨਰਸਿੰਗ ਐਸ਼ੋਸੀਏਸ਼ਨ, ਮੀਤ ਪ੍ਰਧਾਨ ਗੀਤਾ, ਮੀਤ ਪ੍ਰਧਾਨ ਹੈਪੀ, ਸਤਨਾਮ ਸਿੰਘ, ਸੱਕਤਰ ਮਹਿੰਦਰ ਸਿੰਘ ਸਿੱਧੂ ਖਜ਼ਾਨਚੀ ਪ੍ਰੇਮੀ ਅਨਿਲ ਕੁਮਾਰ, ਮੈਂਬਰ ਰਾਮੂ, ਨੀਤੂ ਆਦਿ ਹਾਜ਼ਰ ਸਨ।

# ਨਿੱਜੀ ਸਕੂਲਾਂ ਦੇ ਬੱਚਿਆਂ ਨੂੰ ਆਟੋ ਵਿੱਚ ਬਿਠਾ ਕੇ ਸ਼ਰੇਆਮ ਸਰਕਾਰੀ ਨਿਯਮਾਂ ਦੀਆਂ ਉਡਾਈਆਂ ਜਾ ਰਹੀਆਂ ਨੇ ਧੱਜੀਆਂ

**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਟੋ ਰਕਸ਼ਾ ਮੇ ਦਿਨ ਪ੍ਰਤੀ ਦਿਨ ਬੱਚੋਂ ਕੇ ਬੜ ਰਹੀ ਸੰਖਿਆ ਨੂੰ ਦੇਖਦੇ ਹੋਏ ਜਿੱਥੇ ਜ਼ਿਲ ?ਾ ਪ੍ਰਸ਼ਾਸਨ ਨੂੰ ਆਟੋ ਚਾਲਕਾਂ ਵੱਲੋਂ ਠੇਂਗਾ ਦਿਖਾਇਆ ਜਾ ਰਿਹਾ ਉੱਥੇ ਹੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਿੱਤੇ ਆਦੇਸ਼ਾਂ ਦੀਆਂ ਵੀ ਆਟੋ ਚਾਲਕਾਂ ਵੱਲੋਂ ਸਰੇਆਮ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਇਸ ਤਰਾਂ ਦਾ ਇੱਕ ਮਾਮਲਾ ਵੇਖਣ ਵਿੱਚ ਆਇਆ ਜਿੱਥੇ ਕਿ ਸਨੋਰ ਦੇ ਵਿੱਚ ਨਿਜੀ ਸਕੂਲਾਂ ਦੇ ਵਿੱਚ ਵਾੜਾਈ ਕਰ ਰਹੇ ਬੱਚਿਆਂ ਨੂੰ ਆਟੋ ਚਾਲਕਾਂ ਵੱਲੋਂ ਆਪਣੇ ਆਟੋ ਵਿੱਚ ਬਿਠਾ ਕੇ ਉਹਨਾਂ ਨੂੰ ਆਪਣੇ ਘਰ ਤੱਕ ਛੱਡਿਆ ਜਾਂਦਾ ਹੈ ਜਦੋਂ ਕਿ ਇਸ ਤੋਂ ਪਹਿਲਾਂ ਕਈ ਵਾਰ ਕੋਲੀ ਬਾਨਾਂ ਦੇ ਵਿੱਚ ਜਿਆਦਾ ਬੱਚੇ ਹੋਣ ਦੇ ਕਾਰਨ ਕਈ ਵਾਰ ਸੜਕ ਹਾਦਸੇ ਹੋਏ ਹਨ ਜਿਸ ਨੂੰ ਲੈ ਕੇ ਡਿਪਟੀ ਕਮਿਸ਼ਨਰ ਪਟਿਆਲਾ ਵਲੋਂ ਸਖਤ ਆਦੇਸ਼ ਆਟੋ ਚਾਲਕਾਂ ਨੂੰ ਕਿਤੇ ਗਏ ਸਨ ਕਿ ਕਿਸੇ ਵੀ ਆਟੋ ਤੇ ਵਿੱਚ ਵੱਧ ਬੱਚਿਆਂ ਦੀ ਸੰਖਿਆ ਨਹੀਂ ਰੱਖੀ ਜਾਵੇਗੀ।

ਇਸ ਗੱਲ ਤੇ ਅਮਲ ਕਰਦਿਆਂ ਹੋਇਆ ਡਿਪਟੀ ਕਮਿਸ਼ਨਰ ਦੇ ਆਦੇਸ਼ਾਂ ਨੂੰ ਦੇਖਦੇ ਹੋਏ ਟਰੈਫਿਕ ਪੁਲਿਸ ਵੱਲੋਂ ਵੱਧ ਬੱਚਿਆਂ ਦੀ ਗਿਣਤੀ ਆਟੋ ਅਤੇ ਬੈਨਾ ਵਿੱਚ ਹੋਣ ਦੇ ਕਾਰਨ ਉਹਨਾਂ ਦੀ ਚੈਕਿੰਗ ਕੀਤੀ ਗਈ ਅਤੇ ਚਲਾਨ ਵੀ ਕੱਟੇ ਗਏ ਸਮੇਂ ਸਮੇਂ ਦੇ ਨਾਲ ਇਹ ਸਿਲਸਿਲਾ ਘਟਦਾ ਚਲਿਆ ਗਿਆ ਤੇ ਅੱਜ ਹਾਲਾਤ ਇਹ ਹੋ ਚੁੱਕੇ ਹਨ ਕਿ ਇੱਕ ਆਟੋ ਦੇ ਵਿੱਚ 15 ਤੋਂ 20 ਵਿਦਿਆਰਥੀਆਂ ਨੂੰ ਆਟੋ ਦੇ ਵਿੱਚ ਬੈਠੇ ਕੇ ਉਹਨਾਂ ਦੇ ਘਰ ਛੱਡਿਆ ਜਾ ਰਿਹਾ। ਜਿਸ ਨੂੰ ਲੈ ਕੇ ਵੇਖਿਆ ਜਾ ਰਿਹਾ ਕਿ ਕਿਸੇ ਵੀ ਸਮੇਂ ਕੋਈ ਵੱਡੀ ਘਟਨਾ ਹੋ ਸਕਦੀ ਹੈ ਜਦੋਂ ਇਸ ਸਬੰਧੀ ਆਟੋ ਚਾਲਕਾਂ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਨੇ ਕਿਹਾ ਕਿ ਜੇਕਰ ਅਸੀਂ ਆਪਣੇ ਆਟੋ ਦੇ ਵਿੱਚ 10 ਬੱਚੇ ਬਿਠਾਉਂਦੇ ਆਂ ਤਾਂ ਸਾਡੇ ਡੀਜ਼ਲ ਦਾ ਖਰਚਾ ਵੀ ਪੂਰਾ ਨਹੀਂ ਹੁੰਦਾ ਜਿਸ ਨੂੰ ਵੇਖ ਕੇ ਸਾਫ ਲੱਗਦਾ ਹੈ ਕਿ ਆਟੋ ਚਾਲਕਾਂ ਦੇ ਵਿੱਚ ਸਰਕਾਰੀ ਹੁਕਮਾਂ ਦਾ ਕੋਈ ਵੀ ਅਸਰ ਨਹੀਂ ਹੈ।

ਆਟੋ ਚਾਲਕਾ ਵੱਲੋਂ ਸਰਕਾਰੀ ਹੁਕਮਾਂ ਦੀਆਂ ਉਡਾਈਆਂ ਜਾ ਰਹੀਆਂ ਧੱਜੀਆਂ ਨੂੰ ਵੇਖਦੇ ਹੋਏ ਪ੍ਰਸ਼ਾਸਨ ਉਹਨਾਂ ਦੇ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ ਕਿਉਂਕਿ ਇਸ ਤੋਂ ਪਹਿਲਾਂ ਵੀ ਸਨੌਰ ਦੇ ਨਜ਼ਦੀਕ ਪਿੰਡ ਚੌਰਾ ਵਿਖੇ ਵੱਧ ਬੱਚੇ ਆਟੋ ਵਿੱਚ ਹੋਣ ਦੇ ਕਾਰਨ ਇਕ ਬੱਚੇ ਦੀ ਮੌਤ ਹੋ ਗਈ ਸੀ ਜਿਸ ਤੋਂ ਬਾਅਦ ਨਾ ਤਾਂ ਉਹ ਸੜਕ ਨੂੰ ਠੀਕ ਕੀਤਾ ਗਿਆ ਤੇ ਅੱਜ ਵੀ ਉਸ ਸੜਕ ਦੇ ਉੱਪਰ ਵੱਡੇ ਵੱਡੇ ਖੱਡੇ ਦਿਖਾਈ ਦੇ ਰਹੇ ਹਨ ਜਿਹੜੇ ਕਿ ਕਿਸੇ ਵੱਡੇ ਹਾਦਸੇ ਨੂੰ ਅੰਜਾਮ ਦੇ ਸਕਦੇ ਹਨ

# ਮੋਦੀ ਕਾਲਜ ਦੇ ਡਾ. ਸੁਮੀਤ ਕੁਮਾਰ ਨੂੰ ਅਤਿ-ਆਧੁਨਿਕ ਕੰਪਿਊਟਰ ਡਿਜ਼ਾਈਨ ਲਈ ਮਿਲਿਆ

**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵਿਖੇ ਐਸੋਸੀਏਟ ਪ੍ਰੋਫੈਸਰ ਵੱਜੋਂ ਕਾਰਜਗਤ ਅਤੇ ਐਨ.ਸੀ.ਸੀ ਏਅਰ ਵਿੰਗ ਦੇ ਡਾ. (ਫਲਾਇੰਗ ਅਫਸਰ) ਸੁਮੀਤ ਕੁਮਾਰ ਦੀ ਅਗਵਾਈ ਵਿੱਚ ਕੰਪਿਊਟਰ ਸਾਇੰਸ ਦੇ ਵਿਗਿਆਨਕਾਂ ਦੀ ਇੱਕ ਟੀਮ ਨੂੰ 'ਪਛਾਣ-ਪੱਤਰ ਹੋਲਡਰ ਵਿਦ ਪੈੱਨ-ਡਰਾਈਵ ਸਲੌਟ' ਦੇ ਨਵੀਨਤਮ ਡਿਜ਼ਾਈਨ ਲਈ ਇੱਕ ਪੇਟੈਂਟ ਪ੍ਰਦਾਨ ਗਿਆ ਹੈ। ਇਹ ਅਤਿ-ਆਧੁਨਿਕ ਖੋਜ ਪੇਟੈਂਟ ਦਫ਼ਤਰ, ਭਾਰਤ ਸਰਕਾਰ ਕੋਲ ਰਜਿਸਟਰਡ ਕੀਤੀ ਗਈ ਹੈ ਤਾਂ ਕਿ ਬੌਧਿਕ ਸੰਪਤੀ ਦੇ ਅਧਿਕਾਰਾਂ ਅਧੀਨ ਇਸ ਖੋਜ-ਕਾਰਜ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।

ਕਾਲਜ ਪ੍ਰਿੰਸੀਪਲ ਡਾ. ਨੀਰਜ ਗੋਇਲ ਨੇ ਡਾ. ਸੁਮੀਤ ਕੁਮਾਰ ਨੂੰ ਉਨ੍ਹਾਂ ਦੀ ਇਸ ਵਿਲੱਖਣ ਖੋਜ ਅਤੇ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਮੋਦੀ ਕਾਲਜ ਸਮਾਜ ਅਤੇ ਰਾਸ਼ਟਰ ਦੀ ਭਲਾਈ ਲਈ ਵਿਗਿਆਨ ਅਤੇ ਤਕਨੀਕ ਦੇ ਆਧੁਨਿਕ ਖੇਤਰਾਂ ਵਿੱਚ ਖੋਜ ਕਰਨ ਅਤੇ ਨਵੀਨ ਡਿਜ਼ਾਈਨ ਬਣਾਉਣ ਲਈ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ। ਡਾ. ਸੁਮੀਤ ਕੁਮਾਰ ਨੇ ਦੱਸਿਆ ਕਿ ਸਾਡਾ ਪੇਟੈਂਟ ਹੋਇਆ ਡਿਜ਼ਾਇਨ 'ਪਛਾਣ-ਪੱਤਰ ਹੋਲਡਰ ਵਿਦ ਪੈੱਨ-ਡਰਾਈਵ ਸਲੌਟ' ਇਹਨਾਂ ਦੋਵਾਂ ਜ਼ਰੂਰੀ ਡਿਜ਼ੀਟਲ ਖਾਤਿਆਂ ਵਿੱਚ ਆਪਸੀ ਤਾਲਮੇਲ ਵਧਾਉਂਦਾ ਹੈ ਅਤੇ ਇਹਨਾਂ ਦੇ ਅੁਪੇਸ਼ਨ ਸਿਸਟਮ ਨੂੰ ਬਿਨਾਂ ਕਿਸੇ ਝੰਜਟ ਨਾਲ ਚਲਾਉਣ ਵਿੱਚ ਮਦੱਦ ਕਰਦਾ ਹੈ । ਇਹ ਉਪਭੋਗਤਾ ਦੀ ਕਾਰਜਸ਼ੀਲਤਾ ਨੂੰ ਵੀ ਵਧਾਉਂਦਾ ਹੈ।ਉਹਨਾਂ ਇਹ ਵੀ ਕਿਹਾ ਕਿ ਇਹ ਖੋਜ ਸਾਡੀ ਟੀਮ ਆਪਸੀ ਸਹਿਯੋਗ ਅਤੇ ਲਗਾਤਾਰ ਯਤਨਾਂ ਦਾ ਨਤੀਜਾ ਹੈ ਜਿਸ ਨੇ ਸਾਡੇ ਡਿਜ਼ੀਟਲ ਖਾਤਿਆਂ ਵਿੱਚ ਸੰਚਾਰ ਕਰਨ ਦੇ ਤਰੀਕੇ ਨੂੰ ਮੁੜ ਪਰਿਭਾਸ਼ਿਤ ਕਰ ਦਿੱਤਾ ਹੈ। ਇਸ ਮੌਕੇ ਤੇ ਕੰਪਿਊਟਰ ਸਾਇੰਸ ਵਿਭਾਗ ਅਤੇ ਕਾਲਜ ਦੇ ਸਮੂਹ ਸਟਾਫ ਨੇ ਵੀ ਡਾ. ਸੁਮੀਤ ਕੁਮਾਰ ਨੂੰ ਵਧਾਈ ਦਿੱਤੀ।

## ਕੇ. ਡੀ. ਭੰਡਾਰੀ ਤੇ 'ਆਪ' ਵਿਧਾਇਕ ਰਮਨ ਅਰੋੜਾ ਦੀ ਖੁਫੀਆ ਮੁਲਾਕਾਤ ਨਾਲ ਗਰਮਾਈ ਸਿਆਸਤ

**ਏਜੰਸੀਆਂ**

ਜਲੰਧਰ 13 ਜੁਲਾਈ। ਜਲੰਧਰ ਪੱਛਮੀ ਵਿਧਾਨ ਸਭਾ ਵਿਚ ਹੋ ਰਹੀ ਜ਼ਿਮਨੀ ਚੋਣ ਤੋਂ ਇਕ ਦਿਨ ਪਹਿਲਾਂ ਉਸ ਸਮੇਂ ਸ਼ਹਿਰ ਦੀ ਸਿਆਸਤ ਉਸ ਸਮੇਂ ਕਾਫੀ ਗਰਮਾ ਗਈ, ਜਦੋਂ ਸਾਬਕਾ ਵਿਧਾਇਕ ਅਤੇ ਭਾਜਪਾ ਦੇ ਸੂਬਾਈ ਮੀਤ ਪ੍ਰਧਾਨ ਕੇ. ਡੀ. ਭੰਡਾਰੀ



ਅਤੇ ਜਲੰਧਰ ਸੈਂਟਰਲ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਰਮਨ ਅਰੋੜਾ ਵਿਚਕਾਰ ਖੁਫੀਆ ਮੁਲਾਕਾਤ ਹੋਣ ਦੀ ਚਰਚਾ ਛਿੜ ਗਈ, ਜਿਸ ਨਾਲ ਸਿਆਸੀ ਪਾਰਾ ਚੜ੍ਹ ਗਿਆ। ਸੂਤਰਾਂ ਦੇ ਮੁਤਾਬਕ ਭਾਜਪਾ ਦੇ ਕੁਝ ਆਗੂਆਂ ਨੇ ਇਸ ਮੁਲਾਕਾਤ ਨੂੰ ਲੈ ਕੇ ਹੰਗਾਮਾ ਖੜ੍ਹਾ ਕਰ ਦਿੱਤਾ ਹੈ ਅਤੇ ਇਸਦੀ ਸ਼ਿਕਾਇਤ ਭਾਜਪਾ ਹਾਈਕਮਾਨ ਨੂੰ ਵੀ ਕੀਤੀ ਹੈ। ਚੋਣ ਤੋਂ ਬਾਅਦ ਹੀ ਪਤਾ ਲੱਗੇਗਾ ਕਿ ਪਾਰਟੀ ਇਸ ਮਾਮਲੇ ਵਿਚ ਕੀ ਰੁਖ ਅਪਣਾਉਂਦੀ ਹੈ। ਵਰਣਨਯੋਗ ਹੈ ਕਿ ਬੀਤੇ ਐਤਵਾਰ ਆਦਮਪੁਰ ਦੇ ਇਕ ਰੈਸਟੋਰੈਂਟ ਵਿਚ ਭੰਡਾਰੀ ਅਤੇ ਰਮਨ ਅਰੋੜਾ ਵਿਚਕਾਰ ਮੁਲਾਕਾਤ ਹੋਈ। ਇਸ ਮੁਲਾਕਾਤ ਨਾਲ ਭਾਜਪਾ ਦੇ ਇਕ ਖੇਮੇ ਅਤੇ ਖਾਸ ਕਰ ਕੇ ਭੰਡਾਰੀ ਦੇ ਵਿਰੋਧੀਆਂ ਵਿਚ ਹਲਚਲ ਮਚ ਗਈ। ਇਸ ਮੁਲਾਕਾਤ ਦੌਰਾਨ ਕੀ ਗੱਲਬਾਤ ਹੋਈ, ਇਸ ਬਾਰੇ ਤਾਂ ਪਤਾ ਨਹੀਂ ਲੱਗ ਸਕਿਆ ਪਰ ਇੰਨਾ ਪਤਾ ਲੱਗਾ ਹੈ ਕਿ ਇਸ ਮੀਟਿੰਗ ਨੂੰ ਕਰਵਾਉਣ ਵਿਚ ਰਮਨ ਅਰੋੜਾ ਦੇ ਪੀ. ਏ. ਨੇ ਅਹਿਮ ਭੂਮਿਕਾ ਨਿਭਾਈ, ਜੋ ਕਿ ਪਹਿਲਾਂ ਭੰਡਾਰੀ ਦੇ ਪੀ. ਏ. ਹੁੰਦੇ ਸਨ। ਇਸ ਸਬੰਧ ਵਿਚ ਸੰਪਰਕ ਕਰਨ 'ਤੇ ਸਾਬਕਾ ਵਿਧਾਇਕ ਅਤੇ ਭਾਜਪਾ ਦੇ ਸੂਬਾਈ ਮੀਤ ਪ੍ਰਧਾਨ ਕੇ. ਡੀ. ਭੰਡਾਰੀ ਨੇ ਮੰਨਿਆ ਕਿ ਉਨ੍ਹਾਂ ਦੀ ਮੁਲਾਕਾਤ ਹੋਈ ਹੈ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਉਨ੍ਹਾਂ ਦੀ ਰਮਨ ਅਰੋੜਾ ਨਾਲ ਮੁਲਾਕਾਤ ਪਾਰਟੀ (ਭਾਜਪਾ) ਦੇ ਹਿੱਤ ਵਿਚ ਸੀ, ਜਿਸ ਨੂੰ ਮੈਂ ਜਨਤਕ ਨਹੀਂ ਕਰ ਸਕਦਾ। ਭਾਜਪਾ ਹਾਈਕਮਾਨ ਵੱਲੋਂ ਨੋਟਿਸ ਜਾਰੀ ਹੋਣ ਦੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਅਜਿਹੀ ਕੋਈ ਗੱਲ ਨਹੀਂ ਹੈ। ਉਹ ਭਾਜਪਾ ਦੇ ਵਫਾਦਾਰੀ ਸਿਪਾਹੀ ਹਨ ਅਤੇ ਪੰਜਾਬ ਭਾਜਪਾ ਦੀ ਟੀਮ ਵਿਚ ਮਹੱਤਵਪੂਰਨ ਜ਼ਿੰਮੇਵਾਰੀ ਨਿਭਾਅ ਰਹੇ ਹਨ। ਭੰਡਾਰੀ ਨੇ ਕਿਹਾ ਕਿ ਇਸ ਮੀਟਿੰਗ ਬਾਰੇ ਉਨ੍ਹਾਂ ਉਸੇ ਦਿਨ ਭਾਜਪਾ ਹਾਈਕਮਾਨ, ਪੰਜਾਬ ਭਾਜਪਾ ਦੇ ਸਹਿ-ਇੰਚਾਰਜ ਅਤੇ ਸੰਗਠਨ ਮੰਤਰੀ ਨੂੰ ਦੱਸ ਦਿੱਤਾ ਸੀ ਅਤੇ ਉਨ੍ਹਾਂ ਨੂੰ ਇਸ ਦਾ ਕਾਰਨ ਵੀ ਦੱਸਿਆ ਸੀ। ਉਨ੍ਹਾਂ ਕਿਹਾ ਕਿ ਉਹ ਜਲੰਧਰ ਜ਼ਿਮਨੀ ਚੋਣ ਵਿਚ ਭਾਜਪਾ ਉਮੀਦਵਾਰ ਦੇ ਹੱਕ ਵਿਚ ਪਿਛਲੇ ਕਈ ਦਿਨਾਂ ਤੋਂ ਕੰਮ ਕਰ ਰਹੇ ਹਨ। ਚੋਣ ਤੋਂ ਇਕ ਦਿਨ ਪਹਿਲਾਂ ਵੀ ਉਨ੍ਹਾਂ ਭਾਰਗੋ ਕੈਂਪ ਵਿਚੋਂ ਕਈ ਲੋਕਾਂ ਨੂੰ ਭਾਜਪਾ ਵਿਚ ਸ਼ਾਮਲ ਕਰਵਾਇਆ ਹੈ।

# ਆਸ਼ਕ ਨਾਲ ਮਿਲ ਜਿਊਂਦਾ ਸਾੜ'ਤਾ ਘਰਵਾਲਾ, ਚੱਕਰਾਂ 'ਚ ਪਾ'ਤੀ ਪੰਜਾਬ ਪੁਲਸ

**ਸਰਦੂਲ ਸਿੰਘ**

ਬਰਨਾਲਾ 13 ਜੁਲਾਈ। ਬੀਤੇ ਦਿਨੀਂ ਹੰਡਿਆਇਆ-ਬਰਨਾਲਾ ਬਾਈਪਾਸ ਮੋਗਾ ਸਲਿੱਪ ਰੋਡ 'ਤੇ ਇਕ ਨੌਜਵਾਨ ਦੀ ਕਾਰ ਨੂੰ ਅੱਗ ਲੱਗ ਜਾਣ ਕਾਰਨ ਸੜ ਕੇ ਮੌਤ ਹੋ ਜਾਣ ਦੀ ਦੁਖਦਾਈ ਖਬਰ ਸਾਹਮਣੇ ਆਈ ਸੀ। ਉਸ ਭਿਆਨਕ ਹਾਦਸੇ ਤੋਂ ਬਾਅਦ ਜਦੋਂ ਪੁਲਸ ਨੇ ਮਾਮਲੇ ਦੀ ਤਫਤੀਸ਼ ਕੀਤੀ ਤਾਂ ਜੋ ਸੱਚ ਸਾਹਮਣੇ ਆਇਆ, ਉਸ ਨੇ ਸਭ ਦੇ ਹੋਸ਼ ਉਡਾ ਕੇ ਰੱਖ ਦਿੱਤੇ ਹਨ। ਪੁਲਸ ਨੂੰ ਜਾਂਚ ਦੌਰਾਨ ਇਹ ਪਤਾ ਲੱਗਿਆ ਹੈ ਕਿ ਇਹ ਇਕ ਹਾਦਸਾ ਨਹੀਂ ਸੀ ਬਲਕਿ, ਇਕ ਸੋਚੀ ਸਮਝੀ ਚਾਲ ਦੇ ਤਹਿਤ ਕੀਤਾ ਗਿਆ ਕਤਲ ਸੀ। ਇਸ ਵਾਰਦਾਤ ਨੂੰ ਉਸ ਦੀ ਪਤਨੀ ਅਤੇ ਪਤਨੀ ਦੇ ਪ੍ਰੇਮੀ ਨੇ ਰਲ ਅੰਜਾਮ ਦਿੱਤਾ ਸੀ ਤੇ ਉਸ ਦਾ ਕਤਲ ਕਰ ਕੇ ਉਸ ਦੀ ਕਾਰ ਨੂੰ ਅੱਗ ਲਾ ਦਿੱਤੀ ਸੀ। ਇਸ ਸਬੰਧੀ ਮੀਡੀਆ 'ਚ ਵੀ ਇਹ ਖਬਰਾਂ ਆਈਆਂ ਸਨ ਕਿ ਕਾਰ ਨੂੰ ਅੱਗ ਲੱਗਣ ਕਾਰਨ ਹੀ ਹਰਚਰਨ ਸਿੰਘ ਦੀ ਮੌਤ ਹੋਈ ਹੈ। ਇਸ ਸਬੰਧੀ ਪ੍ਰੈੱਸ ਕਾਨਫਰੰਸ ਕਰਦਿਆਂ ਐੱਸ.ਐੱਸ.ਪੀ. ਸੰਦੀਪ ਮਲਿਕ ਨੇ ਦੱਸਿਆ ਕਿ ਮ੍ਰਿਤਕ ਹਰਚਰਨ ਸਿੰਘ ਉਰਫ ਜਗਤਾਰ ਸਿੰਘ ਵਾਸੀ ਦਰਾਜ ਦੀ ਪਤਨੀ ਸੁਖਜੀਤ ਕੌਰ ਵਾਸੀ ਮਹਿਰਾਜ ਜ਼ਿਲ੍ਹਾ ਬਠਿੰਡਾ ਦੇ ਲੱਗਭਗ 3 ਸਾਲਾਂ ਤੋਂ ਹਰਦੀਪ ਸਿੰਘ ਵਾਸੀ ਮਹਿਰਾਜ ਨਾਲ ਨਾਜਾਇਜ਼ ਸਬੰਧ ਸਨ, ਜਿਸ ਦਾ ਕਿ ਉਸ ਦੇ ਪਤੀ ਹਰਚਰਨ ਨੂੰ ਪਤਾ ਲੱਗ ਗਿਆ। ਉਹ ਆਪਣੀ ਪਤਨੀ ਨੂੰ ਅਜਿਹਾ ਕਰਨ ਤੋਂ ਰੋਕਦਾ ਸੀ। ਉਸ ਨੂੰ ਆਪਣੇ ਰਸਤੇ 'ਚੋਂ ਹਟਾਉਣ ਲਈ ਇਨ੍ਹਾਂ ਦੋਹਾਂ ਨੇ ਰਲ ਕੇ ਇਹ ਸਾਜ਼ਿਸ਼ ਰਚੀ। ਇਸ ਸਾਜ਼ਿਸ਼ 'ਚ ਹਰਦੀਪ ਸਿੰਘ ਨੇ ਆਪਣੇ ਦੋਸਤ ਸੁਖਦੀਪ ਸਿੰਘ ਵਾਸੀ ਰਾਮਪੁਰਾ ਨੂੰ ਵੀ ਸ਼ਾਮਲ ਕਰ ਲਿਆ ਅਤੇ 16 ਜੂਨ ਨੂੰ ਮੁਲਜਮ ਹਰਦੀਪ ਸਿੰਘ ਨੇ ਵਾਰ-ਵਾਰ ਫੋਨ ਕਰ ਕੇ ਮ੍ਰਿਤਕ ਹਰਚਰਨ ਸਿੰਘ ਨੂੰ ਘਟਨਾ ਸਥਾਨ 'ਤੇ ਬੁਲਾਇਆ। ਉਕਤ ਤਿੰਨੇ ਮੁਲਜਮ ਉਸ ਦੀ ਦੀ ਕਾਰ 'ਚ ਸਵਾਰ ਹੋ ਗਏ। ਫਿਰ ਮੱਛਰ ਮਾਰਨ ਵਾਲੀ ਹਿੱਟ ਉਸ ਦੇ ਨੱਕ 'ਚ ਪਾ ਦਿੱਤੀ, ਜਿਸ ਕਾਰਨ



ਉਹ ਬੇਹੋਸ਼ ਹੋ ਗਿਆ। ਬੇਹੋਸ਼ ਕਰਨ ਮਗਰੋਂ ਉਨ੍ਹਾਂ ਨੇ ਉਸ ਨੂੰ ਕਾਰ ਸਣੇ ਪੈਟਰੋਲ ਛਿੜਕ ਕੇ ਜ਼ਿੰਦਾ ਸਾੜ ਦਿੱਤਾ। ਇਸ ਦੀ ਸੂਚਨਾ ਜਦ ਫਾਇਰ ਬ੍ਰਿਗੇਡ ਨੂੰ ਮਿਲੀ ਤਾਂ ਮੌਕੇ 'ਤੇ ਪਹੁੰਚ ਕੇ ਫਾਇਰ ਬ੍ਰਿਗੇਡ ਨੇ ਅੱਗ 'ਤੇ ਕਾਬੂ ਪਾਇਆ। ਮੌਕੇ 'ਤੇ ਫੌਰੈਂਸਿਕ ਟੀਮਾਂ ਵੱਲੋਂ ਵੀ ਸੈਂਪਲ ਲਏ ਗਏ। ਜਿਸ 'ਤੇ ਸ਼ੱਕ ਪੈਦਾ ਹੋ ਗਿਆ ਕਿਉਂਕਿ ਸੀ.ਸੀ.ਟੀ.ਵੀ ਫੁਟੇਜ਼ 'ਚ ਵੀ ਇਕ ਕਾਰ ਮੌਕੇ ਤੋਂ ਜਾਂਦੀ ਵੇਖੀ ਗਈ ਸੀ ਅਤੇ ਇਹ ਕਾਰ ਉਥੇ ਲੱਗਭਗ 10-15 ਮਿੰਟ ਖੜ੍ਹੀ ਰਹੀ। ਦਰਾਜ ਦੇ ਪਿੰਡ ਵਾਸੀਆਂ ਦਾ ਕਹਿਣਾ ਸੀ ਕਿ ਮ੍ਰਿਤਕ ਹਰਚਰਨ ਸਿੰਘ ਬਹੁਤ ਹੀ ਸਰੀਫ ਇਨਸਾਨ ਸੀ। ਉਸ ਦੀ ਪਤਨੀ ਸੁਖਜੀਤ ਕੌਰ ਦੇ ਹਰਦੀਪ ਸਿੰਘ ਨਾਲ ਨਾਜਾਇਜ਼ ਸਬੰਧ ਸਨ। ਇਹ ਪਿਛਲੇ ਲੰਮੇ ਸਮੇਂ ਤੋਂ ਸਾਜ਼ਿਸ਼ ਕਰ ਰਹੇ ਸਨ। ਗੱਲਬਾਤ ਕਰਦਿਆਂ ਪਿੰਡ ਦਰਾਜ ਦੇ ਚਮਕੌਰ ਸਿੰਘ, ਮਨਦੀਪ ਸਿੰਘ ਸਾਬਕਾ ਸਰਪੰਚ ਅਤੇ ਗੁਰਜੰਟ ਸਿੰਘ ਨੇ ਕਿਹਾ ਕਿ ਮੁਲਜਮ ਨੇ ਪੈਸੇ ਹੜੱਪਣ ਦੀ ਨੀਅਤ ਨਾਲ ਕਤਲ ਦੀ ਇਸ ਵਾਰਦਾਤ ਨੂੰ ਅੰਜ਼ਾਮ ਦਿੱਤਾ ਕਿਉਂਕਿ ਹਰਚਰਨ ਸਿੰਘ ਕੋਲ ਲੱਗਭਗ 10 ਏਕੜ ਜ਼ਮੀਨ ਵੀ ਸੀ। ਇਨਾ ਹੀ ਨਹੀਂ, ਮੁਲਜਮਾਂ ਨੇ ਮ੍ਰਿਤਕ ਹਰਚਰਨ ਸਿੰਘ ਦਾ ਕੁਝ ਮਹੀਨੇ ਪਹਿਲਾਂ 1 ਕਰੋੜ ਰੁਪਏ ਦਾ ਬੀਮਾ ਵੀ ਕਰਵਾਇਆ ਤਾਂ ਕਿ ਘਟਨਾ ਤੋਂ ਬਾਅਦ ਇਸ ਨੂੰ ਦੁਰਘਟਨਾ ਦਿਖਾ ਕੇ ਬੀਮੇ ਦੀ ਰਕਮ ਨੂੰ ਵੀ ਹਜ਼ਮ ਕੀਤਾ ਜਾ ਸਕੇ। ਇਸ ਮਾਮਲੇ 'ਚ ਸ਼ੱਕ ਉਸ ਸਮੇਂ ਹੋਇਆ ਜਦੋਂ ਅੱਗ ਲੱਗੀ ਕਾਰ ਨੂੰ 3-4 ਦਿਨਾਂ ਬਾਅਦ ਹੀ ਵੇਚ ਦਿੱਤਾ ਗਿਆ। ਜਦੋਂ ਅਸੀਂ ਮ੍ਰਿਤਕ ਦੀ ਪਤਨੀ ਸੁਖਜੀਤ ਕੌਰ ਕੋਲ ਗਏ ਕਿ ਸਾਨੂੰ ਸ਼ੱਕ ਲੱਗਦਾ ਹੈ ਕਿ ਇਹ ਸਾਜ਼ਿਸ਼ ਹੈ ਤਾਂ ਉਸ ਨੇ ਸ਼ਿਕਾਇਤ ਦਰਜ ਕਰਵਾਉਣ ਤੋਂ ਵੀ ਮਨ੍ਹਾ ਕਰ ਦਿੱਤਾ। ਇਸ 'ਤੇ ਸਾਡਾ ਸ਼ੱਕ ਹੋਰ ਵੀ ਡੂੰਘਾ ਹੋ ਗਿਆ ਅਤੇ ਪਿੰਡ ਵਾਸੀਆਂ ਨੇ ਪੁਲਸ ਨਾਲ ਰਾਬਤਾ ਕਾਇਮ ਕਰ ਕੇ ਇਸ ਸਾਜ਼ਿਸ਼ ਨੂੰ ਬੇਨਕਾਬ ਕਰਨ ਦੀ ਅਪੀਲ ਕੀਤੀ।

## ਪੰਜਾਬ ਪੁਲਸ ਵੱਲੋਂ ਨਸ਼ਿਆਂ ਖਿਲਾਫ ਸ਼ੁਰੂ ਕੀਤੀ ਗਈ ਮੁਹਿੰਮ ਸ਼ਲਾਘਾਯੋਗ

ਜੰਡਿਆਲਾ ਗੁਰੂ 13 ਜੁਲਾਈ। ਕੈਬਨਿਟ ਮੰਤਰੀ ਪੰਜਾਬ ਹਰਭਜਨ ਸਿੰਘ ਈ. ਟੀ. ਓ ਨੇ ਪੰਜਾਬ ਪੁਲਸ ਵੱਲੋਂ ਨਸ਼ਿਆਂ ਖਿਲਾਫ ਸੁਰੂ ਕੀਤੀ ਗਈ ਮੁਹਿੰਮ ਦੀ ਸਲਾਘਾ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਪੁਲਸ ਵੱਲੋਂ ਨਸੇ ਦੇ ਸਮੱਗਲਰਾਂ ਨੂੰ ਨੱਥ ਪਾਉਣ ਦੇ ਨਾਲ-ਨਾਲ ਨੌਜਵਾਨਾਂ ਨੂੰ ਨਸੇ ਤੋਂ ਦੂਰ ਰੱਖਣ ਦੇ ਉਪਰਾਲੇ ਸੁਰੂ ਕੀਤੇ ਗਏ ਹਨ, ਉਸ ਤੋਂ ਇਹ ਆਸ ਲਗਾਈ ਜਾ ਸਕਦੀ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਨਸ਼ਿਆਂ ਦੇ ਕੋਹੜ ਤੋਂ ਮੁਕਤ ਹੋ ਜਾਵੇਗਾ। ਪੰਜਾਬ ਪੁਲਸ ਵੱਲੋਂ ਕਰਵਾਏ ਗਏ ਵਾਲੀਬਾਲ ਟੂਰਨਾਮੈਂਟ, ਜਿਸ ਦਾ ਉਦੇਸ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ ਸੀ, ਦੀ ਸੁਰੂਆਤ ਕਰਦੇ ਕੈਬਿਨੇਟ ਮੰਤਰੀ ਹਰਭਜਨ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਦੇ ਸੁਪਨਾ ਉਲੀਕੀ ਬੈਠੇ ਹਨ ਅਤੇ ਇਹ



ਸੁਪਨਾ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਪੰਜਾਬ ਦਾ ਜਵਾਨ, ਕਿਸਾਨ, ਵਪਾਰੀ, ਉਦਯੋਗਪਤੀ ਗੱਲ ਕੀ ਹਰੇਕ ਵਰਗ ਖੁਸਹਾਲ ਹੋਵੇ। ਉਨ੍ਹਾਂ ਕਿਹਾ ਕਿ ਆਰਥਿਕ ਖੁਸਹਾਲੀ ਦੇ ਨਾਲ-ਨਾਲ ਸਾਡੀ ਕੁਰਾਹੇ ਪਈ ਨੌਜਵਾਨ ਪੀੜੀ ਜੋ ਕਿ ਨਸ਼ਿਆਂ ਦੇ ਰੂਪ ਵਿੱਚ ਜਹਿਰ ਲੈ ਰਹੀ ਹੈ, ਨੂੰ ਰੋਕਣ ਦੇ ਉਪਰਾਲੇ ਵੀ ਸੁਰੂ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਹੁਣ ਕੇਵਲ ਪੰਜਾਬ ਪੁਲਸ ਨਸਾ ਸਮੱਗਲਰਾਂ ਕੋਲੋਂ ਨਸਾ ਹੀ ਬਰਾਮਦ ਨਹੀਂ ਕਰ ਰਹੀ ਸਗੋਂ ਨਸਾ ਸਮੱਗਲਰਾਂ ਦੀਆਂ ਜਾਇਦਾਦਾਂ ਵੀ ਜਬਤ ਕਰ ਰਹੀ ਹੈ। ਇਸ ਤੋਂ ਇਲਾਵਾ ਖੇਡਾਂ ਵਰਗੇ ਉਪਰਾਲੇ ਪੰਜਾਬ ਪੁਲਸ ਨੇ ਸੁਰੂ ਕੀਤੇ ਹਨ, ਜਿਸ ਦੇ ਚੰਗੇ ਨਤੀਜੇ ਭਵਿੱਖ ਵਿੱਚ ਮਿਲਣਗੇ। ਇਸ ਮੌਕੇ ਡੀ. ਐਸ. ਪੀ ਜੰਡਿਆਲਾ ਗੁਰੂ ਰਵਿੰਦਰ ਸਿੰਘ, ਥਾਣਾ ਮੁਖੀ ਜੰਡਿਆਲਾ ਗੁਰੂ ਮੁਖਤਿਆਰ ਸਿੰਘ ਅਤੇ ਇਲਾਕੇ ਦੇ ਮੋਹਤਬਰ ਵੱਡੀ ਗਿਣਤੀ ਵਿੱਚ ਹਾਜਰ ਸਨ।

## ਪਿਛਲੇ 20 ਦਿਨਾਂ ਤੋਂ ਹਨ੍ਹੇਰੇ 'ਚ ਡੁੱਬਿਆ ਹੋਇਆ ਹੈ ਓਲਡ ਰੇਲਵੇ ਰੋਡ ਇਲਾਕਾ

ਜਲੰਧਰ 13 ਜੁਲਾਈ। ਸਮਾਰਟ ਸਿਟੀ ਫੰਡ ਤੋਂ ਲਗਭਗ 60 ਕਰੋੜ ਰੁਪਏ ਖਰਚ ਕਰਕੇ ਜਲੰਧਰ ਨਿਗਮ ਨੇ ਸ਼ਹਿਰ ਵਿਚ 70 ਹਜਾਰ ਤੋਂ ਜ਼ਿਆਦਾ ਨਵੀਆਂ ਐੱਲ. ਈ. ਡੀ. ਸਟਰੀਟ ਲਾਈਟਾਂ ਲਗਵਾਈਆਂ ਹਨ। ਇਹ ਪ੍ਰਾਜੈਕਟ ਹਾਲੇ ਪੂਰਾ ਵੀ ਨਹੀਂ ਹੋਇਆ ਹੈ ਪਰ ਇਸ ਦੇ ਬਾਵਜੂਦ ਸ਼ਹਿਰ ਦੀਆਂ ਲਗਭਗ ਅੱਧੀਆਂ ਸਟਰੀਟ ਲਾਈਟਾਂ ਬੰਦ ਪਈਆਂ ਹਨ। ਰੇਲਵੇ ਸਟੇਸ਼ਨ ਦੇ ਨਾਲ ਲੱਗਦੇ ਓਲਡ ਰੇਲਵੇ ਰੋਡ ਦਾ ਪੂਰਾ ਇਲਾਕਾ ਪਿਛਲੇ ਲਗਭਗ 20 ਦਿਨਾਂ ਤੋਂ ਹਨ੍ਹੇਰੇ ਵਿਚ ਡੁੱਬਿਆ ਹੋਇਆ ਹੈ, ਜਿਸ ਕਾਰਨ ਅਪਰਾਧਿਕ ਘਟਨਾਵਾਂ ਵਿਚ ਵਾਧਾ ਹੋ ਰਿਹਾ ਹੈ ਪਰ ਨਾ ਤਾਂ ਨਗਰ ਨਿਗਮ, ਨਾ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਾ ਹੀ ਪੁਲਸ ਵੱਲੋਂ ਇਸ ਵੱਲ ਕੋਈ ਧਿਆਨ ਦਿੱਤਾ ਜਾ ਰਿਹਾ ਹੈ। ਧਿਆਨ ਦੇਣ ਯੋਗ ਹੈ ਕਿ ਇਸ ਇਲਾਕੇ ਵਿਚ ਲਗਭਗ 100 ਸਟਰੀਟ ਲਾਈਟਾਂ ਲੱਗੀਆਂ ਹੋਈਆਂ ਹਨ, ਜਿਨ੍ਹਾਂ ਵਿਚੋਂ ਇਕ-ਅੱਧੀ ਸਟਰੀਟ ਲਾਈਟ ਹੀ ਜਗ ਰਹੀ ਹੈ। ਬਾਕੀ ਜਗ੍ਹਾ ਘੁੱਪ ਹਨੇਰਾ ਹੋਣ ਕਾਰਨ ਹਰ ਰੋਜ ਲੁੱਟ-ਖੋਹ ਦੀਆਂ ਵਾਰਦਾਤਾਂ ਹੋ ਰਹੀਆਂ ਹਨ। ਪ੍ਰਾਚੀਨ ਸ਼ਿਵ ਮੰਦਰ ਦੇ ਪ੍ਰਧਾਨ ਅਤੇ ਓਲਡ ਰੇਲਵੇ ਰੋਡ ਵਾਸੀ ਯਾਦਵ ਖੋਸਲਾ ਨੇ ਦੱਸਿਆ ਕਿ ਉਨ੍ਹਾਂ ਨੇ ਬੰਦ ਸਟਰੀਟ ਲਾਈਟਾਂ ਨੂੰ ਲੈ ਕੇ ਨਿਗਮ ਕੋਲ 3 ਵਾਰ ਸ਼ਿਕਾਇਤ ਦਰਜ ਕਰਵਾਈ ਪਰ ਹਰ ਵਾਰ ਅਗਲੇ ਦਿਨ ਮੈਸੇਜ ਪ੍ਰਾਪਤ ਹੋਇਆ ਕਿ ਤੁਹਾਡੀ ਸ਼ਿਕਾਇਤ ਦਾ ਹੱਲ ਕਰ ਦਿੱਤਾ ਗਿਆ ਹੈ, ਜਦਕਿ ਅਸਲੀਅਤ ਇਹ ਹੈ ਕਿ ਸਟਰੀਟ ਲਾਈਟਾਂ ਨੂੰ ਕਦੇ ਠੀਕ ਹੀ ਨਹੀਂ ਕੀਤਾ ਗਿਆ। ਯਾਦਵ ਖੋਸਲਾ ਨੇ ਦੋਸ਼ ਲਗਾਇਆ ਹੈ ਕਿ ਨਗਰ ਨਿਗਮ ਸਟਾਫ ਉਸ ਕੰਪਨੀ ਨਾਲ ਮਿਲਿਆ ਹੋਇਆ ਹੈ, ਜਿਸ ਕੋਲ ਸਟਰੀਟ ਲਾਈਟਾਂ ਨੂੰ ਮੇਨਟੇਨ ਕਰਨ ਦੀ ਜ਼ਿੰਮੇਵਾਰੀ ਹੈ।

# ਮੀਤ ਹੇਅਰ ਨੇ ਸੰਸਦ 'ਚ ਦਿੱਤਾ ਪਹਿਲਾ ਭਾਸ਼ਣ

**ਕਿਸ਼ਨ ਪਾਲ**

ਸੰਗਰੂਰ 13 ਜੁਲਾਈ। ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ ਨੇ ਲੋਕ ਸਭਾ ਵਿਚ ਆਪਣਾ ਪਲੇਠਾ ਭਾਸਣ ਦਿੰਦਿਆਂ ਪੰਜਾਬ ਦੇ ਹੱਕਾਂ ਦੀ ਆਵਾਜ ਬੁਲੰਦ ਕੀਤੀ। ਮੀਤ ਹੇਅਰ ਨੇ ਰਾਸਟਰਪਤੀ ਸੰਬੋਧਨ ਉੱਤੇ ਬਹਿਸ ਵਿਚ ਹਿੱਸਾ ਲੈਂਦਿਆਂ ਸੰਬੋਧਨ ਵਿਚ ਪੰਜਾਬ ਦਾ ਨਾਂ ਵੀ ਜ਼ਿਕਰ ਨਾ ਹੋਣ ਉੱਤੇ ਖੇਦ ਪ੍ਰਗਟਾਇਆ। ਮੀਤ ਹੇਅਰ ਨੇ ਦੇਸ ਦੀ ਆਜਾਦੀ ਲਈ ਪੰਜਾਬੀਆਂ ਦੀਆਂ 80 ਫੀਸਦੀ ਕੁਰਬਾਨੀਆਂ ਤੋਂ ਲੈ ਕੇ ਵੰਡ ਦਾ ਸੰਤਾਪ ਭੋਗਣ, ਕਿਸਾਨਾਂ ਵੱਲੋਂ ਦੇਸ ਦੇ ਅੰਨ ਭੰਡਾਰ ਭਰਨ, ਬਾਰਡਰਾਂ ਉੱਤੇ ਸੈਨਿਕਾਂ ਵੱਲੋਂ ਸਹੀਦੀ ਪਾਉਣ ਅਤੇ ਖੇਡਾਂ ਖਾਸ ਕਰਕੇ ਓਲੰਪਿਕਸ ਵਿੱਚ ਪੰਜਾਬੀਆਂ ਦੇ ਯੋਗਦਾਨ ਦਾ ਜ਼ਿਕਰ ਕੀਤਾ। ਮੀਤ ਹੇਅਰ ਨੇ ਹਾਕੀ ਖਿਡਾਰੀ ਬਲਬੀਰ ਸਿੰਘ ਸੀਨੀਅਰ, ਨਿਸਾਨੇਬਾਜ ਅਭਿਨਵ ਬਿੰਦਰਾ, ਅਰਸਦੀਪ ਸਿੰਘ ਤੱਕ ਜ਼ਿਕਰ ਕੀਤਾ। ਮੀਤ ਹੇਅਰ ਨੇ ਪੰਜਾਬ ਯੂਨੀਵਰਸਿਟੀ ਦੇ ਸਮਾਗਮ ਮੌਕੇ ਤੱਤਕਾਲੀ ਗ੍ਰਹਿ ਮੰਤਰੀ ਸਰਦਾਰ ਪਟੇਲ ਵੱਲੋਂ ਪੰਜਾਬੀਆਂ ਦੀ ਕੁਰਬਾਨੀ ਨੂੰ ਸਿਜਦਾ



ਕਰਨ ਦਾ ਜ਼ਿਕਰ ਕਰਦਿਆਂ ਪੰਜਾਬ ਨਾਲ ਕੇਂਦਰ ਦੀ ਵਿਤਕਰੇਬਾਜੀ ਅਤੇ ਗੁਆਂਢੀ ਸੂਬਿਆਂ ਨੂੰ ਟੈਕਸ ਰਿਆਇਤਾਂ ਦੇ ਕੇ ਪੰਜਾਬ ਦੇ ਉਦਯੋਗਾਂ ਨਾਲ ਧੱਕੇ ਦੀ ਗੱਲ ਕਹੀ। ਮੀਤ ਹੇਅਰ ਨੇ ਪੰਜਾਬ ਦੇ ਆਰ.ਡੀ.ਐੱਫ. ਸਮੇਤ ਰੋਕੇ 8000 ਕਰੋੜ ਰੁਪਏ ਦੇ ਫੰਡਾਂ ਨੂੰ ਜਾਰੀ ਕਰਨ ਦੀ ਮੰਗ ਰੱਖੀ। ਮੀਤ ਹੇਅਰ ਨੇ ਕੇਂਦਰੀ ਏਜੰਸੀਆਂ ਰਾਹੀਂ ਅਰਵਿੰਦ ਕੇਜਰੀਵਾਲ, ਮਨੀਸ ਸਿਸੋਦੀਆ, ਹੇਮੰਤ ਸੋਰੇਨ ਸਮੇਤ ਵਿਰੋਧੀ ਧਿਰ ਦੇ ਲੀਡਰਾਂ ਨੂੰ ਤੰਗ ਪ੍ਰੇਸਾਨ ਕਰਨ ਦਾ ਮੁੱਦਾ ਵੀ ਚੁੱਕਿਆ ਅਗਨੀਵੀਰ ਸਕੀਮ ਦਾ ਪਹਿਲਾ ਸਹੀਦ ਪੰਜਾਬੀ ਅੰਮ੍ਰਿਤਪਾਲ ਸਿੰਘ ਸੀ ਜਿਸ ਨੂੰ ਸਾਡੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਕ ਕਰੋੜ ਰੁਪਏ ਦੀ ਸਹਾਇਤਾ ਰਾਸੀ ਦਿੱਤੀ। ਮੀਤ ਹੇਅਰ ਨੇ ਮੁਲਾਜਮਾਂ ਦੇ ਹੱਕ ਵਿਚ ਬੋਲਦਿਆਂ ਪੁਰਾਣੀ ਪੈਨਸਨ ਸਕੀਮ ਬਹਾਲ ਕਰਨ ਦੀ ਮੰਗ ਰੱਖੀ। ਮੀਤ ਹੇਅਰ ਨੇ ਕਿਹਾ ਕਿ ਪੰਜਾਬੀ ਸਵੈਮਾਣ ਵਾਲੀ ਕੌਮ ਹੈ। ਉਹ ਭੀਖ ਨਹੀਂ ਮੰਗਦੇ ਪਰ ਆਪਣੇ ਹੱਕਾਂ ਲਈ ਆਵਾਜ ਬੁਲੰਦ ਕਰਦੇ ਹਨ। ਸਾਡੇ ਕਿਸਾਨਾਂ ਨੂੰ ਰੋਸ ਪ੍ਰਦਰਸ਼ਨ ਲਈ ਹਰਿਆਣਾ ਤੋਂ ਅੱਗੇ ਨਹੀ ਜਾਣ ਦਿੱਤਾ ਮੀਤ ਹੇਅਰ।

## ਇੰਡੋ ਵਰਲਡ ਇਮੀਗ੍ਰੇਸ਼ਨ 'ਚ ਭੰਨ-ਤੋੜ ਕਰਨ 'ਤੇ ਪਿਓ-ਧੀ ਸਣੇ ਅੱਧਾ ਦਰਜਨ ਲੋਕਾਂ 'ਤੇ ਕੇਸ ਦਰਜ

ਜਲੰਧਰ 13 ਜੁਲਾਈ। ਗੜ੍ਹਾ ਰੋਡ 'ਤੇ ਸਥਿਤ ਇੰਡੋ ਵਰਲਡ ਇਮੀਗ੍ਰੇਸ਼ਨ ਵਿਚ ਵੜ ਕੇ ਰਿਸੈਪਸ਼ਨ 'ਤੇ ਬੈਠੀ ਲੜਕੀ ਨਾਲ ਕੁੱਟਮਾਰ ਕਰਨ ਅਤੇ ਦਫਤਰ ਵਿਚ ਭੰਨਤੋੜ ਕਰਨ 'ਤੇ ਪਿਓ-ਧੀ ਸਮੇਤ ਅੱਧਾ ਦਰਜਨ ਲੋਕਾਂ ਖ਼ਿਲਾਫ ਥਾਣਾ ਨੰਬਰ 7 ਵਿਚ ਕੇਸ ਦਰਜ ਕੀਤਾ ਗਿਆ ਹੈ। ਫਿਲਹਾਲ ਕਿਸੇ ਦੀ ਗ੍ਰਿਫਤਾਰੀ ਨਹੀਂ ਹੋ ਸਕੀ। ਪੁਲਸ ਨਾਮਜਦ ਲੋਕਾਂ ਦੀ ਭਾਲ ਵਿਚ ਰੇਡ ਕਰ ਰਹੀ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਸੁਮਿਤ ਪੁੱਤਰ ਵਿਜੇ ਕੁਮਾਰ ਵਾਸੀ ਹੈਬੋਵਾਲ ਲੁਧਿਆਣਾ ਨੇ ਦੱਸਿਆ ਕਿ ਉਹ ਗੜ੍ਹਾ ਰੋਡ 'ਤੇ ਇੰਡੋ ਵਰਲਡ ਇਮੀਗ੍ਰੇਸ਼ਨ ਚਲਾਉਂਦਾ ਹੈ। ਕੁਝ ਦਿਨ ਪਹਿਲਾਂ ਉਸ ਦੇ ਆਫਿਸ ਵਿਚ ਬਠਿੰਡਾ ਵਾਸੀ ਪ੍ਰਭਜੋਤ ਕੌਰ, ਉਸ ਦੇ ਪਿਤਾ ਜਰਨੈਲ ਸਿੰਘ, ਸਾਥੀ ਸੁਖਮੀਤ ਸਿੰਘ, ਸੋਨੂੰ, ਸ਼ਮਸ਼ੇਰ ਸਿੰਘ, ਸਤਪਾਲ ਸਿੰਘ ਅਤੇ ਕੁਝ ਅਣਪਛਾਤੇ ਲੋਕਾਂ ਨੇ ਆਉਂਦੇ ਹੀ ਰਿਸੈਪਸ਼ਨ 'ਤੇ ਬੈਠੀ ਉਸ ਦੀ ਭੈਣ ਰਿਤਿਕਾ ਨਾਲ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਅਤੇ ਆਫਿਸ ਵਿਚ ਵੀ ਕਾਫੀ ਭੰਨਤੋੜ ਕੀਤੀ, ਜਿਸ ਕਾਰਨ ਉਨ੍ਹਾਂ ਦਾ ਕਾਫੀ ਨੁਕਸਾਨ ਹੋਇਆ। ਜਦੋਂ ਭੀੜ ਇਕੱਠੀ ਹੋਈ ਤਾਂ ਉਹ ਲੋਕ ਉਥੋਂ ਚਲੇ ਗਏ। ਇਸ ਬਾਰੇ ਥਾਣਾ ਨੰਬਰ 7 ਦੀ ਪੁਲਸ ਨੂੰ ਸ਼ਿਕਾਇਤ ਦਿੱਤੀ ਗਈ, ਜਿਸ ਦੀ ਜਾਂਚ ਤੋਂ ਬਾਅਦ ਪੁਲਸ ਨੇ ਸਾਰਿਆਂ ਖ਼ਿਲਾਫ ਕੇਸ ਦਰਜ ਕਰ ਲਿਆ ਹੈ। ਏ. ਐੱਸ. ਆਈ. ਮਹਿੰਦਰ ਸਿੰਘ ਦਾ ਕਹਿਣਾ ਹੈ ਕਿ ਜਲਦ ਹੀ ਮੁਲਜਮਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

## ਸਰਕਾਰੀ ਸਕੂਲ ਅਤੇ ਮੰਦਰ ਨਜ਼ਦੀਕ ਲੱਗੇ ਗੰਦਗੀ ਦੇ ਢੇਰ ਤੋਂ ਲੋਕ ਪ੍ਰੇਸ਼ਾਨ

ਤਰਨਤਾਰਨ 13 ਜੁਲਾਈ। ਸ਼੍ਰੀ ਠਾਕੁਰ ਦੁਆਰਾ ਮਦਨ ਮੋਹਨ ਮੰਦਰ ਨੇੜੇ ਸਰਕਾਰੀ ਐਲੀਮੈਂਟਰੀ ਸਕੂਲ ਵਿਖੇ ਕਈ ਦਿਨਾਂ ਤੱਕ ਕੂੜੇ ਦੇ ਢੇਰ ਦੀ ਸਫਾਈ ਨਾ ਹੋਣ ਦੇ ਚੱਲਦਿਆਂ ਮੁਹੱਲਾ ਨਿਵਾਸੀਆਂ ਅਤੇ ਸਕੂਲੀ ਬੱਚਿਆਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼ਿਵ ਸੈਨਾ ਬਾਲ ਠਾਕਰੇ ਦੇ ਸੂਬਾ ਮੀਤ ਪ੍ਰਧਾਨ ਅਸ਼ਵਨੀ ਕੁਮਾਰ ਕੁੱਕੂ ਤੋਂ ਇਲਾਵਾ ਹੋਰ ਵਿਅਕਤੀਆਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ਼੍ਰੀ ਠਾਕੁਰ ਦੁਆਰਾ ਮਦਨ ਮੋਹਨ ਮੰਦਰ ਚਾਰ ਖੰਭਾ ਚੌਕ ਨਜ਼ਦੀਕ ਸਰਕਾਰੀ ਐਲੀਮੈਂਟਰੀ ਸਕੂਲ ਦੇ ਬਾਹਰ ਬੀਤੇ ਕਈ ਦਿਨਾਂ ਤੋਂ ਕੂੜਾ ਕਰਕਟ ਦਾ ਢੇਰ ਲੱਗਾ ਹੋਇਆ ਹੈ, ਜਿਸ ਦੀ ਸਾਫ ਸਫਾਈ ਸਮੇਂ ਸਿਰ ਨਹੀਂ ਕੀਤੀ ਜਾਂਦੀ ਹੈ। ਇਸ ਕੂੜੇ ਦੇ ਢੇਰ ਕਾਰਨ ਫੈਲਦੀ ਗੰਦੀ ਬਦਬੂ ਦੇ ਚੱਲਦਿਆਂ ਜੀਣਾ ਮੁਹਾਲ ਹੋ ਚੁੱਕਾ ਹੈ। ਉਨ੍ਹਾਂ ਨਗਰ ਕੌਂਸਲ ਪ੍ਰਬੰਧਕਾਂ ਪਾਸੋਂ ਮੰਗ ਕੀਤੀ ਹੈ ਕਿ ਇਸ ਗੰਦਗੀ ਦੇ ਢੇਰ ਨੂੰ ਰੋਜ਼ਾਨਾ ਸਾਫ ਕੀਤਾ ਜਾਵੇ ਤਾਂ ਜੋ ਮੰਦਰ ਵਿਚ ਮੱਥਾ ਟੇਕਣ ਆਉਣ ਵਾਲੇ ਸ਼ਰਧਾਲੂਆਂ ਅਤੇ ਸਕੂਲੀ ਵਿਦਿਆਰਥੀਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

## 7 ਮਹੀਨੇ ਪਹਿਲਾਂ ਵਿਆਹੀ ਕੁੜੀ ਵੱਲੋਂ ਕੀਤੀ ਖੁਦਕੁਸ਼ੀ ਦਾ ਮਾਮਲਾ ਭਖਿਆ

ਜਲੰਧਰ 13 ਜੁਲਾਈ। ਕੈਂਟ ਦੇ ਸਾਬਕਾ ਕੌਂਸਲਰ ਭਰਤ ਜੌਲੀ ਦੀ ਪਤਨੀ ਸੁਨੈਨਾ ਵੱਲੋਂ ਖੁਦਕੁਸੀ ਕਰਨ ਦੇ ਮਾਮਲੇ ਵਿੱਚ ਕੋਈ ਕਾਰਵਾਈ ਨਾ ਕੀਤੇ ਜਾਣ ਮਗਰੋਂ ਪਰਿਵਾਰ ਨੇ ਵੀਰਵਾਰ ਦੁਪਹਿਰ ਨੂੰ ਭਗਵਾਨ ਵਾਲਮੀਕੀ ਚੌਕ ਵਿੱਚ ਲਾਸ ਰੱਖ ਕੇ ਪੁਲਸ ਖ਼ਿਲਾਫ ਰੋਸ ਪ੍ਰਦਰਸਨ ਕੀਤਾ। ਰੋਜਾਨਾ ਦੇ ਧਰਨੇ ਦੌਰਾਨ ਪਰਿਵਾਰ ਨੇ ਭਗਵਾਨ ਵਾਲਮੀਕਿ ਚੌਕ ਵਿਖੇ ਸੜਕ ਜਾਮ ਕਰ ਦਿੱਤੀ ਸੀ। ਸੂਚਨਾ ਮਿਲਦੇ ਹੀ ਥਾਣਾ 4 ਦੀ ਪੁਲਸ ਮੌਕੇ 'ਤੇ ਪਹੁੰਚ ਕੇ ਮਾਮਲੇ ਨਾਲ ਸੰਬੰਧ ਰੱਖਣ ਵਾਲੀ ਥਾਣਾ ਕੈਂਟ ਦੀ ਪਲਸ ਵੀ ਬੁਲਾ ਲਿਆ। ਮੌਕੇ ਉਤੇ ਪਹੁੰਚੇ ਥਾਣਾ ਕੈਂਟ ਦੇ ਇੰਚਾਰਜ ਗਗਨਦੀਪ ਸਿੰਘ ਸੇਖੋਂ ਨੇ ਮੁਲਜਮਾਂ ਨੂੰ ਜਲਦੀ ਗ੍ਰਿਫਤਾਰ ਕਰਨ ਦਾ ਭਰੋਸਾ ਦਿੱਤਾ। ਇਸ ਮਗਰੋਂ ਪਰਿਵਾਰ ਨੇ ਪੁਲਸ ਦੇ 'ਤੇ ਭਰੋਸੇ ਧਰਨਾ ਚੁੱਕ ਲਿਆ। ਮੌਕੇ 'ਤੇ ਪਹੁੰਚੇ ਗਗਨਦੀਪ ਸਿੰਘ ਸੇਖੋਂ ਨੇ ਦੱਸਿਆ ਕਿ ਉਨ੍ਹਾਂ ਨੂੰ ਬੀਤੇ ਦਿਨ ਹਸਪਤਾਲ ਤੋਂ ਸੂਚਨਾ ਮਿਲੀ ਸੀ ਕਿ ਕੁੜੀ ਨੇ ਫਾਹਾ ਲੈ ਕੇ ਖੁਦਕੁਸੀ ਕਰ ਲਈ ਹੈ। ਜਿਸ 'ਤੇ ਉਨ੍ਹਾਂ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਕਾਰਵਾਈ ਕਰਦੇ ਹੋਏ 7 ਦੋਸੀਆਂ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ।

## 18 ਬੋਤਲਾਂ ਅੰਗਰੇਜੀ ਸ਼ਰਾਬ ਅਤੇ 48 ਕੈਨ ਬੀਅਰ ਸਣੇ 1 ਵਿਅਕਤੀ ਕਾਬੂ

ਜਲਾਲਾਬਾਦ 13 ਜੁਲਾਈ। ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਸਥਾਨਕ ਸ਼ਹਿਰ ਵਿਚ ਸਟੂਡੈਂਟ ਪੁਆਇੰਟ ਦੇ ਨਜਦੀਕ ਤੋਂ ਭਾਰੀ ਮਾਤਰਾ ਵਿਚ ਅੰਗਰੇਜੀ ਸ਼ਰਾਬ ਸਮੇਤ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਬਿਸ਼ਨ ਰਾਮ ਨੇ ਦੱਸਿਆ ਕਿ ਪੁਲਸ ਪਾਰਟੀ ਸਮੇਤ ਥਾਣਾ ਸਿਟੀ ਏਰੀਏ ਵਿਖੇ ਗਸ਼ਤ ਦੌਰਾਨ ਪਹੁੰਚੇ ਤਾਂ ਥਾਣੇ ਦੇ ਮੁੱਖ ਮੁਨਸ਼ੀ ਦਾ ਇਕ ਟੈਲੀਫੋਨ ਆਇਆ ਕਿ ਅਕਸਾਇਜ ਇੰਸਪੈਕਟਰ ਗੁਰਤੇਜ ਸਿੰਘ ਨੇ ਸਮੇਤ ਪੁਲਸ ਪਾਰਟੀ ਦੇ ਸੁਨੀਲ ਪੁੱਤਰ ਕਰਨ ਸਿੰਗ ਵਾਸੀ ਰਠੋੜਾ ਵਾਲਾ ਮੁਹੱਲਾ ਜਲਾਲਾਬਾਦ ਨੂੰ ਅੰਗਰੇਜੀ ਸ਼ਰਾਬ ਸਮੇਤ ਕਾਬੂ ਕੀਤਾ ਗਿਆ ਹੈ। ਜਦਕਿ ਉਸ ਦਾ ਇਕ ਸਾਥੀ ਮੌਕੇ ਤੋਂ ਫਰਾਰ ਹੋ ਗਿਆ। ਪੁਲਸ ਨੇ ਇਸ ਵਿਅਕਤੀ ਤੋਂ 12 ਬੋਤਲਾਂ ਬਲੈਂਡਰ ਪਰਾਈਡ (750 ਐੱਮ. ਐੱਲ), ਰਾਇਲ ਸਟੈਗ 6 ਬੋਤਲਾਂ (750 ਐੱਮ. ਐੱਲ), ਬੀਅਰ ਬੈਡਵਾਇਜਰ 24 ਕੈਨ (500 ਐੱਮ. ਐੱਲ.) ਅਤੇ 24 ਕੈਨ ਮਿਲਰ (500 ਐੱਮ. ਐੱਲ) ਬਰਾਮਦ ਕੀਤੀ ਗਈ ਹੈ। ਥਾਣਾ ਸਿਟੀ ਜਲਾਲਾਬਾਦ ਵਿਖੇ ਸੁਨੀਲ ਸਿੰਘ ਪੁੱਤਰ ਕਰਨ ਸਿੰਘ ਵਾਸੀ ਮੁਹੱਲਾ ਰਠੋਡਾਵਾਲਾ ਅਤੇ ਜਨਕ ਰਾਜ ਵਾਸੀ ਪੰਜੇਕਾ ਦੇ ਖ਼ਿਲਾਫ ਮੁਕੱਦਮਾ ਪਰਚਾ ਦਰਜ ਕੀਤਾ ਗਿਆ ਹੈ।

# ਸਿਹਤ ਵਿਭਾਗ ਦੇ ਅਧਿਕਾਰੀ ਸਮੇਤ ਤਿੰਨ ਕਰਮਚਾਰੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫਤਾਰ

**ਏਜੰਸੀਆਂ**

ਪਾਤੜਾਂ 13 ਜੁਲਾਈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੁਰੂ ਕੀਤੇ ਭ੍ਰਿਸਟਾਚਾਰ ਮੁਕਤ ਮਿਸਨ ਤਹਿਤ ਪੰਜਾਬ ਵਿਜੀਲੈਂਸ ਬਿਊਰੋ ਨੇ ਸਥਾਨਕ ਸ਼ਹਿਰ ਦੇ ਇਕ ਪ੍ਰਾਈਵੇਟ ਡਾਕਟਰ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਸਿਕ੍ਰੇਟ ਮਿਸਨ ਅਧੀਨ ਛਾਪਾਮਾਰੀ ਕਰਕੇ ਦੇਰ ਰਾਤ ਸਿਹਤ ਅਤੇ ਪਰਿਵਾਰ ਭਲਾਈ ਅਫਸਰ ਸਮੇਤ ਤਿੰਨ ਕਰਮਚਾਰੀਆਂ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ। ਇਥੇ ਇਹ ਜ਼ਿਕਰਯੋਗ ਹੈ ਕਿ ਵਿਜੀਲੈਂਸ ਬਿਊਰੋ ਵੱਲੋਂ ਕਾਬੂ ਕੀਤਾ ਗਿਆ ਅਧਿਕਾਰੀ ਅਤੇ ਦੂਜੇ ਕਰਮਚਾਰੀ ਗਰਭ ਵਿਚ ਲੜਕਾ ਲੜਕੀ ਦੱਸਣ ਵਾਲੇ ਅਲਟਰਾਸਾਊਂਡ ਨੂੰ ਨੱਥ ਪਾਉਣ ਲਈ ਗਠਿਤ ਕੀਤੀ ਪੰਜਾਬ ਹਰਿਆਣਾ ਦੀ ਸਿਹਤ ਵਿਭਾਗ ਟੀਮ ਦੇ ਮੈਂਬਰ ਦੱਸੇ ਗਏ ਹਨ। ਸਹਿਰ ਪਾਤੜਾਂ ਦੇ ਪ੍ਰਾਈਵੇਟ ਡਾਕਟਰ ਅਸ਼ੋਕ ਕੁਮਾਰ ਨੇ ਦੱਸਿਆ ਕਿ ਕੁੱਝ ਮਹੀਨੇ ਪਹਿਲਾਂ ਹਰਿਆਣਾਂ ਦੇ ਡਾਕਟਰਾਂ ਦੀ ਟੀਮ ਨੇ ਮੇਰੀ ਕਲੀਨਿਕ 'ਤੇ ਛਾਪੇਮਾਰੀ ਕੀਤੀ ਸੀ ਪਰ ਮੇਰੇ ਕੋਲੋਂ ਕੁੱਝ ਵੀ ਗੈਰ ਕਾਨੂੰਨੀ ਨਾਂ ਮਿਲਣ 'ਤੇ ਵਾਪਸ ਗਏ ਡਾਕਟਰਾਂ ਦੀ ਟੀਮ 'ਚੋਂ ਇਕ ਮੁੱਖ ਡਾਕਟਰ ਦਾ ਡਰਾਇਵਰ ਮੈਨੂੰ ਵਟਸਐਪ ਕਾਲ ਰਾਹੀਂ ਕਥਿਤ ਸੈਟਿੰਗ ਕਰਨ ਦੀਆਂ ਗੱਲਾਂ ਕਰਕੇ ਹਰ ਤਰ੍ਹਾਂ ਗੈਰ ਕਾਨੂੰਨੀ ਕੰਮ ਅਲ਼ਟਰਾਸਾਊਂਡ ਕਰਨ ਲਈ ਮਜਬੂਰ ਕਰਨ ਲੱਗ ਪਿਆ ਅਤੇ ਮੇਰੇ ਵੱਲੋਂ ਵਾਰ-ਵਾਰ ਜਵਾਬ ਦੇਣ ਉਪਰੰਤ ਉਸਨੇ ਕਿਹਾ ਕਿ ਡਾਕਟਰਾਂ ਦੀ ਟੀਮ ਕੋਲ ਬਹੁਤ ਤਾਕਤ ਹੈ, ਤੇਰੇ 'ਤੇ ਕੋਈ ਨਾ ਕੋਈ ਕੇਸ ਦਰਜ



ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੈਂ ਇਸ ਮਗਰੋਂ ਡਰਦਿਆਂ ਉਸ ਵਿਅਕਤੀ ਵਲੋਂ ਦਿੱਤੇ ਗਏ ਗੂਗਲ ਪੇ ਨੰਬਰ 'ਤੇ ਇਕ ਵਾਰ 35 ਹਜਾਰ ਅਤੇ ਇਕ ਵਾਰ 10 ਹਜਾਰ ਰੁਪਏ ਖਾਤੇ ਵਿਚ ਪਾਏ ,ਜਿਸ ਦੀ ਕਾਲ ਰਿਕਾਡਿੰਗ ਅੱਜ ਵੀ ਮੇਰੇ ਕੋਲ ਮੌਜੂਦ ਹੈ। ਉਨ੍ਹਾਂ ਕਿਹਾ ਕਿ ਇਸ ਲੈਣ ਦੇਣ ਪਿੱਛੋਂ ਕਥਿਤ ਡਰਾਇਵਰ ਨੇ ਮੈਨੂੰ ਲੁਧਿਆਣਾ ਵਿਖੇ ਤਾਇਨਾਤ ਸਿਹਤ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨਾਲ ਮਿਲਾਇਆ ਜਿਸ ਨੇ ਸਾਰਾ ਲੈਣ ਦੇਣ ਇਸ ਡਰਾਇਵਰ ਰਾਹੀਂ ਕਰਨ ਦੀ ਗੱਲ ਤਹਿ ਕਰਕੇ ਹਰ ਤਰ੍ਹਾਂ ਦਾ ਗੈਰ ਕਾਨੂੰਨੀ ਅਤੇ ਗਲਤ ਕੰਮ ਕਰਨ ਲਈ ਕਹਿੰਦੇ ਹੋਏ ਕਿਹਾ ਕਿ ਕਿਸੇ ਦੀ ਪਰਵਾਹ ਨਹੀਂ ਕਰਨੀ। ਉਨ੍ਹਾਂ ਦੱਸਿਆ ਕਿ ਕੁਝ ਸਮੇਂ ਪਿੱਛੋਂ ਸਿਹਤ ਵਿਭਾਗ ਦੇ ਅਧਿਕਾਰੀ ਦਾ ਇਹ ਕਥਿਤ ਸਰਕਾਰੀ ਡਰਾਇਵਰ 70 ਹਜਾਰ ਰੁਪਏ ਦੀ ਮੰਗ ਕਰਨ ਲੱਗ ਪਿਆ ਜਿਸ ਦੀ ਸੂਚਨਾ ਮੈਂ ਵਿਜੀਲੈਂਸ ਦੇ ਆਈ. ਜੀ. ਨੂੰ ਦਿੱਤੀ ਅਤੇ ਉਨ੍ਹਾਂ ਵੱਲੋਂ ਗਠਿਤ ਕੀਤੀ ਡੀ.ਐੱਸ.ਪੀ ਵਰਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਟੀਮ ਨੇ ਮੇਰੇ ਤੋਂ ਪੈਸੇ ਲੈਣ ਆਏ 2 ਪੰਜਾਬ ਦੇ ਅਤੇ 2 ਹਰਿਆਣਾਂ ਦੇ ਸਿਹਤ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਰੰਗੇ ਹੱਥੀਂ ਕਾਬੂ ਕੀਤਾ। ਜਿਨ੍ਹਾਂ ਵਿਚ ਇਕ ਸਿਹਤ ਅਤੇ ਪਰਿਵਾਰ ਭਲਾਈ ਅਫਸਰ ਵੀ ਸ਼ਾਮਲ ਹੈ। ਇਸ ਮਾਮਲੇ ਬਾਰੇ ਵਰਿੰਦਰ ਸਿੰਘ ਗਿੱਲ ਡੀ.ਐੱਸ.ਪੀ. ਵਿਜੀਲੈਂਸ ਬਿਓਰੋ ਨੇ ਦੱਸਿਆ ਕਿ ਪਾਤੜਾਂ ਦੇ ਇਕ ਪ੍ਰਾਈਵੇਟ ਡਾਕਟਰ ਦੀ ਸ਼ਕਾਇਤ 'ਤੇ 70 ਹਜਾਰ ਦੀ ਰਿਸ਼ਵਤ ਲੈਂਦਿਆਂ ਸਿਹਤ ਵਿਭਾਗ ਦੇ 4 ਕਰਮਚਾਰੀਆਂ ਨੂੰ ਰੰਗੇ ਹੱਥੀਂ ਕਾਬੂ ਕੀਤਾ ਹੈ ਜਿਨ੍ਹਾਂ ਦੇ ਨਾਮ ਬਾਅਦ ਵਿਚ ਜਨਤਕ ਕਰ ਦਿੱਤੇ ਜਾਣਗੇ।

# ਇਸ ਬੀਮਾਰੀ ਨਾਲ 18 ਦਿਨਾਂ 'ਚ ਹੋ ਜਾਂਦੀ ਹੈ ਮਰੀਜ ਦੀ ਮੌਤ

**ਏਜੰਸੀਆਂ**

ਜਲੰਧਰ/ਕੇਰਲ 13 ਜੁਲਾਈ। ਕੇਰਲ 'ਚ ਅੱਜ ਕੱਲ ਇਨਸਾਨੀ ਦਿਮਾਗ ਨੂੰ ਖਾਣ ਵਾਲੇ ਅਮੀਬਾ ਦੇ ਇਨਫੈਕਸ਼ਨ ਦਾ ਖੌਫ ਵਧਦਾ ਜਾ ਰਿਹਾ ਹੈ। ਇਸ ਨੂੰ ਮੈਡੀਕਲ ਸਾਇੰਸ ਦੀ ਭਾਸ਼ਾ 'ਚ 'ਪ੍ਰਾਇਮਰੀ ਅਮੀਬਿਕ ਮੇਨਿੰਗੋਇੰਜੇਫਲਾਈਟਿਸ' (ਪੀ.ਏ.ਐੱਮ.) ਕਿਹਾ ਜਾਂਦਾ ਹੈ। ਸੂਬੇ 'ਚ ਪਿਛਲੇ 2 ਮਹੀਨਿਆਂ 'ਚ 4 ਮਾਮਲੇ ਸਾਹਮਣੇ ਆਏ ਹਨ, ਜਿਸ 'ਚ 3 ਦੀ ਮੌਤ ਹੋ ਚੁੱਕੀ ਹੈ। ਰਿਪੋਰਟ ਕੀਤੇ ਗਏ ਸਾਰੇ 4 ਮਾਮਲਿਆਂ 'ਚ ਬੱਚੇ ਹੀ ਪੀੜਤ ਹਨ। ਸੂਬੇ 'ਚ ਇਸ ਘਾਤਕ ਬੀਮਾਰੀ ਨੂੰ ਲੈ ਕੇ ਹਾਈ ਅਲਰਟ ਜਾਰੀ ਕੀਤਾ ਗਿਆ ਹੈ। ਸੰਯੁਕਤ ਰਾਜ ਅਮਰੀਕਾ 'ਚ ਰੋਗ ਕੰਟਰੋਲ ਅਤੇ ਰੋਕਥਾਮ ਕੇਂਦਰ (ਸੀ. ਡੀ. ਸੀ.) ਅਨੁਸਾਰ ਪੀ.ਏ.ਐੱਮ. ਆਮ ਤੌਰ 'ਤੇ 5 ਦਿਨਾਂ ਦੇ ਅੰਦਰ ਕੋਮਾ ਅਤੇ ਮੌਤ ਦਾ ਕਾਰਨ ਬਣਦਾ ਹੈ। ਜ਼ਿਆਦਾਤਰ ਪੀੜਤ 1 ਤੋਂ 18 ਦਿਨਾਂ ਦੇ ਅੰਦਰ ਮਰ ਜਾਂਦੇ ਹਨ ਅਤੇ ਇਸ ਇਨਫੈਕਸ਼ਨ ਤੋਂ ਪ੍ਰਭਾਵਿਤ 97 ਫੀਸਦੀ ਲੋਕਾਂ ਦਾ ਬਚਣਾ ਮੁਸ਼ਕਿਲ ਹੁੰਦਾ ਹੈ। ਸਿਹਤ ਅਧਿਕਾਰੀਆਂ ਦੇ ਹਵਾਲੇ ਨਾਲ ਰਿਪੋਰਟ 'ਚ ਕਿਹਾ ਗਿਆ ਹੈ ਕਿ ਇਨਫੈਕਸ਼ਨ ਦਾ ਪਤਾ ਸਭ ਤੋਂ ਪਹਿਲਾਂ 2016 'ਚ ਅਲਪੁੱਝਾ ਨਗਰ ਪਾਲਿਕਾ 'ਚ ਲੱਗਾ ਸੀ। ਇਨਫੈਕਸ਼ਨ ਆਮ ਤੌਰ 'ਤੇ ਉਦੋਂ ਹੁੰਦਾ ਹੈ, ਜਦ ਲੋਕ ਗਰਮੀਆਂ ਦੌਰਾਨ ਝੀਲਾਂ, ਤਲਾਬਾਂ ਜਾਂ ਨਦੀਆਂ 'ਚ ਤੈਰਨ ਜਾਂਦੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਜੇ ਵਾਤਾਵਰਨ ਦਾ ਤਾਪਮਾਨ ਜ਼ਿਆਦਾ ਅਤੇ ਪਾਣੀ ਦਾ ਪੱਧਰ ਘੱਟ ਹੋਵੇ ਤਾਂ ਇਨਫੈਕਸ਼ਨ ਹੋ ਸਕਦਾ ਹੈ। ਅਮੀਬਾ ਨੱਕ ਰਾਹੀਂ ਸਰੀਰ 'ਚ ਦਾਖਲ ਹੁੰਦਾ ਹੈ ਅਤੇ ਦਿਮਾਗ ਤੱਕ



ਪਹੁੰਚਦਾ ਹੈ, ਜਿਥੇ ਇਹ ਦਿਮਾਗ ਦੇ ਟਿਸ਼ੂਜ ਨੂੰ ਨਸ਼ਟ ਕਰ ਦਿੰਦਾ ਹੈ ਅਤੇ ਸੋਜ਼ਿਸ਼ ਦਾ ਕਾਰਨ ਬਣਦਾ ਹੈ। ਸੀ. ਡੀ. ਸੀ. ਦੀ ਰਿਪੋਰਟ ਹੈ ਕਿ ਪੀ.ਏ.ਐੱਮ. ਦੇ ਸ਼ੁਰੂਆਤੀ ਲੱਛਣਾਂ 'ਚ ਸਿਰ ਪੀੜ, ਬੁਖਾਰ, ਮਨ ਖਰਾਬ ਹੋਣਾ ਅਤੇ ਉਲਟੀ ਸ਼ਾਮਲ ਹਨ। ਇਹ ਸਥਿਤੀ ਤੇਜੀ ਨਾਲ ਵਧ ਸਕਦੀ ਹੈ, ਜਿਸ ਦੇ ਨਤੀਜੇ ਵਜੋਂ ਬਾਅਦ 'ਚ ਗਰਦਨ 'ਚ ਅਕੜਨ, ਭੁਲੇਖਾ, ਧਿਆਨ ਅਤੇ ਸੰਤੁਲਨ ਦੀ ਕਮੀ ਨਾਲ ਹੀ ਵਹਿਮ ਵਰਗੇ ਲੱਛਣ ਦਿਖਾਈ ਦਿੰਦੇ ਹਨ। ਇਨਫੈਕਸ਼ਨ ਦਾ ਇਲਾਜ ਦਿਮਾਗ ਦੇ ਤਰਲ ਦੇ ਪੀ. ਸੀ. ਆਰ. ਪ੍ਰੀਖਣਾਂ ਰਾਹੀਂ ਕੀਤਾ ਜਾ ਸਕਦਾ ਹੈ। ਹਾਲਾਂਕਿ ਪੀ. ਏ. ਐੱਮ. ਦੁਰਲੱਭ ਹੈ, ਇਸ ਲਈ ਕਦੇ-ਕਦੇ ਇਸ ਦਾ ਪਤਾ ਲਗਾਉਣਾ ਚੁਣੌਤੀਪੂਰਨ ਹੋ ਸਕਦਾ ਹੈ। ਕੰਨ ਦੇ ਇਨਫੈਕਸ਼ਨ ਵਾਲੇ ਬੱਚਿਆਂ ਨੂੰ ਤਾਲਾਬਾਂ ਜਾਂ ਖੜ੍ਹੇ ਪਾਣੀ 'ਚ ਨਹਾਉਣ ਜਾਂ ਗੋਤਾ ਲਗਾਉਣ ਤੋਂ ਮਨਾ ਕੀਤਾ ਗਿਆ ਹੈ। ਅਜਿਹਾ ਇਸ ਲਈ ਹੈ ਕਿਉਂਕਿ ਅਮੀਬਾ ਨੱਕ ਅਤੇ ਦਿਮਾਗ ਨੂੰ ਵੱਖ ਕਰਨ ਵਾਲੀ ਝਿੱਲੀ ਦੇ ਛਿਦਰਾਂ ਜਾਂ ਕੰਨ ਦੇ ਪਰਦੇ 'ਚ ਸੰਭਾਵੀ ਛਿਦਰਾਂ ਰਾਹੀਂ ਦਿਮਾਗ 'ਚ ਦਾਖਲ ਹੋ ਸਕਦਾ ਹੈ। ਵਾਟਰ ਥੀਮ ਪਾਰਕ ਅਤੇ ਸਵੀਮਿੰਗ ਪੂਲ ਦੇ ਸੰਚਾਲਕਾਂ ਨੂੰ ਰੈਗੂਲਰ ਤੌਰ 'ਤੇ ਪਾਣੀ 'ਚ ਕਲੋਰੀਨੇਸ਼ਨ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ। ਇਨਫੈਕਸ਼ਨ ਤੋਂ ਬਚਣ ਲਈ ਤਾਜੇ ਪਾਣੀ 'ਚ ਛਾਲ ਮਾਰਨ ਲੱਗੇ ਜਾਂ ਗੋਤਾ ਲਾਉਣ ਸਮੇਂ ਨੱਕ ਨੂੰ ਫੜਨਾ ਚਾਹੀਦਾ ਜਾਂ ਨੱਕ 'ਤੇ ਕਲਿੱਪ ਲਾਉਣਾ ਚਾਹੀਦਾ। ਮੌਜੂਦਾ ਸਮੇਂ 'ਚ ਕੋਈ ਮਾਣਕ ਇਲਾਜ ਤਕਨੀਕ ਮੁਹੱਈਆ ਨਹੀਂ ਹੈ। ਇਸ ਲਈ ਡਾਕਟਰ ਸੀ. ਡੀ. ਸੀ. ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹਨ। ਸੂਤਰਾਂ ਦੇ ਹਵਾਲੇ ਨਾਲ ਇਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਸੂਬੇ ਦੇ ਸਿਹਤ ਵਿਭਾਗ ਨੇ ਇਨਫੈਕਟਿਡ ਲੋਕਾਂ ਦੇ ਇਲਾਜ ਲਈ ਜਰਮਨੀ ਤੋਂ ਮਿਲਟੇਫੋਸਿਨ ਨਾਂ ਦੀ ਇਕ ਵਿਆਪਕ ਸਪੈਕਟ੍ਰਮ ਐਂਟੀਬਾਇਓਟਿਕ ਦਵਾਈ ਖਰੀਦੀ ਹੈ। ਬਾਲ ਰੋਗ ਮਾਹਿਰਾਂ ਅਨੁਸਾਰ ਹੋਰ ਸ਼ਿਫਾਰਿਸ਼ ਕੀਤੀਆਂ ਦਵਾਈਆਂ ਤੋਂ ਇਲਾਵਾ ਏਜੀਥ੍ਰੋਮਾਈਸਿਨ ਅਤੇ ਅਮਫੋਟੇਰਿਸਿਨ ਬੀ ਵੀ ਮੁਹੱਈਆ ਹੈ।ਕੋਝੀਕੋਡ ਦੇ ਸਰਕਾਰੀ ਮੈਡੀਕਲ ਕਾਲਜ ਹਸਪਤਾਲ 'ਚ ਬਾਲ ਰੋਗ ਦੀ ਵਧੀਕ ਪ੍ਰੋਫੈਸਰ ਐੱਮ. ਪੀ. ਜੈਕ੍ਰਿਸ਼ਨਨ ਦਾ ਕਹਿਣਾ ਹੈ ਕਿ ਪੂਰੀ ਦੁਨੀਆ 'ਚ ਅਜਿਹੇ ਮਾਮਲਿਆਂ 'ਚ ਵਾਧਾ ਹੋਇਆ ਹੈ। ਉਹ ਕਹਿੰਦੀ ਹੈ ਕਿ ਵਾਤਾਵਰਨ ਦਾ ਗਰਮ ਹੋਣਾ ਅਤੇ ਗੰਦੇ ਜਲ ਸ੍ਰੋਤ ਅਮੀਬਾ ਇਨਫੈਕਸ਼ਨ ਲਈ ਜ਼ਿੰਮੇਵਾਰ ਕੁਝ ਕਾਰਕ ਹੋ ਸਕਦੇ ਹਨ। ਅਮੀਬਾ ਦੀ ਇਹ ਵਿਸ਼ੇਸ਼ ਸ਼੍ਰੇਣੀ ਗਰਮ ਪਾਣੀ 'ਚ ਜ਼ਿਆਦਾ ਸਰਗਰਮ ਪਾਈ ਜਾਂਦੀ ਹੈ। ਪ੍ਰਾਇਮਰੀ ਅਮੀਬਿਕ ਮੇਨਿੰਗੋਇੰਜੇਫਲਾਈਟਿਸ (ਪੀ. ਏ. ਐੱਮ.) ਇਕ ਦੁਰਲੱਭ ਦਿਮਾਗ ਦਾ ਇਨਫੈਕਸ਼ਨ ਹੈ ਜੋ ਇਕ ਮੁਕਤ-ਜੀਵਤ ਅਮੀਬਾ ਜਾਂ ਇਕ-ਸੈੱਲ ਵਾਲੇ ਜੀਵਾਣੂ ਦੇ ਕਾਰਨ ਹੁੰਦਾ ਹੈ, ਜਿਸ ਨੂੰ ਨੇਗਲੇਰੀਆ ਫਾਊਲਰੀ ਕਿਹਾ ਜਾਂਦਾ ਹੈ। ਨੇਗਲੇਰੀਆ ਫਾਊਲਰੀ ਸੰਸਾਰ ਭਰ 'ਚ ਗਰਮ ਤਾਜੇ ਪਾਣੀ ਅਤੇ ਮਿੱਟੀ 'ਚ ਰਹਿੰਦਾ ਹੈ ਅਤੇ ਨੱਕ ਰਾਹੀਂ ਸਰੀਰ 'ਚ ਦਾਖਲ ਹੁੰਦਾ ਹੈ ਅਤੇ ਲੋਕਾਂ ਨੂੰ ਇਨਫੈਕਟਿਡ ਕਰਦਾ ਹੈ। ਇਹ ਆਮ ਤੌਰ 'ਤੇ 46 ਡਿਗਰੀ ਸੈਂਟੀਗਰੇਡ ਦੇ ਤਾਪਮਾਨ 'ਚ ਵਿਕਸਿਤ ਹੁੰਦਾ ਹੈ ਅਤੇ ਇਸ ਤੋਂ ਵੱਧ ਤਾਪਮਾਨ 'ਚ ਵੀ ਥੋੜ੍ਹੇ ਸਮੇਂ ਲਈ ਜਿਉਂਦਾ ਰਹਿ ਸਕਦਾ ਹੈ।

## ਗੁਰੂ ਨਗਰੀ 'ਚ ਮੌਸਮ ਨੇ ਬਦਲਿਆ ਮਿਜਾਜ, ਹਲਕੀ ਬਾਰਿਸ ਨਾਲ ਸਹਿਰ ਵਾਸੀਆਂ ਦੇ ਖਿੜੇ ਚਿਹਰੇ

ਅੰਮ੍ਰਿਤਸਰ 13 ਜੁਲਾਈ। ਗੁਰੂ ਨਗਰੀ ਵਿਖੇ ਹੋਈ ਧੜੱਲੇਦਾਰ ਬਾਰਿਸ ਨਾਲ ਸਹਿਰ ਵਾਸੀਆਂ ਦੇ ਚਿਹਰੇ ਖਿੜੇ ਨਜਰ ਆਏ। ਦੱਸ ਦੇਈਏ ਸਹਿਰ 'ਚ ਬੁੱਧਵਾਰ ਦੀ ਸਵੇਰ ਤੋਂ ਹੀ ਛਾਏ ਬੱਦਲਾਂ ਨੇ ਲੋਕਾਂ ਨੂੰ ਕੁਝ ਰਾਹਤ ਦਿੱਤੀ ਅਤੇ ਬਾਅਦ ਦੁਪਹਿਰ ਤੋਂ ਹੋਈ ਮੁਸਲਾਧਾਰ ਬਾਰਿਸ ਨਾਲ ਸੜਕਾਂ 'ਤੇ ਛੋਟੇ ਬੱਚਿਆਂ ਤੋਂ ਲੈ ਕੇ ਹਰੇਕ ਵਿਅਕਤੀ ਮੀਂਹ ਨਾਲ ਨਹਾਉਂਦਾ ਦਿਖਾਈ ਦਿੱਤਾ। ਪਿਛਲੇ ਦਿਨਾਂ ਦੀ ਗਰਮੀ ਨੇ ਜਿੱਥੇ ਤਾਪਮਾਨ ਬਹੁਤ ਵਧਾ ਦਿੱਤਾ ਸੀ ਉੱਥੇ ਹੀ ਇਸ ਹੋਈ ਭਾਰੀ ਬਾਰਿਸ ਨੇ ਤਾਪਮਾਨ ਵਿੱਚ ਬਹੁਤ ਜ਼ਿਆਦਾ ਗਿਰਾਵਟ ਲਿਆ ਦਿੱਤੀ। ਮੌਸਮ ਵਿਭਾਗ ਦੀ ਗੱਲ ਸੁਣੀਏ ਤਾਂ ਕਿਹਾ ਜਾ ਰਿਹਾ ਹੈ ਕਿ ਗੁਰੂ ਨਗਰੀ ਵਿਖੇ ਹੋਈ ਇਹ ਬਰਸਾਤ ਅਗਲੇ 24 ਘੰਟਿਆਂ ਵਿੱਚ ਹੋਰ ਵੀ ਵੱਧ ਪੈ ਸਕਦੀ ਹੈ। ਪਰ ਦੂਸਰੇ ਪਾਸੇ ਸਹਿਰ ਦੀਆਂ ਅੰਦਰੂਨੀ ਗਲੀਆਂ ਬਾਜਾਰ ਦੇਖੀਏ ਤਾਂ ਅੱਜ ਕੁਝ ਸਮੇਂ ਦੀ ਹੋਈ ਬਰਸਾਤ ਨੇ ਹੀ ਪਾਣੀ ਪਾਣੀ ਕਰ ਦਿੱਤੀਆਂ ਹਨ। ਜਿਸ ਨਾਲ ਲੋਕ ਨਿਗਮ ਪ੍ਰਸਾਸਨ ਨੂੰ ਕੋਸਦੇ ਨਜਰ ਆ ਰਹੇ ਸਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਧਾਰਮਿਕ ਸਥਾਨਾਂ ਤੇ ਦਰਸਨ ਕਰਨ ਆਉਣ ਵਾਲੇ ਸਰਧਾਲੂਆਂ ਦੀ ਗਿਣਤੀ ਵੀ ਘੱਟ ਨਜਰ ਆਈ । ਗਰਮੀ ਕਰਕੇ ਜਿੱਥੇ ਲੋਕ ਘਰੋਂ ਘੱਟ ਨਿਕਲਣਾ ਪਸੰਦ ਕਰਦੇ ਸਨ ਉੱਥੇ ਹੀ ਅੱਜ ਇਕ ਦਮ ਸੁਰੂ ਹੋਈ ਬਾਰਿਸ ਨੇ ਇਲਾਕਾ ਨਿਵਾਸੀਆਂ ਨੂੰ ਕਾਫੀ ਰਾਹਤ ਪ੍ਰਦਾਨ ਕੀਤੀ ਪਰ ਇਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਰਧਾਲੂਆਂ ਦੀ ਗਿਣਤੀ ਕਾਫੀ ਘੱਟ ਨਜਰ ਆਈ।